ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥
ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥

JAN 1993

ੴ ੴ

## ਸਚੁ ਪਰਮੇਸਰੁ
## ਨਿਤ ਨਵਾਂ
## ਗੁਰ ਕਿਰਪਾ ਤੇ ਨਿਤ ਚਵਾਂ

ਜਨਵਰੀ ੧੯੯੩

ਨਵਾਂ ਸਾਲ ਪੰਥ ਦੀ ਚੜ੍ਹਦੀ ਕਲਾ ਲਈ ਤਦੇ ਸਹਾਈ ਹੈ

www.AKJ.Org

ਜਾਗਤ ਜੋਤਿ ਜਪੈ ਨਿਸ ਬਾਸੁਰ ਏਕੁ ਬਿਨਾ ਮਨ ਨੈਕ ਨ ਆਨੈ ॥

# ਤਤਕਰਾ


| | | |
|---|---|---|
| ਗੁਰਮੁਖਿ ਗਾਡੀ ਰਾਹੁ ਚਲੰਦਾ (ਨਵੇਂ ਸਾਲ ਦਾ ਉਪਦੇਸ਼) | ੩ | ਭਾ: ਸਾ: ਭਾਈ ਗੁਰਦਾਸ ਜੀ |
| ਗੁਰ-ਮੰਤ੍ਰ ਅਤੇ ਗੁਰਬਾਣੀ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| 1993 ਦੇ ਨਵੇਂ ਸਾਲ ਲਈ ਸੁਨੇਹਾ | ੮ | ਪ੍ਰਿੰਸੀਪਲ ਗੁਰਮੁਖ ਸਿੰਘ ਜੀ |
| ਇਆਣੇ ਵੀਰ ਪ੍ਰੀਤਮ ਸਿੰਘ ਜੀ 'ਨਿਆਣਾ' | ੧੦ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| 'ਗਿਆਨ' ਕੁੰਡਾ | ੧੪ | ਪ੍ਰੋਫੈਸਰ ਹਰਬੰਸ ਸਿੰਘ ਜੀ |
| ਹਰਿ ਮੁਸ਼ਕੀ ਮੁਸਕ ਗੰਧਾਰੇ (੨) | ੧੯ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਕੀ ਭਗਤ ਨਾਮਦੇਵ ਜੀ ਵਿਸ਼ਨੂੰ-ਉਪਾਸ਼ਕ ਸਨ ? | ੨੨ | ਪ੍ਰਿੰਸੀਪਲ ਲਾਭ ਸਿੰਘ ਜੀ |
| ਅਖੰਡ ਕੀਰਤਨੀ ਜਥਾ—ਸ੍ਵੈ ਪੜਚੋਲ | ੩੦ | 'ਸੂਰਾ' ਪਰਵਾਰ |
| ਕਬਿਤ ਸਵੱਯੇ ਭਾਈ ਗੁਰਦਾਸ ਜੀ (੧੨) | ੩੭ | ... ... ... |
| ਤੇ ਸਿੱਖ ਫੌਜੀ ਨੇ ਮੈਨੂੰ ਬਚਾ ਲਿਆ | ੪੧ | ਡਾਕਟਰ ਗੁਰਬਖਸ਼ ਸਿੰਘ ਜੀ |
| ਭਾਈ ਬਹਿਲੋ ਜੀ | ੪੨ | ਡਾਕਟਰ ਸ਼ਮਸ਼ੇਰ ਸਿੰਘ ਜੀ |
| ਖਾਲਸ ਹਲੇਮੀ ਰਾਜ ਕਦੋਂ ਕਿਵੇਂ ਹੋਵੇਗਾ ? | ੪੫ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਕੀ, ਇਹ ਸਿੱਖੀ ਹੈ ? (ਕਵਿਤਾ) | ੪੭ | ਗਿਆਨੀ ਗੋਪਾਲ ਸਿੰਘ 'ਮਿੱਤਰ' |
| ਅੰਮ੍ਰਿਤ ਦੀ ਸ਼ਕਤੀ | ੪੮ | ਸ: ਸੁਰਜੀਤ ਸਿੰਘ 'ਸਾਜਨ' |
| ਦੂਜਿਆਂ ਦੀ ਨਜ਼ਰ ਵਿਚ ਖਾਲਸਾ (੨) ,, | ੪੯ | ਸ: ਅਤਰ ਸਿੰਘ 'ਨੀਰ' |


## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾਂ ਕਰਾ ਕੇ ਰਸੀਦ ਲਓ

੧. ਲੁਧਿਆਣਾ—ਭਾਈ ਮੋਹਕਮ ਸਿੰਘ ਜੀ, 16-ਚੀਮਾ ਪਾਰਕ, ਨੇੜੇ ਮਾਡਲ ਗ੍ਰਾਮ ਸਟੇਸ਼ਨ
੨. ਕਪੂਰਥਲਾ—ਭਾਈ ਚਰਨਖਾਲ ਸਿੰਘ, 799-ੲ, ਆਰ.ਸੀ.ਐਫ.
੩. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੪. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੫. ਚੰਡੀਗੜ੍ਹ ਤੇ ਮੋਹਾਲੀ—ਭਾਈ ਫੌਜਿੰਦਰ ਸਿੰਘ ਜੀ, ੫੩੨/੩-ੲ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੬. ਜ਼ਿਲਾ ਸੰਗਰੂਰ—(ੳ) ਰੋਹੀੜਾ-ਘੁ ਨੂਘਾਰਾ, *Via* ਅਹਿਮਦਗੜ੍ਹ, ਭਾ: ਸ਼ਨਦੀਪ ਸਿੰਘ ਜੀ
(ਅ) ਪਿੰਡ ਉਪੋਕੇ, (ਉਪਲਖੇੜੀ), ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ
੭. ਫ਼ਰੀਦਾਬਾਦ ਟਾਊਨ (ਹਰਿਆਣਾ)—ਭਾਈ ਬਲਵੰਤ ਸਿੰਘ ਜੀ, ੫-ਡੀ/੫੫ (੧੨੧੦੦੧)
੮. ਦਿੱਲੀ—ਭਾਈ ਹਰਦਿਤ ਸਿੰਘ ਜੀ, ੲ-੩੫, ਫ਼ਤਹ ਨਗਰ
੯. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੧੦. ਬਠਿੰਡਾ—ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ
੧੧. ਮੋਗਾ—ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ. ਜੀ. ਟੀ. ਰੋਡ, ਫ਼ੋਨ 43349
੧੨. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 231520

ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧-੧-੯੩ ਨੂੰ ਪ੍ਰਕਾਸ਼ਤ ਕੀਤਾ



www.AKJ.Org

# ਸੂਰਾ

ਮਾਸਕ ਪੱਤਰ — ਸ੍ਰੀ ਅੰਮ੍ਰਿਤਸਰ

**ਸਾਲਾਨਾ ਚੰਦਾ**

| | |
|---|---|
| ਦੇਸ | ੩੦-੦੦ |
| ਇਕ ਪਰਚਾ | ੩-੦੦ |

**ਪਰਦੇਸ (ਸਾਰੇ)**

**ਸਾਲਾਨਾ ਚੰਦਾ**

| | |
|---|---|
| ਸਮੁੰਦਰੀ ਡਾਕ | ੮੦-੦੦ |
| ਹਵਾਈ ਡਾਕ | ੨੫੦-੦੦ |

Foreign Subscription

| | |
|---|---|
| Sea Mail | 80-00 |
| Air Mail | 250-00 |

**ਅਮਾਨਤੀ**

**ਲਾਈਫ਼ ਮੈਂਬਰ**

| | |
|---|---|
| ਦੇਸ | ੨੫੦-੦੦ |
| ਸਮੁੰਦਰੀ ਡਾਕ | ੮੦੦-੦੦ |
| ਹਵਾਈ ਡਾਕ | ੨੦੦੦-੦੦ |

## ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੭ ਜਨਵਰੀ ੧੯੯੩ ਅੰਕ ੧


ਨਵੇਂ ਸਾਲ ਦਾ ਉਪਦੇਸ਼–

## ਗੁਰਮਖਿ ਗਾਡੀ ਰਾਹੁ ਚਲੰਦਾ

ਗੁਰਸਿਖ ਭਲਕੇ ਉਠ ਕਰਿ, ਅੰਮ੍ਰਿਤ ਵੇਲੈ ਸਰੁ ਨਾਵੰਦਾ ॥
ਗੁਰ ਕੇ ਬਚਨ ਉਚਾਰਿ ਕੈ, ਧਰਮਸਾਲ ਦੀ ਸੁਰਤਿ ਕਰੰਦਾ ॥
ਸਾਧ ਸੰਗਤਿ ਵਿਚਿ ਜਾਇ ਕੈ, ਗੁਰਬਾਣੀ ਦੇ ਪ੍ਰੀਤਿ ਸੁਣੰਦਾ ॥
ਸੰਕਾ ਮਨਹੁ ਮਿਟਾਇ ਕੈ, ਗੁਰਸਿਖਾਂ ਦੀ ਸੇਵ ਕਰੰਦਾ ॥
ਕਿਰਤ ਵਿਰਤ ਕਰਿ ਧਰਮ ਦੀ, ਲੈ ਪਰਸਾਦਿ ਆਣਿ ਵਰਤੰਦਾ ॥
ਗੁਰਸਿਖਾਂ ਨੋ ਦੇਇ ਕਰਿ, ਪਿਛੋਂ ਬਚਿਆ ਆਪ ਖਵੰਦਾ ॥
ਕਲੀਕਾਲ ਪਰਗਾਸ ਕਰਿ, ਗੁਰੁ ਚੇਲਾ ਚੇਲਾ ਗੁਰੁ ਸਦਾ ॥
ਗੁਰਮੁਖਿ ਗਾਡੀ ਰਾਹੁ ਚਲਦਾ ॥੧੧॥

[ਭਾਈ ਗੁਰਦਾਸ ਜੀ, ਵਾਰ ੪੦



www.AKJ.Org

# ਗੁਰਮੰਤ੍ਰ ਅਤੇ ਗੁਰਬਾਣੀ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਸਾਰੀ ਗੁਰਬਾਣੀ ਗੁਰ-ਉਪਦੇਸ਼ ਰੂਪ ਹੈ ਤੇ ਗੁਰਬਾਣੀ ਅੰਦਰ ਆਏ ਸਮੂਹ ਗੁਰ-ਸ਼ਬਦ ਭੀ ਗੁਰ-ਉਪਦੇਸ਼ ਰੂਪ ਹਨ ਅਤੇ ਗੁਰਬਾਣੀ ਅੰਦਰਲੇ ਸਮੁਚੇ ਸ਼ਬਦ ਗੁਰਬਾਣੀ ਰੂਪ ਹਨ। ਨਾਮ (ਗੁਰਮੰਤ੍ਰ) ਭੀ ਗੁਰਬਾਣੀ ਰੂਪ ਹੈ। ਗੁਰੂ ਮੁਖੋਂ ਉਚਾਰਨ ਹੋਇਆ ਧੁਰ ਹੁਕਮੋਂ ਉਤਾਰਨ ਹੋਇਆ, ਹਰ ਇਕ ਸ਼ਬਦ ਗੁਰਬਾਣੀ ਰੂਪ ਹੈ। ਗੁਰਬਾਣੀ ਖ਼ੁਦ ਭੀ ਗੁਰ-ਸ਼ਬਦ ਰੂਪ ਹੈ। ਹਰ ਇਕ ਗੁਰ-ਸ਼ਬਦ ਭੀ ਗੁਰਬਾਣੀ ਰੂਪ ਹੈ। ਪ੍ਰੰਤੂ ਸਮੂਹ ਗੁਰਬਾਣੀ ਅਤੇ ਗੁਰਬਾਣੀ ਦੇ ਸ਼ਬਦ ਇਕ ਖ਼ਾਸ ਗੁਰ-ਸ਼ਬਦ, ਗੁਰਮੰਤ੍ਰ ਅਰਥਾਤ ਗੁਰਮਤਿ ਨਾਮ ਨੂੰ ਦ੍ਰਿੜ੍ਹਾਉਂਦੇ ਹਨ, ਜੋ ਸਮੱਗਰ ਬਾਣੀ ਦਾ ਤਤਸਾਰ ਹੈ, ਜੋ ਗੁਰ-ਸ਼ਬਦ ਕਿ ਅੰਮ੍ਰਿਤ ਛਕਾਉਣ ਸਮੇਂ ਗੁਰਮੰਤ੍ਰ ਵਜੋਂ ਪੰਜਾਂ ਪਿਆਰਿਆਂ ਦੇ ਮੁਖੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬੇ ਅੰਮ੍ਰਿਤ ਅਧਿਕਾਰੀ ਨੂੰ ਦ੍ਰਿੜ੍ਹਾਇਆ ਜਾਂਦਾ ਹੈ। ਇਹੋ ਗੁਰਮੰਤ੍ਰ ਗੁਰਮਤਿ ਨਾਮ ਹੈ, ਜਿਸ ਦੇ ਸੁਆਸ ਸੁਆਸ ਅਭਿਆਸ ਦਾ ਸਮੱਗਰ ਬਾਣੀ ਹੁਕਮ ਰੂਪੀ ਤੱਤ ਉਪਦੇਸ਼ ਦਿੰਦੀ ਹੈ। ਜਿਸ ਗੁਰਮੰਤ੍ਰ ਨੂੰ ਕਿਸੇ ਜਗਿਆਸੂ ਤਾਈਂ ਦੇਣ ਯਾ ਦ੍ਰਿੜ੍ਹਾਉਣ ਦਾ ਕਿਸੇ ਇਕੱਲੇ ਦੇਹਧਾਰੀ ਨੂੰ ਅਧਿਕਾਰ ਨਹੀਂ।

ਪਰ ਇਹ ਨਹੀਂ ਕਹਿ ਸਕਦੇ ਕਿ ਗੁਰਬਾਣੀ ਤੋਂ ਵਖਰਾ ਕੋਈ ਇਕ ਗੁਰ-ਸ਼ਬਦ ਨਹੀਂ। ਗੁਰਬਾਣੀ ਤੋਂ ਵਖਰਾ ਨਹੀਂ, ਗੁਰਬਾਣੀ ਦੇ ਵਿਚੇ ਹੀ ਹੈ, ਪਰ ਅੰਮ੍ਰਿਤ ਬਾਣੀ ਦਾ ਤੱਤ-ਸਾਰ, ਪਰਮ ਅੰਮ੍ਰਿਤ ਤੱਤ, ਜਿਸ ਨੂੰ ਸਾਰੀ ਗੁਰਬਾਣੀ ਦ੍ਰਿੜ੍ਹਾਉਂਦੀ ਹੈ ਤੇ ਜਿਸ ਅੰਮ੍ਰਿਤ ਤੱਤ-ਸਾਰ-ਸ਼ਬਦ ਨੂੰ ਸਾਰੀ ਬਾਣੀ ਦੇ ਸ਼ਬਦ ਵਿਲੱਖਣ ਰੂਪ ਵਿਚ ਲਖਾਉਂਦੇ ਹਨ।

**ਗੁਰਮੰਤ੍ਰ ਦਾ ਵਿਲੱਖਣ ਰੂਪ—**

ਗੁਰਬਾਣੀ ਦੇ ਪਾਠ ਤੋਂ ਸਾਫ਼ ਪਤਾ ਲਗ ਜਾਂਦਾ ਹੈ ਕਿ ਗੁਰਬਾਣੀ ਦੇ ਸ਼ਬਦ, ਗੁਰਬਾਣੀ ਤੇ ਗੁਰਸ਼ਬਦ ਦੀ ਮਹਿਮਾ ਤੇ ਮਹੱਤਤਾ ਵਖੋ ਵਖ ਦਰਸਾਉਂਦੇ ਤੇ ਗੁਰਸ਼ਬਦ (ਗੁਰਮੰਤ੍ਰ) ਨੂੰ ਨਿਆਰਾ ਕਰ ਕੇ ਲਖਾਉਂਦੇ ਹਨ :—

(੧) ਜੀਵਨ ਮੁਕਤਿ ਗੁਰ ਸਬਦੁ ਕਮਾਏ ॥੬॥ (੫॥੧੪) —ਮਾਰੂ ਮਹਲਾ ੩, ਪੰਨਾ ੧੦੮੮

ਇਥੇ ਗੁਰ-ਸ਼ਬਦ ਦੀ ਕਮਾਈ ਵਿਲੱਖਣ ਰੂਪ ਵਤ ਹੈ। ਗੁਰ-ਸ਼ਬਦ ਤੋਂ ਭਾਵ ਗੁਰਮੰਤ੍ਰ ਗੁਰਮਤਿ ਨਾਮ ਹੈ। "ਨਾਨਕ ਗੁਰਬਾਣੀ ਹਰਿ ਪਾਇਆ ਹਰਿ ਜਪੁ ਜਾਪਿ ਸਮਾਹਾ ਹੇ ॥"* ਏਥੇ ਭੀ ਗੁਰਬਾਣੀ ਤੇ ਨਾਮ ਦੀ ਮਹੱਤਤਾ ਨਿਆਰੀ ਹੈ, ਅਰਥਾਤ, ਗੁਰਬਾਣੀ ਦੁਆਰਾ ਪਰਮਾਤਮਾ ਦੀ ਪ੍ਰਾਪਤੀ ਹੈ, ਕਿਉਂਕਿ ਗੁਰਬਾਣੀ ਹੀ "ਹਰਿ ਜਪੁ ਜਾਪਿ ਸਮਾਹਾ ਹੇ" ਦੀ ਜੁਗਤੀ ਦਸਦੀ ਹੈ।

(੨) ਮਾਇਆ ਮੋਹ ਸਬਦਿ ਜਲਾਏ ॥ ... ਸਾਚੀ ਬਾਣੀ ਨਾਮ ਪਿਆਰਿ ॥੧॥(੪॥੬)

ਬਸੰਤ ਮਹਲਾ ੩, ਪੰਨਾ ੧੧੭ -੭੪

ਇਥੇ ਸ਼ਬਦ ਤੋਂ ਭਾਵ ਨਾਮ ਗੁਰ ਮੰਤ੍ਰ ਦਾ ਹੈ ਕਿ ਨਾਮ ਦੁਆਰਾ, ਗੁਰ-ਸ਼ਬਦ ਦੁਆਰਾ ਮਾਇਆ ਮੋਹ ਜਲਾਈਦਾ ਹੈ ਅਤੇ "ਸਫਲਿਉ ਬਿਰਖੁ ਹਰਿ ਕੈ ਦੁਆਰਿ" † ਦੀ ਕਿਸ ਬਿਧਿ ਬਿਉਂਤ ਬਣ ਆਉਂਦੀ ਹੈ—"ਸਾਚੀ ਬਾਣੀ ਨਾਮ ਪਿਆਰਿ ॥"† ਅਰਥਾਤ ਸੱਚੀ ਬਾਣੀ ਅਤੇ ਨਾਮ ਦੇ ਪਿਆਰ (ਪ੍ਰੇਮ-ਕਮਾਈ) ਦੁਆਰਾ।

(੩) ਹਰਿ ਹਰਿ ਨਾਮੁ ਧਿਆਇ ਗੁਰਬਾਣੀ ਨਿਤ ਨਿਤ ਚਵਾ ਬਲਿਰਾਮ ਜੀਉ ॥੧॥ ੪॥੧)

ਸੂਹੀ ਮ: ੪ ਛੰਤ, ਪੰਨਾ ੭੭੩

ਏਸ ਗੁਰ ਪ੍ਰਮਾਣ ਅੰਦਰ ਭੀ ਨਾਮ (ਗੁਰ-ਸ਼ਬਦ) ਅਤੇ ਬਾਣੀ ਦੀ ਭਿੰਨ ਭਿੰਨ ਮਹਿਮਾ ਵਰਨਣ ਹੈ, "ਹਰਿ ਹਰਿ ਨਾਮ ਧਿਆਇ" ਅਤੇ "ਗੁਰਬਾਣੀ ਨਿਤ ਨਿਤ ਚਵਾ" ਦਾ ਵਖੋ ਵਖ ਭਾਵ ਨਾਮ ਧਿਆਉਣਾ, ਅਰਥਾਤ ਗੁਰ ਸ਼ਬਦ ਗੁਰਮੰਤ੍ਰ ਦਾ ਸੁਆਸ ਸੁਆਸ ਅਭਿਆਸ ਕਰਨਾ ਅਤੇ ਨਿਤਾਪ੍ਰਤਿ ਗੁਰਬਾਣੀ ਗਾਵਣਾ ਹੈ।

---

* ਮਾਰੂ ਮ: ੩, ॥੧੬॥੫॥੧੪॥ ਪੰਨਾ ੧੦੫੮ † ਬਸੰਤ ਮ: ੩,॥੧॥(੪॥੬) ਪੰਨਾ ੧੧੭੩



www.AKJ.Org

ਗੁਰਬਾਣੀ ਸੁਆਸ ਸੁਆਸ ਨਹੀਂ ਗਾਈ ਜਾ ਸਕਦੀ, ਸਾਸ ਗ੍ਰਾਸ ਕੇਵਲ ਗੁਰਮੰਤ੍ਰ ਦਾ ਅਭਿਆਸ ਹੀ ਸੰਭਵ ਹੈ। "ਕਾਇਆ ਸੇਜ ਗੁਰ ਸਬਦਿ ਸੁਖਾਲੀ ..."* ਅਰਥਾਤ, ਕਾਇਆਂ ਰੂਪੀ ਸੇਜ ਨੂੰ ਸਦਾ ਸੁਖ ਗੁਰ-ਸ਼ਬਦ, ਭਾਵ, ਨਾਮ ਅਭਿਆਸ ਦੁਆਰਾ ਹੀ ਪ੍ਰਾਪਤ ਹੁੰਦਾ ਹੈ, ਕਿਉਂਕਿ ਪਾਰਸ-ਨਾਮ ਦੇ ਅਭਿਆਸ ਅੰਦਰ ਅੰਮ੍ਰਿਤ-ਕਲਾ ਹੈ। ਇਸ ਅੰਮ੍ਰਿਤ-ਕਲਾ ਦੁਆਰਾ ਘਟ ਅੰਤਰ ਅੰਮ੍ਰਿਤ ਰਸ ਵਿਗਾਸਦਾ ਹੈ, ਜਿਸ ਨੂੰ ਨਾਮ ਦੇ ਅਭਿਆਸੀ ਹੀ ਜਾਣਦੇ ਹਨ।

**ਗੁਰਬਾਣੀ ਦੇ ਪਾਠ ਦਾ ਲਾਭ–**

(੪) ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥ ਜਿਨਿ ਪੀਤੀ ਤਿਸੁ ਮੋਖ ਦੁਆਰ ॥੫॥੮॥

ਮਲਾਰ ਮ: ੧ ਅਸਟ, ਪੰਨਾ ੧੨੭੫

ਭਾਵ ਸਪੱਸ਼ਟ ਹੈ। ਗੁਰਬਾਣੀ ਭੀ ਅੰਮ੍ਰਿਤ ਰੂਪ ਹੈ। "ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥"† ਗੁਰਬਾਣੀ ਦੇ ਪਠਨ ਮਾਤਰ (ਪੜ੍ਹਨ ਮਾਤਰ) ਨਾਲ ਹੀ ਅੰਮ੍ਰਿਤ-ਕਲਾ ਵਰਤ ਜਾਂਦੀ ਹੈ। ਨਿਸ ਦਿਨ ਗੁਰਬਾਣੀ ਦਾ ਅਖੰਡ ਪਾਠ ਕਰੀ ਜਾਣਾ ਤਾਂ ਅਗਾਧ ਅੰਮ੍ਰਿਤ-ਕਲਾ ਵਰਤਾਉਂਦਾ ਹੈ। ਜਿਨ੍ਹਾਂ ਗੁਰਬਾਣੀ ਦੇ ਪਾਠ ਦੀ ਅਖੰਡ ਕਮਾਈ ਕੀਤੀ ਹੈ, ਤਿਨ੍ਹਾਂ ਨੇ ਗਟਾਕ ਰਸ, ਅੰਮ੍ਰਿਤ ਦਾ ਰਸ ਪੀਤਾ ਹੈ ਅਤੇ ਜਿਉਂ ਜਿਉਂ ਗੁਰਬਾਣੀ ਦੀ ਅਖੰਡ-ਪਾਰਸ-ਕਲਾ ਵਰਤੀ ਹੈ, ਤਿਉਂ ਤਿਉਂ ਨਾਮ ਦਾ ਖੰਡਾ ਅਭਿਆਸੀ ਜਨਾਂ ਦੇ ਘਟ ਅੰਤਰ ਹੋਰ ਭੀ ਜ਼ੋਰੋ ਜ਼ੋਰ ਆਪਣੇ ਆਪ ਖੜਕਦਾ ਹੈ, ਯਥਾ ਗੁਰਵਾਕ–"ਗੁਰਮੁਖਿ ਬਾਣੀ ਨਾਦੁ ਵਜਾਵੈ ॥"‡ ਨਾਮ ਅੰਮ੍ਰਿਤ ਦੇ ਖੜਗੇਸ਼ੀਆਂ ਨੂੰ ਗੁਰਬਾਣੀ ਹੋਰ ਭੀ ਅਤਿ ਮਿਠੀ ਤੇ ਪਿਆਰੀ ਲਗਦੀ ਹੈ। ਨਾਮ ਦੇ ਰਸਿਕ-ਬੈਰਾਗੀਆਂ ਨੂੰ ਅੰਮ੍ਰਿਤ ਬਾਣੀ ਦਾ ਅੰਮ੍ਰਿਤ ਰਸ ਹੋਰ ਵਧੀਕ ਆਉਂਦਾ ਹੈ। ਅੱਲ੍ਹੜ ਜਗਿਆਸੂ ਭੀ ਜੇ ਗੁਰਬਾਣੀ ਦੇ ਪਾਠ ਵਿਚ ਜੁਟ ਜਾਣ ਤਦ ਭੀ ਅੰਮ੍ਰਿਤ ਬਾਣੀ ਦਾ ਅਸਰ ਅਹਲਾ ਨਹੀਂ ਜਾਂਦਾ; ਪਾਰਸ ਬਾਣੀ ਜੁ ਹੋਈ, ਉਸ ਨੇ ਪਾਰਸ-ਕਲਾ ਜ਼ਰੂਰ ਵਰਤਾਉਣੀ ਹੈ। ਏਥੇ ਸੋਚ ਵਿਚਾਰ ਅਥਵਾ ਬਾਣੀ ਦੀ ਅਰਥਾਬੰਦੀ ਦੀ ਲੋੜ ਨਹੀਂ, ਧੁਰ ਦੀ ਬਾਣੀ ਦੀ ਅਰਥਾਬੰਦੀ ਹੀ ਕੀ ? ਸਰਬੱਗਜ ਮਹਾਂ ਪੁਰਖਾਂ ਦੀ ਬਾਣੀ ਦਾ ਅਰਥ ਅਲਪੱਗ ਮਾਣੂਆਂ ਨੇ ਆਪਣੀ ਮਨ ਦੀ ਮਤਿ ਅਨੁਸਾਰ ਹੀ ਲਾਉਣਾ ਹੋਇਆ, ਜੋ ਗੁਰਮਤਿ ਤੋਂ ਕੋਸੋਂ ਦੂਰ ਰਹਿ ਜਾਂਦਾ ਹੈ। ਤਾਂ ਤੇ ਗੁਰਬਾਣੀ ਦਾ ਪਠਨ ਮਾਤ੍ਰ ਹੀ ਦਰਕਾਰ ਹੈ। ਪਾਰਸ ਨੇ ਆਪਣੀ ਪਾਰਸ-ਸ਼ਕਤੀ ਦੁਆਰਾ ਕਲਾ ਵਰਤਾਉਣੀ ਹੀ ਹੈ, ਕੇਵਲ ਉਸ ਨੂੰ ਪਰਸਣ ਦੀ ਹੀ ਲੋੜ ਹੈ। ਰਸਨਾ ਤੇ ਆਈ ਗੁਰਬਾਣੀ ਅੰਮ੍ਰਿਤ ਕਲਾ ਪ੍ਰਗਟਾਇਕ ਹੈ। ਮੁਖ ਰਸਨਾ ਦੁਆਰਾ ਉਚਾਰਨ ਕਰਿ ਹੀ ਗੁਰਮੰਤ੍ਰ ਬਾਣੀ ਰੂਪ ਹੈ।

**ਗੁਰਮੰਤ੍ਰ ਦਾ ਅਭਿਆਸ–**

ਗੁਰਮੰਤ੍ਰ ਨੂੰ ਪ੍ਰਿਥਮ ਰਸਨਾ ਦੁਆਰਾ ਹੀ ਰਟਨ ਕੀਤਾ ਜਾਂਦਾ ਹੈ। ਰਟਨ ਮਾਤ੍ਰ ਕਰਿ ਗੁਰਮੰਤ੍ਰ ਘਟ ਅੰਤਰ ਅੰਮ੍ਰਿਤ-ਰਸ ਉਪਜਾਇਕ ਹੈ। ਇਹ ਗੁਰਮੰਤ੍ਰ ਗੁਰਬਾਣੀ ਦੀ ਅੰਮ੍ਰਿਤ-ਗੁਹਜ-ਕਲਾ ਫ਼ਿਲਾਸਫ਼ੀ ਹੈ। ਇਹ ਨਾਮ ਅਭਿਆਸੀ ਸਾਇੰਸ, ਫ਼ਿਲਾਸਫ਼ੀਆਂ ਨਾਲੋਂ ਨਿਰਾਲੀ ਤੇ ਵਿਲੱਖਣ ਹੈ।

(੫) ਗੁਰ ਕੀ ਬਾਣੀ ਸਿਉ ਲਾਇ ਪਿਆਰੁ ॥ ਐਥੈ ਓਥੈ ਏਹੁ ਅਧਾਰੁ ॥੩॥੨੪॥

ਪ੍ਰਭਾਤੀ ਮਹਲਾ ੩, ਪੰਨਾ ੧੩੩੫

ਏਥੇ ਗੁਰ ਕੀ ਬਾਣੀ ਦਾ ਭਾਵ 'ਗੁਰ ਕੀ ਬਾਣੀ ਸਬਦਿ ਵਖਾਣੀ' ਦਾ ਹੈ। ਨਿਰਲ ਗੁਰਬਾਣੀ ਦਾ ਪਿਆਰ ਭੀ ਅਹਿਨਿਸ ਗੁਰਬਾਣੀ ਦਾ ਵਖਾਨਣਾ ਅਥਵਾ ਗੁਰਬਾਣੀ ਦੁਆਰਾ ਦ੍ਰਿੜ੍ਹਾਏ ਨਾਮ ਦਾ ਅਖੰਡ ਜਾਪ ਅਭਿਆਸ ਕਰਨਾ ਹੈ।

(੬) ਗੁਰੁ ਪੂਰਾ ਪੂਰੀ ਤਾ ਕੀ ਕਲਾ ॥ ਗੁਰ ਕਾ ਸਬਦੁ ਸਦਾ ਸਦ ਅਟਲਾ ॥

---

*ਸੂਹੀ ਮ: ੪, ॥੪॥੫॥ ਪੰਨਾ ੭੭੩ †ਨਟ ਮ: ੪, ॥੫॥ (੮॥੪), ਪੰਨਾ ੯੮੨

‡ਮਾਰੂ ਮ: ੩, ॥੨॥ (੧੬॥੧॥੧੫), ਪੰਨਾ ੧੦੫੮



www.AKJ.Org

ਗੁਰ ਕੀ ਬਾਣੀ ਜਿਸੁ ਮਨਿ ਵਸੈ ॥ ਦੂਖੁ ਦਰਦੁ ਸਭੁ ਤਾ ਕਾ ਨਸੈ ॥੧॥੮॥

ਪ੍ਰਭਾਤੀ ਮਹਲਾ ੫, ਪੰਨਾ ੧੩੩੯-੪੦

ਏਥੇ ਗੁਰ ਕਾ ਸ਼ਬਦ ਤੋਂ ਭਾਵ ਗੁਰ-ਸ਼ਬਦ ਅਰਥਾਤ ਗੁਰਮੰਤ੍ਰ ਗੁਰਮਤਿ ਨਾਮ ਹੈ। ਇਸ ਵਿਚ ਪੂਰੀ ਅੰਮ੍ਰਿਤ-ਕਲਾ ਸਦਾ ਸਦ ਅਟੱਲ ਰਹਿਣ ਵਾਲੀ ਅੰਮ੍ਰਿਤ-ਰਸ-ਉਪਜਾਇਕ ਅਤੇ ਆਤਮਿਕ ਦਰਸਾਇਕ, ਪਰਮਾਤਮ ਲਖਾਇਕ, ਸਾਂਗੋ ਪਾਂਗ ਸਨਮੁਖ ਰਖਾਇਕ ਕਲਾ ਹੈ। "ਗੁਰ ਕੀ ਬਾਣੀ ਜਿਸੁ ਮਨਿ ਵਸੈ" ਤੋਂ ਭਾਵ ਇਹ ਹੈ ਕਿ ਗੁਰਬਾਣੀ ਸੇਤੀ ਜਿਸ ਦਾ ਮਨ ਮਾਨਿਆ ਹੈ, ਜਿਸ ਦੀ ਸੱਚੀ ਸ਼ਰਧਾ ਗੁਰਬਾਣੀ ਉਪਰ ਆਈ ਹੈ, ਜਿਸ ਨੂੰ ਗੁਰਬਾਣੀ ਮਿੱਠੀ ਲਗੀ ਹੈ, ਜਿਸ ਨੇ ਸਤਿਗੁਰੂ ਦੀ ਬਾਣੀ ਸਤਿ ਸਤਿ ਕਰਿ ਮੰਨੀ ਹੈ, ਦੁਖ ਦਰਦ ਤਿਸ ਦਾ ਸਭ ਹੀ ਨਠ ਜਾਂਦਾ ਹੈ, ਕਿਉਂਕਿ ਗੁਰਬਾਣੀ ਦੇ ਮਨ ਅੰਦਰ ਵਸਣ ਕਰਕੇ ਹੀ ਨਾਮ ਦ੍ਰਿੜ੍ਹ ਹੁੰਦਾ ਹੈ। ਗੁਰਬਾਣੀ ਦੀ ਪਰਮ ਆਗਿਆ, ਗੁਰਬਾਣੀ ਦਾ ਪਰਮ ਤੱਤ-ਸਾਰ 'ਨਾਮ ਜਪਣਾ' ਹੈ। ਤਿਨ੍ਹਾਂ ਨੇ ਹੀ ਗੁਰਬਾਣੀ ਸਤਿ ਸਤਿ ਕਰਿ ਮੰਨੀ ਹੈ, ਜਿਨ੍ਹਾਂ ਨੇ ਗੁਰਬਾਣੀ ਦੇ ਨਾਮ ਜਪਣ ਰੂਪੀ ਹੁਕਮ ਉਤੇ ਪਹਿਰਾ ਦਿਤਾ ਹੈ, ਅਰਥਾਤ, ਜਿਨ੍ਹਾਂ ਨੂੰ ਨਾਮ ਜਪਣਾ ਦ੍ਰਿੜ੍ਹ ਹੋ ਗਿਆ ਹੈ।

ਗੁਰਬਾਣੀ ਅਤੇ ਗੁਰ-ਸ਼ਬਦ (ਗੁਰਮੰਤ੍ਰ ਨਾਮ) ਦਾ ਪਾਰਸ-ਕਲਾ ਲਖਾਇਕ ਭਾਵ ਇਕੋ ਹੀ ਹੈ, ਪ੍ਰੰਤੂ ਦਾਤਿ ਜੋਤਿ ਲਖਾਉਣੀ ਜੁਗਤ ਵਿਚ ਭਿੰਨਤਾ ਹੈ। ਗੁਰਬਾਣੀ ਕੇਵਲ ਬੈਖਰੀ ਬਾਣੀ, ਅਰਥਾਤ, ਮੁਖ ਅਤੇ ਰਸਨਾ ਕਰਕੇ ਹੀ ਰਟੀ ਜਪੀ ਜਾ ਸਕਦੀ ਹੈ, ਪ੍ਰੰਤੂ ਗੁਰ-ਸ਼ਬਦ ਦਾ ਅਭਿਆਸ ਰਸਨਾ ਦੁਆਰਾ ਭੀ ਹੋ ਸਕਦਾ ਹੈ, ਸੁਆਸਾਂ ਤੇ ਸੁਰਤੀ ਦੁਆਰਾ ਭੀ ਹੋ ਸਕਦਾ ਹੈ। ਗੁਰ-ਸ਼ਬਦ ਦੇ ਅਭਿਆਸ ਦੁਆਰਾ ਸਾਸ ਸਾਸ ਲੇਖੇ ਲਗ ਜਾਂਦਾ ਹੈ। ਇਕ ਸੁਆਸ ਵੀ ਬਿਰਥਾ ਨਹੀਂ ਜਾਂਦਾ, ਕਿਉਂਕਿ ਗੁਰਮੰਤ੍ਰ ਅਰਥਾਤ ਗੁਰਮਤਿ ਨਾਮ ਅਭਿਆਸ ਊਠਤ ਬੈਠਤ ਸੋਵਤ ਜਾਗਤ ਸਾਸ ਗ੍ਰਾਸ ਹੋ ਸਕਦਾ ਹੈ, ਰਸਨਾ ਦੁਆਰਾ, ਅਥਵਾ,ਸੁਆਸਾਂ ਦੁਆਰਾ ਯਾ ਸੁਰਤੀ ਦੁਆਰਾ।

**ਅਠ-ਪਹਿਰੀ ਕੁੰਜੀ–**

ਅੰਮ੍ਰਿਤ ਵੇਲ ਦੀ ਇਕ-ਪਹਿਰੀ ਸਾਵਧਾਨਤਾ ਸਹਿਤ ਨਾਮ ਅਭਿਆਸ ਕੀਤਾ ਹੋਇਆ ਮਾਨੋ ਅਠ-ਪਹਿਰੀ ਕੁੰਜੀ ਲਗ ਜਾਂਦੀ ਹੈ, ਜਿਸ ਦੇ ਤਾਣ ਸੁਤੇ ਸੁਭਾਵ ਹੀ ਨਾਮ ਅਭਿਆਸੀ ਦੀ ਸੁਆਸਾਂ ਰੂਪੀ ਘੜੀ ਦਾ ਪੈਂਡਲਮ ਪੰਚ-ਦੂਤ-ਦਮਨੀ ਖੰਡੇ ਦੀ ਖੜਕਾਰ ਵਾਲੀ ਸਹਿਜ ਰਫਤਾਰ ਵਿਚ ਚਲਦਾ ਰਹਿੰਦਾ ਹੈ।

ਖ਼ਾਸ ਕਰ ਜਿਨ੍ਹਾਂ ਗੁਰਮਤਿ ਜਗਿਆਸੂਆਂ ਨੂੰ ਖੰਡੇ ਦੇ ਅੰਮ੍ਰਿਤ-ਸਿੰਚਾਰ (ਛਕਣ) ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਨਾਮ ਦੀ ਕਮਾਈ ਵਾਲੇ ਪੰਜਾਂ ਪਿਆਰਿਆਂ ਦੁਆਰਾ ਨਾਮ ਅਭਿਆਸ ਦ੍ਰਿੜ੍ਹ ਹੋ ਚੁਕਾ ਹੋਵੇ, ਉਨ੍ਹਾਂ ਦੇ ਘਟ ਅੰਤਰ ਤਾਂ ਉਸੇ ਦਿਨ ਦੀ ਅਖੰਡ ਚਾਬੀ ਲਗ ਗਈ ਜਾਣੋ। ਉਨ੍ਹਾਂ ਲਈ ਅੰਮ੍ਰਿਤ ਵੇਲੇ ਦੀ ਨਾਮ ਅਭਿਆਸ ਕਮਾਈ ਸੋਨੇ ਤੇ ਸੁਹਾਗੇ ਦਾ ਰੰਗ ਦਿੰਦੀ ਹੈ।

**ਨਾਮ ਦੇ ਅਭਿਆਸ ਸੰਬੰਧੀ ਗੁਰਬਾਣੀ ਦੇ ਪਾਠ ਦਾ ਅਸਰ–**

ਨਾਮ ਦੇ ਅਭਿਆਸੀਆਂ ਲਈ ਗੁਰਬਾਣੀ ਦੀ ਸ੍ਰੋਤ ਅਥਵਾ ਪਾਠ-ਕਮਾਈ ਭੀ ਨਾਮ ਦੇ ਰੰਗਾਂ ਨੂੰ ਅਕਹਿ ਜੋਤਿ-ਰਸਿਕ ਜਲਵਿਆਂ ਵਿਚ ਪ੍ਰਜੁਲਤ ਕਰਾਉਂਦੀ ਹੈ। ਨਾਮਹੀਣ ਯਾ ਨਾਮ-ਕਮਾਈ-ਹੀਣ ਗੁਰਮਤਿ ਜਗਿਆਸੂਆਂ ਦੇ ਸੁਆਸਾਂ ਨੂੰ ਗੁਰਬਾਣੀ ਉਤਨਾ ਚਿਰ ਹੀ ਸਫਲ ਕਰਾਉਣ ਵਿਚ ਸਹਾਈ ਹੈ, ਜਿਤਨਾ ਚਿਰ ਕਿ ਗੁਰਬਾਣੀ ਦਾ ਰਟਨ ਅਥਵਾ ਸ੍ਰਵਣ ਪ੍ਰਾਪਤ ਹੈ। ਜਿਉਂ ਜਿਉਂ ਤੇ ਜਿਤਨਾ ਚਿਰ ਗੁਰਬਾਣੀ ਦਾ ਸ੍ਰਵਣ, ਪਠਨ ਰੂਪੀ ਸਪੱਰਸ਼ ਹੁੰਦਾ ਰਹਿੰਦਾ ਹੈ, ਤਿਉਂ ਤਿਉਂ ਜਗਿਆਸੂ ਦੀ ਬੁੱਧੀ ਹੋਰ ਤੇ ਹੋਰ ਸੈਕਲ ਹੁੰਦੀ ਰਹਿੰਦੀ ਹੈ। ਗੁਰਬਾਣੀ ਪਾਰਸ ਰੂਪ ਜੁ ਹੋਈ, ਪਰੰਤੂ ਸਮੁਚੇ ਸੁਆਸ ਲੇਖੇ ਨਹੀਂ ਲਗਦੇ, ਅਰਥਾਤ ਸੁਆਸ ਸੁਆਸ ਬਾਣੀ ਦਾ ਅਭਿਆਸ ਅਸੰਭਵ ਹੈ। ਗੁਰਬਾਣੀ ਦਾ ਭਾਵ ਹਿਰਦੇ ਵਿਚ ਉਤਨਾ ਚਿਰ ਹੀ ਪ੍ਰਬਲ ਰਹਿੰਦਾ ਹੈ ਜਿਤਨਾ ਚਿਰ ਗੁਰਬਾਣੀ ਦਾ ਸੇਵਨ ਹੁੰਦਾ ਰਹੇ। ਇਸ ਅਰਸੇ ਵਿਚ ਮਨ ਮੈਗਲ (ਹਾਥੀ ਰੂਪ ਮਨ) ਔਝੜ ਪੈਂਦਾ ਰਹਿੰਦਾ ਹੈ। ਇਸ ਮਨ-ਮੈਗਲ ਉਤੇ ਖਿਨ ਖਿਨ ਗੁਰ-ਸ਼ਬਦ ਰੂਪ ਅਭਿਆਸ ਦੇ ਅੰਕਸ ਦੀ ਸੱਟ ਪੈਂਦੀ ਰਹੇ ਤਦੇ ਹੀ ਇਹ ਵਸਗਤਿ ਹੁੰਦਾ ਹੈ।

ਗੁਰਬਾਣੀ ਦੀਆਂ ਅੰਮ੍ਰਿਤ-ਪਾਰਸ-ਸੱਟਾਂ ਭੀ ਇਸ ਨੂੰ ਸੈਕਲ ਕਰਨ ਹਿਤ ਬਹੁਤ ਕੁਛ ਸਹਾਈ ਹਨ। ਅਤੇ ਗੁਰਬਾਣੀ ਦਾ ਭਾਵ ਹਰ ਵਕਤ ਹਿਰਦੇ ਅੰਦਰ ਅੰਕਿਤ ਨਹੀਂ ਰਹਿ ਸਕਦਾ। ਇਸ ਕਰਕੇ ਅੰਮ੍ਰਿਤ-ਬਾਣੀ ਆਪਣੇ ਅੰਮ੍ਰਿਤ ਸਫੁਟ ਤੱਤ, ਅਰਥਾਤ, ਗੁਰਮਤਿ ਨਾਮ ਨੂੰ ਜੋ ਦ੍ਰਿੜ੍ਹਾਉਂਦੀ ਹੈ ਉਸ ਤੇ ਅਮਲ ਕੀਤਿਆਂ ਹੀ ਸੁਆਸ ਸਫਲਾ ਹੋ ਸਕਦਾ ਹੈ। ਨਾਮ ਦੀ ਰਸਿਕ ਜੋਤਿ ਪ੍ਰਜ੍ਵਲਤ ਹੋਣ ਤਕ ਸਿਲ ਅਲੂਣੀ ਚੱਟਣੀ ਲਗਦੀ ਹੈ। ਜਦੋਂ ਜੋਤਿ ਰਸ ਪ੍ਰਜ੍ਵਲਤ ਹੋ ਗਿਆ, ਫੇਰ ਇਸ ਜੋਤਿ-ਰਸ ਦੇ ਆਸਰੇ ਨਾਮ-ਨੁਮਾ ਰਸ "ਛੋੜਿਆ ਨਾ ਜਾਇ" ਦੀ ਬਿਵਸਥਾ ਵਿਚ ਆ ਕੇ ਮਨ-ਮੈਗਲ ਨੂੰ ਭਲੀ ਬਿਧ ਵਸਗਤਿ ਕਰ ਲੈਂਦਾ ਹੈ ਅਤੇ ਸੁਰਤਿ ਸੁਆਸ ਦੀ ਪੱਕੀ ਇਕਾਗ੍ਰਤਾ ਸਹਿਜ ਮਤੇ ਹੀ ਆਣ ਪ੍ਰਾਪਤ ਹੁੰਦੀ ਹੈ। ਮੁਢ-ਪ੍ਰਭਾਵ-ਤੁਫੈਲੀ ਬਰਕਤ ਸਭ ਗੁਰਬਾਣੀ ਦੀ ਹੈ। ਅਤੇ ਫੇਰ ਭੀ ਗੁਰਬਾਣੀ ਦੀ ਸਦਾ ਸਹਾਇਤਾ ਕਮਾਈ ਦਰਕਾਰ ਹੈ। "ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ॥"‡ ਗੁਰਬਾਣੀ ਦਾ ਕੀਰਤਨ ਨਾਮ ਅਭਿਆਸ ਨੂੰ ਦੂਣ-ਸਵਾਏ ਰੰਗ ਵਿਚ ਨਿਤਾਪ੍ਰਤਿ ਵਧਾਉਂਦਾ ਰਹਿੰਦਾ ਹੈ। ਨਾਮ ਰੰਗ ਦੀ ਅਤੇ ਨਾਮ-ਜੋਤਿ ਰਸ ਬਿਵਸਥਾ ਦੀ ਥਾਹ ਹਦ ਕੁਛ ਨਹੀਂ, ਪਰੇ ਤੇ ਪਰੇ ਲੀਲ੍ਹਾ ਹੈ।

(੭) ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ॥੨੦॥
ਬਾਣੀ ਲਾਗੈ ਸੋ ਗਤਿ ਪਾਏ ਸਬਦੇ ਸਚਿ ਸਮਾਈ॥੨੧॥

ਰਾਮਕਲੀ ਮਹਲਾ ੩, ਪੰਨਾ ੯੦੯-੧੦

"ਭਗਤ ਜਨਾ ਕੀ ਊਤਮ ਬਾਣੀ" ਤੋਂ ਭਾਵ ਧੁਰ ਕੀ ਬਾਣੀ ਗੁਰਬਾਣੀ ਹੀ ਹੈ, ਜੋ ਗੁਰੂ ਰੂਪੀ ਭਗਤਾਂ (ਹਰੀ ਜਨਾਂ) ਦੁਆਰਾ ਅਵਤਰੀ ਹੈ। ਦੂਜੀ ਤੁਕ ਅੰਦਰ ਦਸਿਆ ਹੈ ਕਿ ਜਿਟੜੇ ਇਸ ਪਾਰਸ ਰੂਪੀ ਗੁਰਬਾਣੀ ਨਾਲ ਸਪੱਰਸ਼ ਹੋਏ ਹਨ (ਬਾਣੀ ਲਾਗੈ ਸੋ ਗਤਿ ਪਾਏ) ਉਨ੍ਹਾਂ ਦੀ ਪਰਮ ਗਤੀ ਹੋ ਗਈ ਹੈ। ਗੁਰਬਾਣੀ ਦੁਆਰਾ ਦ੍ਰਿੜ੍ਹਾਏ ਸ਼ਬਦ ਦੇ ਤੁਫੈਲ ਉਹਨਾਂ ਦੀ ਸੱਚ ਵਿਖੇ ਸਮਾਈ ਹੋਈ ਹੈ। ਸੱਚ ਤੋਂ ਭਾਵ ਨਾਮ-ਨਾਮੀ ਅਭੇਦ ਤੋਂ ਹੈ। "ਕਾਇਆ ਨਗਰੀ ਸਬਦੇ ਖੋਜੇ ਨਾਮੁ ਨਵੰਨਿਧਿ ਪਾਈ।"† ਇਸ ਦਾ ਪ੍ਰਮਾਰਥੀ ਭਾਵ ਗੁਰ-ਸ਼ਬਦ ਗੁਰ-ਮੰਤ੍ਰ ਦੇ ਅਭਿਆਸ ਦੁਆਰਾ ਘਟ ਅੰਤਰ ਘਟ ਪ੍ਰਗਾਸ ਹੋਣ ਤੋਂ ਹੈ। ਓਹੀ ਨਾਮ ਕੋਟਿ ਜੋਤਿ ਜਗੰਨਾ, ਹੀਰਾ ਰਤਨ ਮਣੀਆ ਹੋ ਕੇ ਆਸ਼ਕਾਰਾ ਹੁੰਦਾ ਹੈ। ਇਸ ਜੋਤਿ-ਪ੍ਰਕਾਸ਼ੀ-ਨਾਮ ਦੇ ਪ੍ਰਭਾਵ ਕਰਕੇ ਨੌਂ ਨਿਧੀਆਂ ਅਤੇ ਰਿਧੀਆਂ ਸਿਧੀਆਂ ਪਰਛਾਵੇਂ ਦੀ ਨਿਆਈਂ ਅਭਿਆਸੀ ਜਨਾਂ ਦੇ ਮਗਰ ਲਗੀਆਂ ਫਿਰਦੀਆਂ ਹਨ। ਪਰ ਉਹਨਾਂ 'ਤਿਲ ਨ ਤਮਾਇ', ਜੋਤਿ-ਪ੍ਰਕਾਸ਼ੀ-ਨਾਮ ਤੁਲ ਹੋਰ ਕਿਹੜੀ ਨਿਧੀ ਹੈ, ਸਰਬ ਨਿਧੀਆਂ ਦਾ ਨਿਧਾਨ ਨਾਮ ਹੈ, ਜੋ ਅੰਤਰ-ਆਤਮੇ ਆਣ (ਉਦੋਤ) ਪ੍ਰਗਟ ਹੋਇਆ। ਗੁਰ-ਮੰਤ੍ਰ ਰੂਪੀ ਨਾਮ ਸ਼ਬਦ ਦੀ ਅਭਿਆਸ ਕਮਾਈ ਕਰ ਕੇ ਇਹ ਜੋਤਿ-ਪ੍ਰਕਾਸ਼ਕ-ਵਿਸਮਾਦੀ-ਆਨੰਦ-ਰੰਗ ਬਝਦੇ ਹਨ। ਏਸ ਦਸ਼ਾ ਅੰਦਰ ਭੀ ਅਭਿਆਸੀ ਦਾ ਨਾਮ ਅਭਿਆਸ ਸੁਰਤੀ ਦੁਆਰਾ ਜਾਰੀ ਰਹਿੰਦਾ ਹੈ ਅਤੇ ਜੋਤਿ-ਰਸਿਕ ਰੰਗਾਂ ਵਿਚ ਸਿਧੰਨਾ (ਸਧਾਇਆ ਹੋਇਆ) ਨਾਮ ਅਗਾਧ ਅਨੰਦ, ਪਰਮ ਅਨੰਦ ਵਿਖੇ ਜਾ ਸਮਾਧੀ ਕਰਾਉਂਦਾ ਹੈ, ਜਿਸ ਦੀ ਥਾਹ ਕੋਈ ਨਹੀਂ। ਨਾ ਹੀ ਅਭਿਆਸ ਦਾ ਹੱਦ-ਬੰਨਾ ਕੋਈ ਹੈ, ਨਾ ਹੀ ਜੋਤਿ ਮੰਤ੍ਰ ਅਨੰਦ ਦੀ ਅਸਥਿਰਤਾ ਦੀ ਕੋਈ ਥਾਹ ਹੈ। ਇਸ ਬਿਵਸਥਾ ਅੰਦਰ ਲੀਣ ਹੋਇਆ "ਮਨਸਾ ਮਾਰਿ ਮਨੁ ਸਹਜਿ ਸਮਾਣਾ ਬਿਨੁ ਰਸਨਾ ਉਸਤਤਿ ਕਰਾਈ"* ਵਾਲੀ ਸਹਿਜ ਅਵਸਥਾ ਬਝਦੀ ਹੈ ਅਤੇ "ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ"* ਵਾਲੇ ਦਿਬ-ਜੋਤੀ ਲੋਇਣ ਓਥੇ ਜਾ ਕੇ ਹੀ ਖੁਲ੍ਹਦੇ ਹਨ ਅਤੇ "ਅਦਿਸਟੁ ਸਦਾ ਰਹੈ ਨਿਰਾਲਮੁ ਜੋਤੀ ਜੋਤਿ ਮਿਲਾਈ"* ਵਾਲੀ ਜੀਵਨ-ਮੁਕਤ ਜੋਤੀ ਜੋਤਿ ਸਮਾਏ ਰਹਿਣ, ਸਦਾ ਸਮਾਏ ਰਹਿਣ ਵਾਲਾ ਉਚ ਮੇਅਰਾਜ ਪ੍ਰਾਪਤ ਹੁੰਦਾ ਹੈ।

(੮) ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥੨੩॥

ਰਾਮਕਲੀ ਮ: ੩ ਅਨੰਦੁ, ਪੰਨਾ ੯੨੦ *

‡ਸੰਗਠ ਮ: ੫, ॥੨॥੧॥੯੧॥, ਪੰਨਾ ੬੨੯ †ਰਾਮਕਲੀ ਮ: ੩, ॥੨੨॥ (੨੭॥੨॥੧੧), ਪੰਨਾ ੯੧੦
* ਰਾਮਕਲੀ ਮ: ੩, ਅੰਕ ੨੩, ੨੪, ੨੫, ਪੰਨਾ ੯੧੦

www.AKJ.Org

# 1993 ਦੇ ਨਵੇਂ ਸਾਲ ਲਈ ਸੁਨੇਹਾ

[ਪ੍ਰਿੰ: ਗੁਰਮੁਖ ਸਿੰਘ ਜੀ, ਮੁਖੀ ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ]

'ਸੂਰਾ' ਮਾਸਕ ਪੱਤਰ ਦੇ ਸਮੂਹ ਪਾਠਕਾਂ ਨੂੰ ਦਸਵੇਂ ਪਾਤਸ਼ਾਹ ਦੇ ਗੁਰਪੁਰਬ ਦੀ ਵਧਾਈ ਦੇ ਨਾਲ ਨਾਲ ਨਵੇਂ ਸਾਲ ਦੀ ਮੁਬਾਰਕਬਾਦ ਹੈ।

ਸਿੱਖ ਕੌਮ ਬੜੇ ਸੰਘਰਸ਼ਮਈ ਸਮੇਂ ਵਿਚੋਂ ਲੰਘ ਰਹੀ ਹੈ। 1984 ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਕੀਤੇ ਗਏ ਹਮਲੇ ਦਾ ਰੋਸ ਅਜੇ ਤਕ ਕੌਮ ਦੇ ਮਨਾਂ ਵਿੱਚ ਸੁਲਘ ਰਿਹਾ ਹੈ।

ਸੁਚੇਤ ਹੋਣ ਦੀ ਲੋੜ ਹੈ ਕਿ ਸਿਖ ਕੌਮ ਦੀ ਹਸਤੀ ਮਿਟਾਣ ਲਈ ਕਈ ਪਾਸਿਆਂ ਤੋਂ ਹਮਲੇ ਹੋ ਰਹੇ ਹਨ। ਭਾਰਤ ਦੇ ਗਣਤੰਤਰ ਵਿੱਚ ਸਿੱਖ ਸਦਾ ਹੀ ਘੱਟ-ਗਿਣਤੀ ਰਹਿਣਗੇ। ਆਜ਼ਾਦੀ ਮਿਲਣ ਤੋਂ ਪਿਛੋਂ ਕਈ ਪ੍ਰਕਾਰ ਦੀਆਂ ਸਾਜਿਸ਼ਾਂ ਹੋਈਆਂ ਕਿ ਕਿਸੇ ਤਰ੍ਹਾਂ ਸਿੱਖਾਂ ਦੀ ਵੱਖਰੀ ਹਸਤੀ ਮਿਟਾ ਦਿੱਤੀ ਜਾਵੇ ਅਤੇ ਇਨ੍ਹਾਂ ਨੂੰ ਹਿੰਦੂਆਂ ਵਿੱਚ ਸ਼ਾਮਲ ਕਰ ਲਿਆ ਜਾਵੇ। ਹਿੰਦੂ ਵਿਦਵਾਨਾਂ ਦੇ ਇਹੋ ਜਿਹੇ ਲੇਖ ਤਾਂ ਆਮ ਛਪਦੇ ਹੀ ਰਹਿੰਦੇ ਹਨ ਕਿ ਸਿੱਖ ਹਿੰਦੂਆਂ ਦਾ ਸੁਧਰਿਆ ਰੂਪ ਹਨ। ਪੰਜਾਬੋਂ ਬਾਹਰ ਬੈਠੇ ਕੁਝ ਕੁ ਸਿੱਖ ਨੌਜਵਾਨ ਅਤੇ ਬਜ਼ੁਰਗ-ਪੀੜ੍ਹੀ ਵੀ

---

* ਏਸ "ਬਾਣੀਆ ਸਿਰਿ ਬਾਣੀ" ਗੁਰਬਾਣੀ ਦੀ ਕੀਰਤਨ-ਕਲਾ ਦੁਆਰਾ ਨਾਮ-ਅੰਮ੍ਰਿਤ ਦੇ ਰੰਗ ਬਝਦੇ ਹਨ ਅਤੇ ਅਜਪਾ ਜਾਪ ਦਾ ਅਸਲ ਅਨੰਦ ਏਥੇ ਹੀ ਬੱਝ ਹੁੰਦਾ ਹੈ।

(੯) ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥੪੦॥

ਰਾਮਕਲੀ ਮ: ੧ ਦਖਣੀ ਓਅੰਕਾਰੁ, ਪੰਨਾ ੯੩੫

ਇਸ ਗੁਰ-ਪ੍ਰਮਾਣ ਅੰਦਰ ਨਿਰੂਪਨ ਕੀਤਾ ਹੈ ਕਿ ਮਹਾਂ-ਪੁਰਖਾਂ ਦੀ ਬਾਣੀ ਉਪਰ ਕਿਸੇ ਵਿਰਲੇ ਗੁਰਮੁਖ ਜਨ ਦੀ ਹੀ ਸੱਚੀ ਸ਼ਰਧਾ-ਭਾਵਨੀ ਆਉਂਦੀ ਹੈ। ਜਿਨ੍ਹਾਂ ਦੀ ਸ਼ਰਧਾ-ਭਾਵਨੀ ਬੱਝੀ ਉਹਨਾਂ ਨੇ ਇਸ ਬਾਣੀ ਵਿਚੋਂ ਹੀ ਸਭ ਕੁਝ ਪਾਇਆ ਹੈ ਅਤੇ ਇਸ ਬਾਣੀ ਦੇ ਪਰਤਾਪ ਕਰਿ ਹੀ ਨਿਜ ਘਰ ਵਾਸਾ ਪ੍ਰਾਪਤ ਕੀਤਾ ਹੈ।

(੧੦) ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ ॥ ਗੁਰ ਕੈ ਸਬਦਿ ਮਨ ਕਉ ਸਮਝਾਵਹਿ ॥੧੪॥੯॥

ਮਾਰੂ ਮਹਲਾ ੧, ਪੰਨਾ ੧੦੨੮

ਏਥੇ ਦਸਿਆ ਹੈ ਕਿ ਅਕਾਲ ਪੁਰਖ ਬੇਅੰਤ ਹੈ। ਐਸੇ ਬੇਅੰਤ ਪਰਮਾਤਮਾ ਨੂੰ ਗੁਰਮਤਿ ਦੁਆਰਾ ਹੀ ਕੋਈ ਗੁਰਮੁਖ ਜਨ ਪਾਉਂਦਾ ਹੈ ਅਤੇ ਗੁਰੂ ਦੇ ਸ਼ਬਦ ਦੁਆਰਾ ਹੀ ਮਨ ਨੂੰ ਪਤਿਆਉਂਦਾ ਹੈ। ਗੁਰ-ਸ਼ਬਦ ਗੁਰਮੰਤ੍ਰ ਬਿਨਾਂ ਮਨ ਨਹੀਂ ਪਤੀਜਦਾ, ਮਨ ਬੇਸਮਝ ਸਮਝਦਾ ਨਹੀਂ। ਗੁਰ ਕੀ ਬਾਣੀ ਸਤਿ ਸਤਿ ਕਰਿ ਮੰਨਣ ਨਾਲ ਹੀ ਆਤਮਾ ਪਰਮਾਤਮਾ ਵਿਚ ਲੀਨ ਹੁੰਦਾ ਹੈ, ਨਹੀਂ ਤਾਂ ਐਵੇਂ ਨਾਮ ਗੁਰਮੰਤ੍ਰ ਗੁਰ ਕੇ ਸ਼ਬਦ ਉੱਪਰ ਸ਼ਰਧਾ ਹੀ ਨਹੀਂ ਆਉਂਦੀ। ਗੁਰਬਾਣੀ ਦੀ ਭੈ-ਭਾਵਨੀ ਅਤੇ ਸਤਿ ਸਤਿ ਕਰਿ ਮੰਨਣ ਵਾਲੀ ਗੁਰਮੁਖਤਾਈ ਗੁਰ-ਸ਼ਬਦ ਨਾਮ ਨੂੰ ਗੁਰਮੰਤ੍ਰ ਪਾਰਸ ਰੂਪੀ ਸਰੂਪ ਵਿਚ ਦ੍ਰਿੜ੍ਹਾਉਂਦੀ ਹੈ ਅਤੇ ਲਖਾਉਂਦੀ ਹੈ, ਇਸੇ ਗੁਰਬਾਣੀ ਤੋਂ ਹੀ ਨਾਮ ਪਾਈਦਾ ਹੈ:—

ਗੁਰ ਸੇਵਾ ਤੇ ਕਰਣੀ ਸਾਰ ॥ ਰਾਮ ਨਾਮੁ ਰਾਖਹੁ ਉਰਿਧਾਰ ॥
ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥੩॥੨੨॥

ਮਾਰੂ ਮਹਲਾ ੩, ਪੰਨਾ ੧੦੬੬

ਇਸ ਬਾਣੀ ਤੇ 'ਹਰਿ ਨਾਮੁ ਪਾਇਦਾ' ਵਾਲੇ ਗੁਰ-ਪ੍ਰਮਾਣ ਨੇ ਤਾਂ ਸਪੱਸ਼ਟ ਤੌਰ ਤੇ ਹੀ ਗੁਰਬਾਣੀ ਅਤੇ ਨਾਮ ਦੀ ਭਿੰਨ ਭਿੰਨ ਵਿਲੱਖਣਤਾ ਨਿਰਣੇ ਕਰ ਦਿਤੀ ਹੈ। ਹੁਣ ਇਸ ਵਿਚ ਕੋਈ ਸੰਦੇਹ ਨਹੀਂ ਰਹਿ ਗਿਆ ਕਿ ਗੁਰਬਾਣੀ ਅਤੇ ਨਾਮ ਦੇ ਭਿੰਨ ਭਿੰਨ ਸਰੂਪ ਹਨ।

['ਗੁਰਮਤਿ ਲੇਖ' ਪੁਸਤਕ ਵਿਚੋਂ]

ਹੌਲੀ ਹੌਲੀ ਇਹੋ ਮੰਨਣ ਲਗ ਪਏ ਹਨ।

ਬ੍ਰਾਹਮਣੀ ਸਿਸਟਮ ਆਪਣੇ ਆਧਾਰ ਅਵਤਾਰਵਾਦ, ਕਰਮ-ਕਾਂਡ, ਜਾਤੀ ਵੰਡ, ਇਸਤ੍ਰੀ-ਅਪਮਾਨ, ਸੂਦਰਾਂ ਤੋਂ ਘਿਰਣਾ, ਪਾਪ-ਪੁੰਨ ਦੀਆਂ ਮਨੋ-ਕਲਪਿਤ ਕਥਾ ਕਹਾਣੀਆਂ ਆਦਿ ਦੇ ਵਿਚਾਰ ਨੂੰ ਸੁਧਾਰ ਵੀ ਲਵੇ ਤਾਂ ਵੀ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੇ ਚਲਾਏ ਨਿਰਮਲ ਪੰਥ ਦੇ ਨੇੜੇ ਕਦੇ ਨਹੀਂ ਪੁਜ ਸਕਦਾ। ਨਾਨਕ ਨਿਰਮਲ ਪੰਥ ਕੇਵਲ ਅਕਾਲ ਪੁਰਖ ਦੀ ਪੂਜਾ ਅਤੇ ਉਸਦੀ ਹਸਤੀ ਨੂੰ ਸਦਾ ਅੰਗ ਸੰਗ ਅਨੁਭਵ ਕਰਨਾ ਦ੍ਰਿੜ੍ਹ ਕਰਵਾਉਂਦਾ ਹੈ। ਪਰਮੇਸ਼ਰ ਉਤੇ ਦ੍ਰਿੜ੍ਹ ਵਿਸ਼ਵਾਸ ਅਤੇ ਸਦਾ ਉਸਦੇ ਹੁਕਮ ਵਿੱਚ ਸ਼ੁਕਰ ਸ਼ੁਕਰ ਕਰਦਿਆਂ ਵਿਚਰਨਾ ਸਿੱਖ ਕਰਮ ਦੀਆਂ ਮੂਲ ਗੱਲਾਂ ਹਨ।

ਘੱਟ-ਗਿਣਤੀ ਨੂੰ ਸਦਾ ਹੀਣਤਾ ਭਾਵ ਦਾ ਪ੍ਰਭਾਵ ਰਹਿੰਦਾ ਹੈ ਅਤੇ ਕਈ ਵਾਰ ਇਸ ਪ੍ਰਭਾਵ ਹੇਠ ਘੱਟ-ਗਿਣਤੀ ਵਾਲੇ ਲੋਕ ਬਹੁ-ਗਿਣਤੀ ਵਾਲਿਆਂ ਦੀ ਖੁਸ਼ਾਮਦ ਕਰਦੇ ਹਨ। ਪਰ ਗੁਰੂ ਸਾਹਿਬ ਨੇ ਖਾਲਸੇ ਨੂੰ 'ਅਕਾਲ ਪੁਰਖ ਦੀ ਫੌਜ' ਕਹਿ ਕੇ ਹੀਣਤਾ ਭਾਵ ਵਿਚੋਂ ਕੱਢਿਆ।

ਪਰ ਅਫਸੋਸ ਕਿ ਸਾਡੇ ਕਈ ਪ੍ਰਚਾਰਕ ਅਤੇ ਵਿਦਵਾਨ ਕਥਾ ਕਰਦਿਆਂ ਜਾਂ ਲੈਕਚਰ ਦੇਂਦਿਆਂ ਬੇਮਲੂਮੇ ਜਿਹੇ ਹਿੰਦੂ ਧਰਮ ਦੀਆਂ ਪੁਰਾਣਿਕ ਕਥਾਵਾਂ ਦੇ ਹਵਾਲਿਆਂ ਨਾਲ ਗੁਰੂ ਸਾਹਿਬਾਨ ਦੇ ਸਿਧਾਂਤ ਨੂੰ ਜੋੜਨ ਦਾ ਯਤਨ ਕਰਦੇ ਹਨ, ਜਿਸਦਾ ਪ੍ਰਭਾਵ ਸੰਗਤਾਂ ਉਤੇ ਉਲਟ ਪੈਂਦਾ ਹੈ। ਇਸ ਰੁਚੀ ਤੋਂ ਬਚਣ ਦੀ ਲੋੜ ਹੈ।

ਈਸਾਈ ਮਤ ਦੇ ਇਕ ਪ੍ਰਚਾਰਕ ਮੈਕਲੋਡ ਨੇ ਸਿੱਖ ਧਰਮ ਨੂੰ ਨੀਵਾਂ ਦਿਖਾਉਣ ਲਈ ਅੰਗਰੇਜ਼ੀ ਵਿੱਚ ਕੁਝ ਪੁਸਤਕਾਂ ਰਚੀਆਂ, ਜਿਸ ਤੋਂ ਸਾਡੇ ਯੂਨੀਵਰਸਿਟੀ ਪੱਧਰ ਦੇ ਵਿਦਵਾਨ ਬੜੇ ਪ੍ਰਭਾਵਤ ਹੋਏ ਸਨ। ਉਸ ਨੇ ਸਿੱਖ ਧਰਮ ਦੇ ਮੂਲ ਸਿਧਾਂਤਾਂ ਅਤੇ ਬ੍ਰਾਹਮਣਵਾਦੀ ਪ੍ਰਭਾਵਾਂ ਵਾਲੇ ਇਤਿਹਾਸ ਦੀ ਪੜਚੋਲ ਕਰ ਕੇ ਜਾਂ ਮੀਣਿਆਂ ਤੇ ਹਿੰਦਾਲੀਆਂ ਦੇ ਹਵਾਲੇ ਦੇ ਕੇ ਨਾਨਕ ਨਿਰਮਲ ਪੰਥ ਸੰਬੰਧੀ ਕਈ ਸ਼ੰਕੇ ਖੜੇ ਕਰ ਦਿਤੇ ਹਨ। ਸਾਡੇ ਵਿਦਵਾਨਾਂ ਦੀ ਹੀਣਤਾ ਭਾਵ ਵਾਲੀ ਬੁੱਧੀ ਨੇ ਇਸ ਗੋਰੇ ਪ੍ਰਚਾਰਕ ਨੂੰ ਬੜਾ ਵੱਡਾ ਵਿਦਵਾਨ ਮੰਨ ਕੇ ਸਿਰੇ ਚਾੜ੍ਹ ਦਿਤਾ, ਜੋ ਇਕ ਵਡੀ ਭੁੱਲ ਸੀ। ਸਾਡੀ ਭੁਲ ਅਤੇ ਹੁਲੜ ਵਤੀਰੇ ਦੇ ਫਲ ਸਰੂਪ ਅੱਜ ਕਲ੍ਹ ਇਹ ਵਿਦਵਾਨ ਕੈਨੇਡਾ ਦੀ ਟ੍ਰਾਂਟੋ ਯੂਨੀਵਰਸਿਟੀ ਵਿੱਚ ਸਿੱਖ ਚੇਅਰ ਦਾ ਮੁਖੀ ਹੈ। ਉਸ ਨੇ ਦੋ ਤਿੰਨ ਸਿਖ ਨੌਜਵਾਨਾਂ ਨੂੰ ਖੂਬ ਭਰਮਾਇਆ ਹੈ। ਉਹ ਵੀ ਯੂਨੀਵਰਸਿਟੀ ਪਧਰ ਦੀਆਂ ਪੋਸਟਾਂ ਤੇ ਲੱਗੇ ਹੋਏ ਹਨ। ਉਨ੍ਹਾਂ ਦੀਆਂ ਲਿਖਤਾਂ ਅਤੇ ਬੋਲਾਂ ਵਿੱਚ ਮੈਕਲੋਡ ਦੇ ਬੋਲਾਂ ਦੀ ਦੁਰਗੰਧ ਆਉਂਦੀ ਹੈ। ਅਜਿਹੇ ਇਕ ਵਿਅਕਤੀ ਪਿਸ਼ੌਰਾ ਸਿੰਘ ਦਾ ਪੀ.-ਐਚ ਡੀ. ਦਾ ਥੀਸਸ "ਟੈਕਸਚੂਅਲ ਅਨੈਲੇਸਿਜ਼ ਐਂਡ ਮੀਨਿੰਗ ਆਫ਼ ਆਦਿ ਗ੍ਰੰਥ" ਹੈ। ਇਸ ਘਟੀਅਲ ਸ਼ਖ਼ਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਿਖ ਸਿਧਾਂਤਾਂ ਬਾਰੇ ਬਹੁਤ ਕੁਝ ਗ਼ਲਤ ਲਿਖਿਆ ਹੈ, ਜਿਸ ਕਰਕੇ ਸ਼੍ਰੋ: ਗੁ: ਪ੍ਰ: ਕਮੇਟੀ ਨੇ ਸਮੂਹ ਗੁਰੂ ਨਾਨਕ ਨਾਮ ਲੇਵਾ ਸਿਖ ਸੰਗਤਾਂ ਨੂੰ ਇਸ ਸ਼ਖ਼ਸ ਦਾ ਮੁਕੰਮਲ ਬਾਈਕਾਟ ਕਰਨ ਲਈ ਕਿਹਾ ਹੈ। ਇਸੇ ਤਰ੍ਹਾਂ ਹਰਜੋਤ ਸਿੰਘ ਓਬਰਾਏ ਕੈਨੇਡਾ ਅਤੇ ਗੁਰਵਿੰਦਰ ਸਿੰਘ ਕੈਨੇਡਾ ਗੁਰੂ ਸਾਹਿਬਾਨ ਪ੍ਰਤੀ ਅਜਿਹੀਆਂ ਆਸ਼ਰਧਕ-ਲਿਖਤਾਂ ਲਿਖ ਕੇ ਨਾਮਣਾ ਅਤੇ ਨਾਵਾਂ ਕਮਾਉਣ ਦੇ ਆਹਰ ਵਿਚ ਹਨ। ਜੋ ਗੁਰ-ਨਿੰਦਾ ਸਮਾਨ ਹੈ।

ਨਵੇਂ ਸਾਲ ਦੇ ਇਸ ਸੁਨੇਹੇ ਨਾਲ 'ਸੂਰਾ' ਦੇ ਸਮੂਹ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਭੀ ਅਤੇ ਆਪਣੇ ਬੱਚਿਆਂ ਨੂੰ ਵੀ ਸਿੱਖ ਧਰਮ ਦੀਆਂ ਮੁੱਢਲੀਆਂ ਗੱਲਾਂ ਤੋਂ ਜਾਣੂ ਕਰਵਾ ਕੇ ਉਹਨਾਂ ਵਿਚ ਸ਼ਰਧਾ-ਭਾਵਨਾ ਦ੍ਰਿੜ੍ਹ ਕਰਵਾਓ। ਇਹਨਾਂ ਆਨਮਤੀ ਪਰਚਾਰਕਾਂ, ਪੰਡਤਾਂ ਤੇ ਆਨਮਤੀ ਬਦੇਸ਼ੀ ਸਕਾਲਰਾਂ ਦੀਆਂ ਵਿਹੁਲੀਆਂ ਲਿਖਤਾਂ ਤੋਂ ਸਾਵਧਾਨ ਰਹਿਣ ਦੀ ਲੋੜ ਹੈ। ਗੁਰਮਤਿ ਤੋਂ ਘੁੱਥੇ ਉਨ੍ਹਾਂ ਸਿਖ ਵਿਦਵਾਨਾਂ ਦੀਆਂ ਲੇਖਣੀਆਂ ਤੋਂ ਵੀ ਬਚਣ ਦੀ ਲੋੜ ਹੈ ਜੋ ਕੌਮ ਲਈ ਕੋਈ ਸਾਰਥਕ ਕਾਰਜ ਕਰਨ ਦੀ ਥਾਂ, ਨਿਰਾਰਥਕ ਤੱਥਾਂ ਨੂੰ ਉਜਾਗਰ ਕਰ ਕੇ ਕੌਮ ਨੂੰ ਪਟੜੀਓਂ ਲਾਹੁਣ ਵਿਚ ਕੋਈ ਕਸਰ ਨਹੀਂ ਛਡ ਰਹੇ ਅਤੇ ਪੰਥ-ਦੋਖੀਆਂ ਲਈ ਗ਼ਲਤ ਸਮਗ੍ਰੀ ਇਕੱਠੀ ਕਰ ਕੇ ਸਿਖ ਵਿਰਸੇ ਲਈ ਕੰਡੇ ਬੀਜ ਰਹੇ ਹਨ।



www.AKJ.Org

# ਇਆਣੇ ਵੀਰ ਪ੍ਰੀਤਮ ਸਿੰਘ ਜੀ 'ਨਿਆਣਾ'

ਹਉ ਤਿਸੁ ਵਿਟਹੁ ਵਾਰਿਆ ਹੋਂਦੇ ਤਾਣਿ ਜੁ ਹੋਇ ਨਿਤਾਣਾ ॥
ਹਉ ਤਿਸੁ ਵਿਟਹੁ ਵਾਰਿਆ ਹੋਂਦੇ ਮਾਣਿ ਜੁ ਰਹੈ ਨਿਮਾਣਾ ॥
ਹਉ ਤਿਸੁ ਵਿਟਹੁ ਵਾਰਿਆ ਛੋਡਿ ਸਿਆਣਪ ਹੋਇ ਇਆਣਾ ॥
ਹਉ ਤਿਸੁ ਵਿਟਹੁ ਵਾਰਿਆ ਖਸਮੈ ਦਾ ਭਾਵੈ ਜਿਸੁ ਭਾਣਾ ॥
ਹਉ ਤਿਸੁ ਵਿਟਹੁ ਵਾਰਿਆ ਗੁਰਮੁਖਿ ਮਾਰਗੁ ਦੇਖਿ ਲੁਭਾਣਾ ॥
ਹਉ ਤਿਸੁ ਵਿਟਹੁ ਵਾਰਿਆ ਚਲਣ ਜਾਣਿ ਜੁਗਤਿ ਮਿਹਮਾਣਾ ॥
ਦੀਨ ਦੁਨੀ ਦਰਗਹ ਪਰਵਾਣਾ ॥੩॥ (੧੨)

ਭਾਈ ਗੁਰਦਾਸ ਜੀ ਦੀ ਇਸ ਪਉੜੀ ਦੀ ਇਕ ਇਕ ਸਤਰ ਦਾ ਭਾਵ ਸਾਰਾ ਹੀ ਭਾਈ ਪ੍ਰੀਤਮ ਸਿੰਘ ਜੀ 'ਇਆਣਾ' ਦੇ ਜੀਵਨ ਉਪਰ ਘਟਦਾ ਹੈ। ਭਾਈ ਪ੍ਰੀਤਮ ਸਿੰਘ ਜੀ 'ਇਆਣਾ' ਦੀ ਆਯੂ ਚਾਹੇ ੨੦-੨੨ ਸਾਲ ਦੀ ਹੀ ਸੀ, ਪਰ ਸਰੀਰ ਕਰਕੇ ਉਨ੍ਹਾਂ ਦਾ ਤਾਣ (ਤਾਕਤ) ਬੜੇ ਰਿਸ਼ਟ ਪੁਸ਼ਟ ਬਲੀ ਸਿੰਘਾਂ ਵਾਲਾ ਸੀ। ਇਤਨੀ ਤਾਣ-ਤਾਕਤ ਦੇ ਹੁੰਦਿਆਂ, ਉਹ ਇਸ ਤਾਣ ਨੂੰ ਕਦੇ ਨਹੀਂ ਜਣਾਵੰਦੇ ਸਨ, ਸਦਾ ਹੀ ਨਿਤਾਣੇ ਰਹਿੰਦੇ ਸਨ। ਆਤਮ-ਬਲ ਵਿਚ ਵੀ ਤਾਣ ਤਾਕਤ ਕਰਕੇ ਬੜੇ ਹੀ ਪ੍ਰਬੀਨ ਸਨ, ਪਰ ਆਪਣੇ ਆਤਮ ਬਲ ਦਾ ਰੰਚਕ ਮਾਤਰ ਵੀ ਇਜ਼ਹਾਰ ਕਦੇ ਨਹੀਂ ਕਰਦੇ ਸਨ। ਉਨ੍ਹਾਂ ਦੀ ਮਾਣ ਮਹੱਤਤਾ ਇਸ ਛੋਟੀ ਉਮਰ ਵਿਚ ਹੀ ਵਡ ਵਡੇਰੀ ਸੀ, ਵਡੇ ਵਡੇ ਸਿਖ ਸਰਦਾਰ, ਫ਼ੌਜੀ ਮਨਸਬਦਾਰ, ਵਡੇ ਤੋਂ ਵਡੇ ਅਹੁਦੇ ਵਾਲੇ ਰਿਆਸਤੀ ਅਹਿਲਕਾਰ, ਭਾਈ ਪ੍ਰੀਤਮ ਸਿੰਘ ਜੀ ਇਆਣੇ ਦਾ ਬੜਾ ਹੀ ਮਾਣ ਸਤਿਕਾਰ ਕਰਿਆ ਕਰਦੇ ਸਨ, ਪਰ ਇਆਣਾ ਜੀ ਸਦਾ ਹੀ ਇਤਨੇ ਮਾਣ ਦੇ ਹੁੰਦਿਆਂ ਵੀ ਨਿਮਾਣਾ ਰਹਿੰਦੇ ਸਨ। ਸੰਸਾਰੀ ਸਿਆਣਪ ਉਨ੍ਹਾਂ ਦੇ ਨੇੜੇ ਨਹੀਂ ਢੁਕਦੀ ਸੀ, ਪੁਹੰਦੀ ਹੀ ਨਹੀਂ ਸੀ। ਗੁਰਮਤਿ ਗੁਣਾਂ ਕਰਕੇ ਬੜੇ ਹੀ ਦਾਨੇ ਬੀਨੇ ਸਨ, ਮਾਨੋ ਅਕਲਾਂ ਦੇ ਕੋਟ ਹੀ ਸਨ, ਪਰ ਇਤਨੀਆਂ ਸਿਆਣਪਾਂ ਦੇ ਹੁੰਦੇ ਹੋਏ, ਸਦਾ ਆਪਣੇ ਆਪ ਨੂੰ ਇਆਣਾ ਕਰ ਜਣਾਉਂਦੇ ਸਨ। ਇਆਣਿਆਂ ਵਾਲਾ ਬੋਲ ਬੁਲਾਉ, ਇਆਣਿਆਂ ਵਾਲਾ ਕਦਰ ਕਦਰਾਉ, ਸਚ ਮੁਚ ਇਆਣਿਆਂ ਵਾਂਗੂ ਹੀ ਬੋਲਦੇ ਸਨ। ਇਆਣਿਆਂ ਬੱਚਿਆਂ ਦੀ ਤਰ੍ਹਾਂ ਬੜਾ ਹੀ ਮਿਠ-ਬੋਲੜਾ ਅਤੇ ਅਲੋਲੜਾ ਬੋਲ ਬੋਲਦੇ ਸਨ। ਸਿਆਣਿਆਂ ਵਾਲੀ ਮੱਤ, ਪਰੰਤੂ ਨਿਆਣਿਆਂ ਵਾਲਾ ਵਤੀਰਾ, ਅਕਲੀਰਾ ਰਖਦੇ ਸਨ। ਉਨ੍ਹਾਂ ਦੀ ਖ਼ਸਲਤ, ਸੁਭਾਉ ਵਿਚ ਹੀ ਜਮਾਂਦਰੂ ਇਆ-ਣਿਆਂ ਦੀ ਨਿਆਈਂ, ਸਿਆਣਾ-ਪਣ ਕੁਟ ਕੁਟ ਕੇ ਭਰਿਆ ਹੋਇਆ ਸੀ। ਅਸਾਡੀ ਵਲ ਆਮ ਬੋਲ ਵਿਚ ਇਆਣਾ ਪਦ ਨੂੰ ਨਿਆਣਾ ਕਰਕੇ ਭਾਖਦੇ ਹਨ। ਤਾਂ ਤੇ ਸਾਰੀ ਹੀ ਸੰਗਤ ਵਿਚ ਇਨ੍ਹਾਂ ਦਾ ਨਾਉਂ (ਤੁਖੱਲਸ) ਨਿਆਣਾ ਜੀ ਹੀ ਪ੍ਰਸਿਧ ਹੋ ਗਿਆ ਸੀ, ਕਿਉਂਕਿ ਇਹ ਨਿਆਣਿਆਂ (ਇਆਣਿਆਂ) ਬੱਚਿਆਂ ਵਾਂਗੂ ਹੀ ਬੋਲਿਆ ਕਰਦੇ ਸਨ, ਬੜੀ ਹੀ ਪਿਆਰੀ ਸਿਧਰੀ ਟੇਰ ਪੁਕਾਰ ਵਿਚ ਟੇਰਿਆ ਪੁਕਾਰਿਆ ਕਰਦੇ ਸਨ। ਪਉੜੀ ਦੀਆਂ ਅਗਲੀਆਂ ਸਤਰਾਂ ਦਾ ਭਾਵ ਅਗੇ ਚਲ ਕੇ ਉਨ੍ਹਾਂ ਦੀ ਜੀਵਨਾਵਲੀ ਉਪਰ ਇੰਨ ਬਿੰਨ ਘਟੇਗਾ।

ਇਨ੍ਹਾਂ ਦਾ ਨਾਮ ਅੰਮ੍ਰਿਤ ਛਕਣ ਤੋਂ ਪਹਿਲਾਂ ਭਾਈ ਸੁਰਜਨ ਸਿੰਘ ਸੀ, ਅੰਮ੍ਰਿਤ ਛਕ ਕੇ ਪ੍ਰੀਤਮ ਸਿੰਘ ਇਨ੍ਹਾਂ ਦਾ ਨਾਮ ਹੋ ਗਿਆ। ਪਰ ਫ਼ੌਜੀ ਲਾਣਾ ਆਮ ਤੌਰ ਤੇ ਇਸ ਵੀਰ ਨੂੰ ਸੁਰਜਨ ਸਿੰਘ 'ਨਿਆਣਾ' ਕਰਕੇ ਬੋਲਦਾ ਬੁਲਾਂਦਾ ਸੀ। ਪਟਿਆਲਾ ਸ਼ਹਿਰ ਦੇ ਲਾਗੇ ਹੀ ਡੇਢ ਕੁ ਮੀਲ ਦੇ ਫ਼ਾਸਲੇ ਤੇ ਇਕ ਬਡੂੰਗਰ ਨਗਰ ਹੈ। ਇਸ ਬਡੂੰਗਰ ਨਗਰ ਵਿਖੇ ਪ੍ਰਸਿੱਧ ਪਿਆਰੇ ਸ: ਜੋਗਿੰਦਰ ਸਿੰਘ ਦੀ ਕੋਠੀ ਵਸ ਰਸ ਰਹੀ ਸੀ। ਇਸ ਕੋਠੀ ਦੇ ਇਕ ਪਾਸੇ ਐਨ ਲਾਗੇ ਹੀ ਪਟਿਆਲਾ ਛਾਉਣੀ ਦੇ ਰਸਾਲਿਆਂ ਦਾ ਘੋੜਿਆਂ ਦਾ ਹਸਪਤਾਲ ਸੀ। ਇਸ ਹਸਪਤਾਲ ਦਾ ਹਾਤਾ ਅਤੇ ਸ: ਜੋਗਿੰਦਰ ਸਿੰਘ ਜੀ ਦੀ ਕੋਠੀ ਦਾ ਹਾਤਾ ਪਾਸੋ ਪਾਸ ਮਿਲਦਾ ਜੁਲਦਾ ਸੀ। ਇਸ ਹਸਪਤਾਲ ਵਿਚ ਨਿਆਣਾ ਜੀ ਡਿਸਪੈਂਸਰੀ ਦੀ ਡਿਊਟੀ ਵੀ ਅਦਾ ਕਰਦੇ ਸਨ ਤੇ ਸਾਰੇ ਹਾਤੇ ਦੀ ਖੇਤੀ-ਬਾੜੀ

ਫਲ ਫੁਲਹਾਂਗੀ ਦੀ ਨਿਗਰਾਨੀ ਵੀ ਕਰਦੇ ਸਨ ਅਤੇ ਨਾਲੇ ਹੀ ਡਿਸਪੈਂਸਰੀ ਸੰਬੰਧੀ ਗੁਰਦੁਆਰੇ ਦੇ ਗ੍ਰੰਥੀ ਵੀ ਸਨ।

ਨਿਆਣਾ ਜੀ ਦੀ ਤਬੀਅਤ ਦਾ ਝੁਕਾਉ ਕੁਦਰਤੀ ਹੀ ਪਹਿਲੇ ਦਿਨ ਤੋਂ ਪ੍ਰਮਾਰਥ ਵਲ ਸੀ। ਸ: ਜੋਗਿੰਦਰ ਸਿੰਘ ਜੀ ਦੀ ਕੋਠੀ ਵਿਚ ਅਕਸਰ ਸੰਗਤਾਂ ਤੇ ਕੀਰਤਨ ਸਮਾਗਮਾਂ ਦੀ ਗਹਿਮਾ ਗਹਿਮ ਰਿਹਾ ਕਰਦੀ ਸੀ, ਇਹ ਚੁਪ ਚੁਪੀਤੇ ਹੀ ਉਠ ਕੇ ਸਾਰੇ ਸਤਿਸੰਗ ਸਮਾਗਮ ਦਾ ਗੁਪਤੇ ਗੁਪਤੀ ਲਾਹਾ ਲੈ ਲਿਆ ਕਰਦੇ ਸਨ। ਸੰਗਤ ਦੇ ਵਿਦਾ ਹੋ ਜਾਣ ਪਿਛੋਂ ਜਦੋਂ ਭੀ ਨਿਆਣਾ ਜੀ ਨੂੰ ਫ਼ੁਰਸਤ ਮਿਲਣੀ ਤਾਂ ਗੁਰਮੁਖ ਪਿਆਰੇ ਭਾਈ ਜੋਗਿੰਦਰ ਸਿੰਘ ਜੀ ਪਾਸ ਆ ਬੈਠਦੇ ਸਨ, ਅਤੇ ਉਨ੍ਹਾਂ ਦੇ ਗੁਰਮਤਿ ਹੁਲਾਸੀ ਬਚਨਾਂ ਦੇ ਪੂਰਨ ਸਤਿਸੰਗੀ ਬਣ ਕੇ ਸੱਚਾ ਨਿਚੋੜ ਲਾਹਾ ਕਢਦੇ ਰਹਿੰਦੇ ਸਨ।

ਗੁਰਮੁਖ ਪਿਆਰੇ ਭਾਈ ਜੋਗਿੰਦਰ ਸਿੰਘ ਜੀ ਨਾਲ ਨਿਆਣਾ ਜੀ ਦਾ ਬੜਾ ਹੀ ਪਿਆਰ ਪੈ ਗਿਆ, ਅਤੇ ਇਨ੍ਹਾਂ ਦੀ ਪ੍ਰੇਰਨਾ ਨਾਲ ਹੀ ਨਿਆਣਾ ਜੀ ਜਥੇ ਪਾਸੋਂ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਜ ਗਏ। ਐਸੇ ਸਜੇ ਕਿ ਦਿਨ ਰਾਤ ਨਾਮ ਅਭਿਆਸ ਵਿਚ ਗੁਟ ਮਸਤੁਸ਼ਟ ਹੀ ਰਿਹਾ ਕਰਦੇ ਸਨ। ਹੱਥੀਂ ਕਾਰ ਕਰਨੀ, ਚਿਤ ਹਰ ਦਮ ਨਿਰੰਕਾਰ, ਸਾਈਂ ਵਾਹਿਗੁਰੂ ਦੇ ਨਾਮ ਵਿਚ ਹੀ ਪ੍ਰੋਤੇ ਰਖਣਾ, ਅੰਮ੍ਰਿਤ ਵੇਲੇ ਦੋ ਵਜੇ ਜਾਗ ਕੇ ਇਸ਼ਨਾਨ ਕਰਨਾ ਅਤੇ ਚਾਰ ਵਜੇ ਤਾਈਂ ਬਾਣੀ ਦੇ ਪਾਠ ਦਾ ਨਿਤਨੇਮ ਨਿਭਾਉਣਾ। ਫੇਰ ਚਾਰ ਵਜੇ ਤੋਂ ਪਿਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਅਤੇ ਹੁਕਮ ਲੈ ਕੇ ਇਕੱਲੇ ਹੀ ਕੀਰਤਨ ਵਿਚ ਜੁਟ ਜਾਣਾ ਇਨ੍ਹਾਂ ਦਾ ਨਿਤ ਨਮਿਤ ਕਰਮ ਸੀ। ਕੀਰਤਨ ਕਰਨ-ਸੁਣਨ ਵਿਚ ਬੜੀ ਹੀ ਪ੍ਰਬੀਨਤਾ ਰਖਦੇ ਸਨ। ਇਹ ਪ੍ਰਵਾਹ ਨਹੀਂ, ਸੰਗਤ ਜੁੜੇ ਨ ਜੁੜੇ, ਇਕੱਲਿਆਂ ਨੇ ਹੀ ਬੜੀ ਮਧੁਰ ਧੁਨੀ ਵਿਚ ਕੀਰਤਨ ਕਰਨ ਜੁਟ ਜਾਣਾ। ਹਾਰਮੋਨੀਅਮ ਵਾਜਾ ਬਜਾਣਾ ਨਿਆਣਾ ਜੀ ਨੂੰ ਨਿਆਣ-ਪੁਣੇ ਤੋਂ ਹੀ ਆਉਂਦਾ ਸੀ, ਢੋਲਕੀ ਜੋੜੀ ਭੀ ਬੜੀ ਸੋਹਣੀ ਵਜਾ ਲੈਂਦੇ ਸਨ। ਬਹੁਤ ਹੀ ਗੁਰਮਤਿ ਤਤਤਾ ਵਾਲੀ ਇਹ ਗੱਲ ਸੀ ਕਿ ਨਿਰਾ ਹੀ ਨਿਰਬਾਣ ਕੀਰਤਨ ਕਰਿਆ ਕਰਦੇ ਸਨ। ਬਾਹਰਲੀ ਕੱਚੀ ਬਾਣੀ ਦੀ ਤੁਕ ਖ਼ੁਦ ਪੜ੍ਹਨੀ ਸੁਣਨੀ ਤਾਂ ਕੀ ਸੀ, ਦੂਜੇ ਕਿਸੇ ਕੀਰਤਨੀਏ ਨੂੰ ਵੀ ਨਹੀਂ ਪੜ੍ਹਨ ਦਿੰਦੇ ਸਨ। ਉਨ੍ਹਾਂ ਦੀ ਇਸ ਸ਼ਰਧਾ ਭਾਵਨੀ ਦੀ ਅਨਿੰਨਤਾ ਵਾਲੀ ਗੱਲ ਸਾਰੀਆਂ ਹੀ ਫ਼ੌਜਾਂ, ਪਲਟਨਾਂ, ਰਸਾਲਿਆਂ, ਤੋਪਖ਼ਾਨਿਆਂ, ਸਿਖ ਸੰਗਤਾਂ ਵਿਚ ਉਘੀ ਹੋ ਗਈ ਸੀ, ਜਿਸ ਕਰਕੇ ਨਿਆਣਾ ਜੀ ਦਾ ਸਨਮਾਨ ਹੋਰ ਵੀ ਵਧੇਰਾ ਹੋ ਗਿਆ ਹੋਇਆ ਸੀ। ਸ਼ਬਦ ਕੀਰਤਨ ਦੀ ਅਮਰੀਅਤ ਅਲਾਹੀ ਖਿਚ ਦੇ ਤੁਫ਼ੈਲ ਨਿਆਣਾ ਜੀ ਦੇ ਨਾਲ ਫੌਜੀ ਕੀਰਤਨੀ ਜਥਾ ਵੀ ਖਾਸਾ ਜੁੜ ਗਿਆ ਸੀ। ਫੇਰ ਤਾਂ ਸਾਰੇ ਹੀ ਫ਼ੌਜਾਂ ਵਿਚ ਜਿਥੇ ਕਿਥੇ ਸਤਿਸੰਗ ਸਮਾਗਮ ਹੋਵੇ, ਇਸ ਕੀਰਤਨੀ ਜਥੇ ਨੂੰ ਜ਼ਰੂਰ ਬੁਲਾ ਲਿਆ ਕਰਦੇ ਸਨ। ਇਨ੍ਹਾਂ ਦੇ ਨਿਰਬਾਣ ਕੀਰਤਨ ਦੀ ਬਰਕਤ ਨਾਲ ਕਈ ਫ਼ੌਜੀ ਅਹੁਦੇਦਾਰ, ਜਮਾਦਾਰ, ਸੂਬੇਦਾਰ, ਰਸਾਲਦਾਰ ਆਦਿਕ ਚੋਟੀ ਦੇ ਨਿਰਬਾਣ ਕੀਰਨੀਏ ਬਣ ਗਏ।

ਇਨ੍ਹਾਂ ਦੀ ਦਸਾਂ ਨਹੁੰਆਂ ਦੀ ਕਮਾਈ ਬੜੀ ਹੀ ਉਚ ਕਲਾ ਦੀ ਸੀ, ਗੁਰਮਤਿ ਦੇ ਪੂਰਨ ਅੰਤਰੀਵੀ ਆਸ਼ੇ ਦੇ ਅਨੁਸਾਰ, ਪੂਰਨ ਈਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਉਂਦੇ ਸਨ। ਦਿਲ ਦੇ ਗ਼ਨੀ, ਤਬੀਅਤ ਦੇ ਬੇਪ੍ਰਵਾਹ, ਸਦਾ ਅਲਗਰਜ਼ ਅਰ ਮਸਤ ਮਤਵਾਰੇ ਹੀ ਰਹਿੰਦੇ ਸਨ। ਦਿਲ ਦੀ ਗਰੀਬੀ ਪਰਲੇ ਦਰਜੇ ਦੀਂ ਗੁਰਮਤਿ ਆਨ ਸ਼ਾਨ ਵਾਲੀ ਸੀ। ਜਿਸ ਬੇਪ੍ਰਵਾਹੀ ਅੰਦਰ ਨਿਆਣਾ ਜੀ ਖੇਡਦੇ ਹੁੰਦੇ ਸਨ, ਉਹ ਕਿਸੇ ਬੜੇ ਤੋਂ ਬੜੇ ਬਾਦਸ਼ਾਹ ਨੂੰ ਵੀ ਨਸੀਬ ਨਹੀਂ ਹੋਣੀ। ਇਨ੍ਹਾਂ ਦੇ ਘਰੋਂ ਇਨ੍ਹਾਂ ਦੀ ਸੁਪਤਨੀ ਭੀ ਬੜੀ ਹੀ ਸਿਧੀ ਸਾਦੀ ਤੇ ਸਾਦ-ਮੁਰਾਦੀ ਗੁਰਮੁਖ ਲੜਕੀ ਸੀ। ਅੰਮ੍ਰਿਤ ਛਕ ਕੇ ਰਹਿਤ ਬਹਿਤ ਵਿਚ ਤਿਆਰ-ਬਰ-ਤਿਆਰ ਅਤੇ ਨਿਆਣਾ ਜੀ ਦੀ ਪੂਰਨ ਆਗਿਆਕਾਰ ਰਹਿੰਦੀ ਸੀ। ਰੁਖਾ ਮਿਸਾ, ਲੂਣਾ ਅਲੂਣਾ ਪ੍ਰਸ਼ਾਦ ਛਕ ਕੇ ਸਦਾ ਹੀ ਸਬਰ ਸੰਤੋਖ ਵਿਚ ਰਿਹਾ ਕਰਦੇ ਸਨ। ਸਬਰ ਸੰਤੋਖ ਇਸ ਜੋੜੀ ਦਾ ਡਾਢਾ ਹੀ ਗੁਰਮਤਿ ਕਲਾ ਵਾਲਾ ਸੀ। ਕੌੜਾ ਬੋਲ ਤਾ ਬੋਲਣ ਇਹ ਜਾਣਦੇ ਹੀ ਨਹੀਂ ਸਨ, ਸਭ ਦੇ ਨਾਲ ਅਧਿਕ ਅਧੀਨਤਾ ਸਹਿਤ ਮਿਠ-ਬੋਲੇ ਹੋ ਕੇ ਬੋਲਣਾ। ਮੁਖੋਂ ਨਿਕਲੇ ਬੋਲ ਨੂੰ ਪੂਰਨ ਗੁਰਮਤਿ ਦੀ ਤੱਕੜੀ (ਤਰਾਜ਼ੂ) ਵਿਚ ਤੋਲਣਾ ਇਨ੍ਹਾਂ ਦੇ ਬਾਏਂ ਹੱਥ ਦਾ ਕਸਬ ਸੀ।

ਦੁਖ ਸੁਖ ਵਿਚ ਸਦਾ ਰਾਜ਼ੀ ਰਹਿਣਾ ਤੇ ਸੱਚੇ ਸ਼ਾਹਿਬ ਰੂਪੀ ਖਸਮ ਦਾ ਭਾਣਾ ਹਰ ਹਾਲਤ ਵਿਚ ਮਿੱਠਾ ਕਰ ਕੇ ਮੰਨਣਾ ਇਸ ਵੀਰੇ ਦੀ ਉੱਤਮ ਆਦਤ ਸੀ। ਐਸੇ ਤੱਤ ਗੁਰਮਤਿ ਵਾਲੇ ਗੁਰਮੁਖ ਸਨ ਕਿ ਅਨਮਤੀਆਂ, ਮਨ-ਮਤੀਆਂ ਦੀ ਕੁਸੰਗਤ ਤੋਂ ਸਦਾ ਬਚੇ ਰਹਿੰਦੇ ਸਨ, ਗੁਰਮਤਿ ਮਾਰਗ ਨੂੰ ਦੇਖ ਕੇ ਹੀ ਲੁਭਾਉਂਦੇ ਸਨ। ਹੋਰ ਚਾਹੇ ਕਿਤਨਾ ਹੀ ਲਾਲਚ ਦੇਵੇ, ਕਦੇ ਵੀ ਆਨਮਤੀ ਮਾਰਗ ਤੇ ਚਲਣ ਦੀ ਰੀਸ ਰੀਝਾਵਣੀ ਨਹੀਂ ਕਰਦੇ ਸਨ। ਛੋਟੀ ਉਮਰ ਵਿਚ ਹੀ ਸੰਸਾਰ ਦੇ ਸੁਖਾਂ ਤੋਂ ਸੁਤੇ ਹੀ ਉਪਰਾਮਤਾ ਰਹਿੰਦੀ ਸੀ। ਇਸ ਅਸਾਰ ਸੰਸਾਰ ਨੂੰ ਮਨ, ਬਚਨ, ਕਰਮ ਕਰਕੇ ਚਾਰ ਦਿਹਾੜੇ ਦਾ ਧੂੰਏਂ ਦਾ ਪਸਾਰ ਹੀ ਜਾਣਦੇ ਸਨ। ਜਦੋਂ ਗੱਲ ਕਰਨੀ, ਇਵੇਂ ਹੀ ਆਖਣਾ ਕਿ ਚਾਰ ਦਿਨ ਦੇ ਮਹਿਮਾਨ (ਪ੍ਰਾਹੁਣੇ) ਹੀ ਹਾਂ, ਓੜਕ ਅਗੇ ਚਲ ਬਸਣਾ ਹੈ।

ਵੀਰ ਨਿਆਣਾ ਜੀ ਦੇ ਚੇਹਰੇ ਨੂੰ ਦੇਖਦੇ ਸਾਰ ਹੀ, ਦੇਖਣਹਾਰਿਆਂ ਨੂੰ ਐਸਾ ਠਰ੍ਹੰਮਾ ਉਪਜਦਾ ਸੀ ਕਿ ਉਹ ਸ਼ਾਂਤ ਬਿਰਤ ਹੋ ਜਾਂਦੇ ਸਨ। ਜਥੇ ਦੇ ਜਿਥੇ ਕਿਥੇ ਵੀ ਭਾਰੀ ਸਤਿਸੰਗ ਸਮਾਗਮ ਹੋਣ, ਉਥੇ ਉਥੇ ਜ਼ਰੂਰ ਅਪੜਦੇ ਹੁੰਦੇ ਸਨ, ਪਰ ਸਰਕਾਰੀ ਨੌਕਰੀ ਤੋਂ ਛੁਟੀ ਲੈ ਕੇ ਅੱਪੜਦੇ ਸਨ। ਅਖੰਡ ਪਾਠੀ ਅਤੇ ਅਖੰਡ ਕੀਰਤਨੀਏ ਬੜੀ ਹੀ ਨਿਰਾਲੀ ਚਾਲ ਵਾਲੇ ਸਨ। ਉਚੀ ਤੋਂ ਉਚੀ ਸੁਰ ਨਾਲ ਪਾਠ ਕੀਰਤਨ ਕਰਨਾ ਅਤੇ ਸਾਰਿਆਂ ਦੀ ਸਮਝ ਵਿਚ ਇਨ੍ਹਾਂ ਦਾ ਪਾਠ ਕੀਰਤਨ ਸੁਖੈਨ ਹੀ ਪੈ ਜਾਂਦਾ ਸੀ। ਗੁਰਪੁਰਬ ਪੋਹ ਸੁਦੀ ਸਤਮੀ ਦੇ ਸਾਲਾਨਾ ਜੋੜ ਮੇਲੇ ਵਿਚ ਅਕਸਰ ਜ਼ਰੂਰ ਆਇਆ ਕਰਦੇ ਸਨ। ਜਿਨ੍ਹਾਂ ਜਿਨ੍ਹਾਂ ਕੀਰਤਨ-ਰਸੀਏ ਸਿਖ ਸਜਣਾਂ ਨੇ ਇਸ ਵੀਰ ਨਿਆਣਾ ਜੀ ਦੀ ਕੀਰਤਨ ਲੈਅ-ਧੁਨੀ ਸੁਣੀ ਹੈ, ਉਹ ਬਸ ਚਕ੍ਰਿਤ ਹੀ ਰਹਿ ਗਏ ਹਨ। ਸ੍ਰੀ ਆਸਾ ਜੀ ਦੀ ਵਾਰ ਦੀ ਪਉੜੀ ਐਸੇ ਥਰ ਥਰ੍ਹੰਮੇ ਲਹਿਜੇ ਨਾਲ ਅਲਾਪਿਆ ਕਰਦੇ ਸਨ ਕਿ ਸਾਰੇ ਸਰੋਤੇ ਜਨਾਂ ਦੇ ਰਗੋ ਰੇਸ਼ੇ ਵਿਚ ਇਸ ਪਉੜੀ ਦਾ ਗੁਝਾ ਅੰਤਰੀਵੀ ਭਾਵ ਰਸ ਧਸ ਜਾਂਦਾ ਸੀ। ਜਦ ਕਿਤੇ ਵੀਰ ਨਿਆਣਾ ਜੀ ਗੁਰਪੁਰਬ ਸਮਾਗਮਾਂ, ਕੀਰਤਨ ਸਤਿਸੰਗਾਂ ਵਿਚ ਆ ਜੁੜਨੋਂ ਖੁੰਜ ਜਾਂਦੇ ਸਨ, ਤਾਂ ਕਈਆਂ ਸਜਣਾਂ ਨੂੰ ਇਹ ਚੇਟਕ ਲਗ ਜਾਣੀ ਕਿ ਉਹ ਪਉੜੀ ਲੈਣ ਵਾਲਾ ਸਿੰਘ ਕਿਉਂ ਨਹੀਂ ਆਇਆ। ਜਿਤਨਾ ਚਿਰ ਵੀ ਗੁਰਮੁਖ ਪਿਆਰੇ ਸਿਰੀ ਭਾਈ ਜੋਗਿੰਦਰ ਸਿੰਘ ਜੀ ਇਸ ਜਗ ਉਤੇ ਜੀਉਂਦੇ ਰਹੇ, ਉਤਨਾ ਚਿਰ ਤਾਂ ਉਨ੍ਹਾਂ ਦੇ ਨਾਲ ਹੀ ਵੀਰ ਨਿਆਣਾ ਜੀ ਸਮਾਗਮ ਤੇ ਆਉਂਦੇ ਜਾਂਦੇ ਰਹੇ। ਜਦੋਂ ਸ: ਜੋਗਿੰਦਰ ਸਿੰਘ ਜੀ ਚੜ੍ਹਾਈਆਂ ਕਰ ਗਏ, ਫੇਰ ਤਾਂ ਮਹੀਨਿਆਂ ਸਾਲਾਂ ਬੱਧੀ ਪਟਿਆਲੇ ਵਿਖੇ ਹੀ ਸਮਾਧ-ਸਥਿਤ ਹੋ ਕੇ ਵੈਰਾਗ ਅਨੁਰਾਗੀ ਸਮੁੰਦਰ ਵਿਚ ਡੁਬਡੁ ਹੀ ਰਹਿੰਦੇ ਸਨ, ਕਦੇ ਅੱਖ ਨਹੀਂ ਉਘੜਦੀ ਸੀ। ਜਦ ਕਿਸੇ ਨੇ ਬੁਲਾਣਾ ਤਾਂ ਅਗੋਂ ਗੁਰਵਾਕ ਦੀ ਇਹ ਟੂਕ ਨਿਆਣਾ ਜੀ ਨੇ ਪੜ੍ਹ ਸੁਣਾਵਣੀ :

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥
ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ —ਸਿਰੀ ਰਾਗ ਕੀ ਵਾਰ, ਮ: ੨, ਪੰਨਾ ੮੩

ਨਾਲੇ ਇਹ ਤੁਕ ਉਚਾਰਨੀ, ਨਾਲੇ ਹੀ ਅੱਖੀਆਂ ਵਿਚੋਂ ਹੰਝੂ ਕੇਰ ਕੇ ਨੀਰੋ ਨੀਰ ਵਹਾਵਣੇ। ਐਸਾ ਡਾਢਾ ਜਿਗਰੀ ਪਿਆਰ ਨਿਆਣਾ ਜੀ ਦਾ ਗੁਰਮੁਖ ਪਿਆਰੇ ਭਾਈ ਜੋਗਿੰਦਰ ਸਿੰਘ ਜੀ ਨਾਲ ਪੀਡੀਆਂ ਗੰਢਾਂ ਵਾਲਾ ਪੈ ਗਿਆ ਸੀ।

ਗੁਰਮੁਖ ਪਿਆਰੇ ਵੀਰ ਜੋਗਿੰਦਰ ਸਿੰਘ ਜੀ ਦੇ ਅਕਾਲ ਚਲਾਣੇ ਪਿਛੋਂ ਅਸਾਡਾ ਵੀ ਪਟਿਆਲੇ ਆਵਣਾ ਜਾਵਣਾ ਅਤੇ ਫੇਰੀਆਂ ਪਾਉਣਾ ਅਕਸਰ ਰਹਿ ਹੀ ਖਲੋਤਾ ਹੈ। ਜਦ ਕਦੇ ਵੀ ਗੁਰੂ ਨੇਤ ਅਨੁਸਾਰ ਪਟਿਆਲੇ ਜਾਣ ਦਾ ਅਵਸਰ ਬਣਨਾ, ਅਸੀਂ ਨਿਆਣਾ ਜੀ ਨੂੰ ਜ਼ਰੂਰ ਮਿਲ ਕੇ ਆਉਂਦੇ ਸੀ। ਚਾਹੇ ਨਿਆਣਾ ਜੀ ਨੂੰ ਆਪਣੇ ਪਾਸ ਬੁਲਾ ਲੈਣਾ, ਜਿਥੇ ਹੋਵੀਏ ਉਥੇ ਹੀ ਆ ਜਾਂਦੇ ਸਨ। ਚਾਹੇ ਨਿਆਣਾ ਜੀ ਦੇ ਪਾਸ ਜਾ ਕੇ ਉਨ੍ਹਾਂ ਨੂੰ ਮਿਲ ਆਉਣਾ, ਅਤੇ ਦਰਸ਼ਨ-ਝਾਤੀ ਪਾ ਆਉਣੀ, ਪਰ ਅਸਾਡਾ ਹੀਅੜਾ ਬਡੂੰਗਰ ਪਿੰਡ ਦੀ ਧਰਤੀ ਵਲ ਆਵਣੋਂ ਜਾਵਣੋਂ ਕਤਰਾਂਦਾ ਹੀ ਰਹਿੰਦਾ ਸੀ, ਕਿਉਂਕਿ ਉਧਰ ਵਲ ਜਾਣ ਕਰਕੇ ਵਿਛੁੰਨੇ ਵੀਰ ਜੋਗਿੰਦਰ ਸਿੰਘ ਜੀ ਦੀ ਯਾਦ ਵਿਲੂੰਧਰਦੀ ਰਹਿੰਦੀ ਸੀ। ਤਾਂ ਤੇ ਬਹੁਤ ਕਰਕੇ ਉਤ ਵਲ ਧਾਵਨੋਂ ਸੰਕੋਚ ਹੀ ਰਹਿੰਦੀ ਸੀ।

ਅਸੀਂ ਬੜੀ ਹੀ ਪ੍ਰੀਤੀ-ਪ੍ਰੇਰਨਾ ਸਹਿਤ ਨਿਮਰੀਭੂਤ ਹੋਇ ਕੈ ਨਿਆਣਾ ਜੀ ਨੂੰ ਉਕਸਾਇਆ ਕਿ ਆਪਣੀ ਬਿਰਹੋਂ-ਸਮਾਧ ਖੋਲ੍ਹ ਕੇ ਸਗਤਾਂ ਦੇ ਬੁਲਾਵਿਆਂ ਸੱਦਿਆਂ ਉਤੇ, ਕੀਰਤਨ ਕਰਨ ਆਇਆ ਜਾਇਆ ਕਰੋ। ਨਿਆਣਾ ਜੀ ਬੜੇ ਮਿਰਦਲ ਤੇ ਸੀਤਲ ਸੁਭਾਅ ਦੇ ਸਨ। ਅਸਾਡੀ ਬਿਨੈ-ਜੋਦੜੀ ਨੂੰ ਮੰਨ ਕੇ ਉਹਨਾਂ ਫੇਰ ਪਟਿਆਲਾ ਸ਼ਹਿਰ ਦੇ ਨਿਕਟ ਸਤਿਸੰਗ ਕੀਰਤਨ-ਸਮਾਗਮਾਂ ਉਤੇ ਸਦੇ ਬੁਲਾਏ ਚਲੇ ਜਾਣਾ ਅਰੰਭ ਕੀਤਾ। ਦੂਰ ਨੇੜੇ ਸਾਰੇ ਸਤਸੰਗ-ਮੰਡਲਾਂ ਵਿਚ ਇਸ ਵੀਹ ਨਿਆਣਾ ਜੀ ਦੀ ਅਨੂਠੀ ਸਤਿਸੰਗ-ਬਿਰਤੀ ਦੀ ਧਾਂਕ ਪੈ ਗਈ। ਜਦੋਂ ਭੀ ਨਿਆਣਾ ਜੀ ਨੂੰ ਅੰਦਰੋਂ ਹਾਕ ਪੈਣੀ, ਤਾਂ ਹੁਬ ਹੁਬਾ ਕੇ ਅਸਾਡੇ ਪਾਸ ਨਾਰੰਗਵਾਲ ਚਲੇ ਆਉਣਾ ਤੇ ਘੰਟਿਆਂ ਬਧੀ ਸਤਿਸੰਗ ਬਿਲਾਸ, ਅਮਰ-ਹੁਲਾਸ ਕਰ ਕੇ ਵਾਪਸ ਮੁੜ ਜਾਵਣਾ, ਕਿਉਂਕਿ ਸਰਕਾਰੀ ਡਿਊਟੀ ਦੇ ਬੜੇ ਹੀ ਪਾਬੰਦ ਸਨ।

ਨਿਆਣਾ ਜੀ ਦੀ ਇਆਣੀ ਅਵਸਥਾ ਆਯੂ ਅਜੇ ਸਿਆਣੀ ਉਮਰਾਂ ਦੇ ਯੁਵਕਾਂ ਵਿਚ ਪ੍ਰਵੇਸ਼ ਨਹੀਂ ਹੋਈ ਸੀ ਕਿ ਭਾਣੇ ਅੰਦਰ ਨਿਆਣਾ ਜੀ ਦੇ ਅਕਾਲ ਚਲਾਣੇ ਦੇ ਦਿਨ ਨੇੜੇ ਆ ਢੁਕੇ। ਚਲਾਣਾ ਕਰਨ ਤੋਂ ਪਹਿਲਾਂ ਅਕਸਰ ਅਨੇਕਾਂ ਵਾਰ "ਚਲਣ ਜਾਣਿ ਜੁਗਤਿ ਮਿਹਮਾਣਾ" ਦੇ ਇਸ਼ਾਰੇ ਵਾਲੀਆਂ ਹੀ ਗੱਲਾਂ ਕਰਦੇ ਰਹਿੰਦੇ ਸਨ। ਚਲਣ ਜਾਣ ਦਾ ਬਹਾਨਾ ਲੈ ਕੇ ਮਿਆਦੀ ਬੁਖ਼ਾਰ ਉਨ੍ਹਾਂ ਨੂੰ ਆ ਚੰਮੜਿਆ। ਡਾਕਟਰ ਹਕੀਮ ਲੋਗ ਦਾਰੂ ਦਵਾਈ ਕਰਨ ਕਰਾਵਣ ਲਈ ਬੜਾ ਹੀ ਜ਼ੋਰ ਲਾ ਥਕੇ, ਪਰ ਨਿਆਣਾ ਜੀ ਨੇ ਇਕ ਨ ਮੰਨੀ ਕਿ ਹੁਣ ਉਠ ਚਲਣ ਦਾ ਹੁਕਮ ਹੈ। ਜਿਉਂ ਜਿਉਂ ਜ਼ੋਹਦਾਰ ਬੁਖ਼ਾਰ ਸੇਵਾ ਕਰੇ, ਤਿਉਂ ਤਿਉਂ ਹੋਰ ਜ਼ੋਰ ਜ਼ੋਰ ਇਨ੍ਹਾਂ ਦਾ ਨਾਮ ਅਭਿਆਸ ਖੰਡਾ ਖੜਕੇ। ਵੇਖਣ ਵਾਲੇ ਹੈਰਾਨ ਪ੍ਰੇਸ਼ਾਨ ਸਨ। ਓੜਕ ਨਾਮ ਦਾ ਖੰਡਾ ਖੜਕਾਉਂਦੇ ਹੋਏ ਹੀ ਸੁਖਾਲੇ ਸਵਾਸੀਂ ਪਰਲੋਕ ਨੂੰ ਪਧਾਰ ਗਏ। ਇਹ ਖ਼ਬਰ ਸੁਣ ਕੇ ਨਿਆਣਾ ਜੀ ਦੇ ਸਮੂਹ ਹਮਦਰਦੀ ਜਨ ਨਾਰੰਗਵਾਲ ਆ ਜੁੜੇ। ਸਭ ਨੇ ਜੁੜ ਮਿਲ ਕੇ ਨਿਆਣਾ ਜੀ ਦੇ ਨਮਿਤ ਖ਼ਾਸੁਲ ਖ਼ਾਸ ਅਖੰਡ ਪਾਠ ਤੇ ਅਖੰਡ ਕੀਰਤਨ ਕੀਤਾ ਤੇ ਸਭ ਨੇ ਰਸਾਇਣ ਅਮਿਉ ਰਸ ਪੀਤਾ। ਦਰਦ ਸਨੇਹ ਜਾਨੀ ਦੇ ਬਿਰਹੋਂ ਵੈਰਾਗ ਰੂਪ ਬਾਣੀ ਦੇ ਘੁਟ ਸਾਰੇ ਦਰਦੀ ਜਨਾਂ ਨੂੰ ਰਜ ਰਜ ਪਿਆਏ ਗਏ। ਜਦੋਂ ਦੇ ਉਹ ਚਲਾਣਾ ਕਰ ਗਏ ਹਨ, ਓਦੋਂ ਦੇ ਉਨ੍ਹਾਂ ਦੀ ਜਗ੍ਹਾ ਉਨ੍ਹਾਂ ਦੇ ਨਿਕਟੀ ਮਿੱਤਰ ਵੀਰ ਪ੍ਰਸੰਨ ਸਿੰਘ ਜੀ ਪਟਿਆਲੇ ਤੋਂ ਸਤਿਸੰਗ ਸਮਾਗਮਾਂ ਵਿਚ ਜੁੜਦੇ ਹਨ ਤੇ ਟਹਿਲ ਸੇਵਾ ਦੀ ਕਮਾਵਣੀ ਕਮਾਉਂਦੇ ਹਨ। ਮਾਸਟਰ ਜੋਗਿੰਦਰ ਸਿੰਘ ਜੀ 'ਬੜੂੰਦੀ' ਵਾਲੇ ਨਿਆਣਾ ਜੀ ਦੇ ਖ਼ਾਸੁਲ ਖ਼ਾਸ ਕਦਰਦਾਨਾਂ ਵਿਚੋਂ ਇਕ ਸਮੀਪੀ ਕਦਰਦਾਨ ਹਨ।

---

# ਭਾਈ ਮਹਿੰਦਰ ਸਿੰਘ ਜੀ ਮੁਹਾਲੀ ਵਿਛੋੜਾ ਦੇ ਗਏ

੧੯੬੨ ਵਿਚ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਹੋਏ। ਬੜੇ ਭੈ-ਭਾਵਨੀ ਵਾਲੇ ਉਤਸ਼ਾਹੀ ਸਿੰਘ ਸਨ। ਮੁਹਾਲੀ ਦੇ ਅਖੰਡ ਕੀਰਤਨੀ ਜਥੇ ਨੂੰ ਜਥੇਬੰਦ ਕਰ ਕੇ ਮੁਹਾਲੀ, ਚੰਡੀਗੜ੍ਹ ਅਤੇ ਆਸ ਪਾਸ ਦੇ ਪਿੰਡਾਂ ਵਿਚ ਕੀਰਤਨ-ਪ੍ਰੋਗਰਾਮ ਕਰਾਉਣ ਦੀ ਸੇਵਾ ਨਿਭਾਉਂਦੇ ਰਹੇ। ਜਥੇ ਦੇ ਕਈ ਸੈਂਟਰਲ ਸਮਾਗਮਾਂ ਵਿਚ ਸਟੇਜ ਤੇ ਕੀਰਤਨ-ਵੰਡ ਦਾ ਕਾਰਜ ਬੜੀ ਸਿਆਣਪ ਨਾਲ ਨਜਿਠਦੇ ਰਹੇ। ਅਖੰਡ ਕੀਰਤਨੀ ਜਥੇ ਦੇ ਸਲਾਹਕਾਰ ਬੋਰਡ ਦੇ ਕੋ-ਆਰਡੀਨੇਟਰ ਦੀ ਸੇਵਾ ਸੁਚੱਜੇ ਢੰਗ ਨਾਲ ਕਰਦੇ ਰਹੇ।

ਅਕਤੂਬਰ ੧੯੯੨ ਵਿਚ ਸਰਬ ਹਿੰਦ ਮੈਡੀਕਲ ਰੀਸਰਚ ਇਨਸਟੀਚੀਊਟ ਵਿਚ ਦਿਲ ਦਾ ਉਪ੍ਰੇਸ਼ਨ ਕਰਵਾਇਆ। ਅਕਾਲ ਦੇ ਸੱਦੇ ਤੇ ਮਿਤੀ ੨-੧੧-੯੨ ਨੂੰ ਹਸਪਤਾਲ ਵਿਚ ਹੀ ਗੁਰਪੁਰੀ ਪਿਆਨਾ ਕਰ ਗਏ।


www.AKJ.Org

# 'ਗਿਆਨੁ' ਕੁੰਡਾ

[ ਪ੍ਰੋਫੈਸਰ ਹਰਬੰਸ ਸਿੰਘ ਜੀ ]

ਜੰਗਲ ਵਿੱਚ ਹਾਥੀ ਬਹੁਤ ਵੱਡਾ ਜਾਨਵਰ ਹੈ। ਜਿੱਧਰ ਨੂੰ ਮੂੰਹ ਚੁੱਕ ਲਵੇ, ਧੁਸ ਦਿੰਦਾ ਹੀ ਅੱਗੇ ਵਧਦਾ ਜਾਂਦਾ ਹੈ। ਸਹਿਜੇ ਕੀਤੇ ਰੋਕਿਆਂ ਰੁਕਦਾ ਨਹੀਂ, ਤਬਾਹੀ ਮਚਾਉਂਦਾ ਭੱਜਿਆ ਫਿਰਦਾ ਹੈ। ਜੇ ਇਸ ਜਾਨਵਰ ਨੂੰ ਕਾਬੂ ਕਰ ਲਿਆ ਜਾਏ, ਇਸ ਤੇ ਮਹਾਵਤ (ਡਰਾਈਵਰ) ਸਵਾਰ ਹੋ ਜਾਵੇ ਅਤੇ ਇਸ ਨੂੰ ਇਹ ਡਰ ਪੈ ਜਾਵੇ ਕਿ ਜੇ ਮੈਂ ਮਹਾਵਤ ਦੀ ਮਰਜ਼ੀ ਤੋਂ ਉਲਟ ਐਧਰ ਓਧਰ ਨੱਠਣ ਦਾ ਹੌਸਲਾ ਕੀਤਾ ਤਾਂ ਮੇਰੇ ਸਿਰ ਵਿੱਚ ਮਹਾਵਤ ਆਪਣੇ ਹੱਥ ਫੜਿਆ ਜ਼ਬਰਦਸਤ ਸੂਆ ਖੋਭ ਦੇਵੇਗਾ, ਜਿਸ ਦੀ ਪੀੜ ਸਹਿਣੀ ਮੁਸ਼ਕਲ ਹੋ ਜਾਵੇਗੀ, ਤਾਂ ਹਾਥੀ ਤਬਾਹੀ ਮਚਾਉਣ ਦੀ ਥਾਂ ਜੰਗਲ ਵਿਚੋਂ ਵੱਡੇ ਵੱਡੇ ਲੱਕੜ ਢੋ ਕੇ ਮਕਾਨਾਂ ਲਈ ਸ਼ਤੀਰੀਆਂ ਇਕੱਠੀਆਂ ਕਰ ਦੇਵੇਗਾ, ਤਬਾਹੀ ਦੀ ਥਾਂ ਉਸਾਰੀ ਵਿੱਚ ਸਹਾਈ ਹੋਵੇਗਾ। ਇੰਨ ਬਿੰਨ ਸਾਡੇ ਸਰੀਰ ਵਿੱਚ ਮਨ ਹੈ, ਜਿਸ ਦੀ ਗੁਰਬਾਣੀ ਅੰਦਰ ਹਾਥੀ ਨਾਲ ਤੁਲਣਾ ਕੀਤੀ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਮਨ ਬਾਰੇ ਇਉਂ ਕਿਹਾ ਹੈ—

ਮਨੁ ਮੈਗਲ ਸਾਕਤੁ ਦੇਵਾਨਾ ॥ ਬਨ ਖੰਡਿ ਮਾਇਆ ਮੋਹਿ ਹੈਰਾਨਾ ॥੧॥੮॥ (ਪੰਨਾ ੪੧੫)

ਮਾਇਆ ਦਾ ਪੁਜਾਰੀ ਇਹ ਮਨ ਪਾਗਲ ਹਾਥੀ ਬਰਾਬਰ ਹੈ, ਜਿਹੜਾ ਮਾਇਆ ਦੇ ਮੋਹ ਕਾਰਨ ਸੰਸਾਰ ਰੂਪ ਜੰਗਲ ਵਿੱਚ ਪਰੇਸ਼ਾਨ ਹੋਇਆ ਭਟਕ ਰਿਹਾ ਹੈ।

ਮਨ ਬਹੁਤ ਚੰਚਲ ਹੈ, ਵੱਸ ਵਿੱਚ ਨਹੀਂ ਆਉਂਦਾ, ਦੁਬਿਧਾ ਵਿੱਚ ਫਸਿਆ ਸਾਰੇ ਪਾਸੇ ਦੌੜਿਆ ਫਿਰਦਾ ਹੈ।

ਇਹੁ ਮਨੁ ਚੰਚਲ ਵਸਿ ਨ ਆਵੈ ॥ ਦੁਬਿਧਾ ਲਾਗੈ ਦਹਦਿਸਿ ਧਾਵੈ ॥ (ਪੰਨਾ ੧੨੪)

ਹਾਥੀ ਵਾਂਗ ਇਹ ਮਨ ਵੀ ਤਾਹੀਓਂ ਹੀ ਕਾਬੂ ਆਵੇਗਾ ਜੇ ਇਸ ਦੇ ਸਿਰ ਉਤੇ ਵੀ ਕੋਈ ਸੂਆ ਅਥਵਾ ਕੁੰਡਾ ਲੈ ਕੇ ਬੈਠਾ ਹੋਵੇ ਅਤੇ ਇਸ ਨੂੰ ਇਹ ਡਰ ਹੋਵੇ ਕਿ ਜੇ ਮੈਂ ਖਰਮਸਤੀ ਕੀਤੀ, ਅਥਵਾ, ਖੋਤੇ ਵਾਂਗ ਟਪੂਸੀਆਂ ਮਾਰੀਆਂ ਤਾਂ ਮੇਰੇ ਸਿਰ ਵਿੱਚ ਵੀ ਤਿੱਖਾ ਸੂਆ ਖੁੱਭੇਗਾ, ਜਿਸਨੂੰ ਸਹਿਣਾ ਮੁਸ਼ਕਲ ਹੋਵੇਗਾ। ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ—

ਮਨੁ ਕੁੰਚਰੁ, ਪੀਲਕੁ ਗੁਰੂ, ਗਿਆਨੁ ਕੁੰਡਾ, ਜਹ ਖਿੰਚੇ ਤਹ ਜਾਇ ॥<br>
ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ ॥੨॥੨੦॥ (ਪੰਨਾ ੫੧੬)

ਮਨ-ਹਾਥੀ (ਕੁੰਚਰ), ਗੁਰੂ ਹਾਥੀਵਾਨ (ਪੀਲਕੁ), ਗਿਆਨ ਅਥਵਾ ਗੁਰੂ ਦਾ ਉਪਦੇਸ਼ ਕੁੰਡਾ (ਅੰਕਸ) ਹੈ। ਗੁਰੂ ਦੇ ਗਿਆਨ ਰੂਪ ਅੰਕਸ ਸਦਕਾ ਮਨ ਰੂਪੀ ਹਾਥੀ ਕਾਬੂ ਵਿੱਚ ਰਹਿੰਦਾ ਹੈ ਅਤੇ ਗੁਰੂ ਪੀਲਕੁ ਜਿੱਧਰ ਨੂੰ ਕਹਿੰਦਾ ਹੈ, ਉਧਰ ਨੂੰ ਹੀ ਜਾਂਦਾ ਹੈ। ਸਤਿਗੁਰੂ ਜੀ ਕਹਿੰਦੇ ਹਨ ਕਿ ਜਿਹੜਾ ਮਨ ਰੂਪੀ ਹਾਥੀ ਅੰਕਸ ਤੋਂ ਬਿਨਾ ਹੈ ਉਹ ਬਾਰ ਬਾਰ ਕੁਰਾਹੇ ਪੈਂਦਾ ਹੈ, ਅਥਵਾ, ਨਿਗੁਰਾ ਮਰ ਮਰ ਜੰਮਦਾ ਹੈ।

ਗੁਰਬਾਣੀ ਅੰਦਰ ਮਨ ਨੂੰ ਸਮਝਾਉਣ ਵਾਸਤੇ ਬਹੁਤ ਉਪਦੇਸ਼ ਮਿਲਦੇ ਹਨ। ਮਨ ਨੂੰ ਸੰਬੋਧਨ ਕਰਨ ਵਾਸਤੇ ਗੁਰੂ ਸਾਹਿਬਾਨ ਨੇ ਮੇਰੇ ਮਨ, ਮਨ ਮੇਰੇ, ਮਨ ਮੇਰਿਆ, ਮਨ ਰੇ, ਆਦਿ ਸ਼ਬਦ ਵਰਤੇ ਹਨ। ਆਓ ਦੇਖੀਏ ਕਿ "**ਮੇਰੇ ਮਨ**" ਵਾਲੇ ਸੰਬੋਧਕੀ ਅੱਖਰਾਂ ਦੁਆਰਾ ਗੁਰੂ ਸਾਹਿਬਾਨ ਨੇ ਇਸ ਮਨ ਨੂੰ ਕੀ ਗਿਆਨ ਅਥਵਾ, ਉਪਦੇਸ਼ ਦਿੱਤਾ ਹੈ—

1. **ਮੇਰੇ ਮਨ** ਗੁਰ ਕੀ ਸਿਖ ਸੁਣੀਜੈ ॥ (ਪੰਨਾ ੧੩੩੪-੫)
2. **ਮੇਰੇ ਮਨ** ਸਦਾ ਰਹਹੁ ਸਤਿਗੁਰ ਕੀ ਸਰਣਾ ॥ (ਪੰਨਾ ੧੧੩੨-੧੧)
3. **ਮੇਰੇ ਮਨ** ਸਾਧ ਸਰਣਿ ਛੁਟਕਾਰਾ ॥


www.AKJ.Org

ਬਿਨੁ ਗੁਰ ਪੂਰੇ ਜਨਮ ਮਰਣੁ ਨ ਰਹਈ ਫਿਰਿ ਆਵਤ ਬਾਰੋ ਬਾਰਾ ॥ (ਪੰਨਾ ੬੧੧-੧)

4. **ਮੇਰੇ ਮਨ** ਸਤਿਗੁਰ ਕੀ ਸੇਵਾ ਲਾਗੁ ॥
ਜੋ ਦੀਸੈ ਸੋ ਵਿਣਸਣਾ ਮਨ ਕੀ ਮਤਿ ਤਿਆਗੁ ॥ (ਪੰਨਾ ੫੦-੫)

5. **ਮੇਰੇ ਮਨ** ਸਤਿਗੁਰੁ ਸੇਵਿ ਸੁਖੁ ਹੋਈ ॥
ਜੋ ਇਛਹੁ ਸੋਈ ਫਲੁ ਪਾਵਹੁ ਫਿਰਿ ਦੂਖੁ ਨ ਵਿਆਪੈ ਕੋਈ ॥ (ਪੰਨਾ ੮੮੨-੧੭)

6. **ਮੇਰੇ ਮਨ** ਗੁਰ ਜੇਵਡੁ ਅਵਰੁ ਨ ਕੋਇ ॥
ਦੂਜਾ ਥਾਉ ਨ ਕੋ ਸੁਝੈ ਗੁਰ ਮੇਲੇ ਸਚ ਸੋਇ ॥ (ਪੰਨਾ ੪੯-੧੪)

7. **ਮੇਰੇ ਮਨ** ਰਾਮ ਨਾਮ ਨਿਤ ਗਾਵੀਐ ਰੇ ॥
ਅਗਮ ਅਗੋਚਰੁ ਨ ਜਾਈ ਹਰਿ ਲਖਿਆ ਗੁਰੁ ਪੂਰਾ ਮਿਲੈ ਲਖਾਵੀਐ ਰੇ ॥ (ਪੰਨਾ ੧੧੧੮-੩)

8. **ਮੇਰੇ ਮਨ** ਗੁਰ ਸਬਦੀ ਸੁਖੁ ਹੋਇ ॥
**ਗੁਰ ਪੂਰੇ ਕੀ ਚਾਕਰੀ ਬਿਰਥਾ ਜਾਇ ਨ ਕੋਇ ॥** (ਪੰਨਾ ੪੬-੩)

9. **ਮੇਰੇ ਮਨ** ਸੇਵ ਸਫਲ ਹਰਿ ਘਾਲ ॥ ਲੇ ਗੁਰ ਪਗ ਰੇਨ ਰਵਾਲ ॥
ਸਭਿ ਦਾਲਿਦ ਭੰਜਿ ਦੁਖ ਦਾਲ ॥ ਹਰਿ ਹੋ ਹੋ ਹੋ ਨਦਰਿ ਨਿਹਾਲ ॥ (ਪੰਨਾ ੯੭੭-੯)

10. **ਮੇਰੇ ਮਨ** ਹਰਿ ਹਰਿ ਗੁਨ **ਕਹੁ ਰੇ ॥**
ਸਤਿਗੁਰ ਕੇ ਚਰਨ ਧੋਇ ਧੋਇ ਪੂਜਹੁ, ਇਨ ਬਿਧਿ ਮੇਰਾ ਹਰਿ ਪ੍ਰਭੁ ਲਹੁ ਰੇ ॥ (ਪੰਨਾ ੧੧੧੮-੧੧)

11. **ਮੇਰੇ ਮਨ** ਮੈ ਹਰਿ ਬਿਨੁ ਅਵਰੁ ਨ ਕੋਇ ॥
ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਪਿਆਰਾ **ਕਰਿ ਦਇਆ ਅੰਮ੍ਰਿਤੁ ਮੁਖਿ ਚੋਇ ॥** (ਪੰਨਾ ੬੦੫-੨)

12. **ਮੇਰੇ ਮਨ** ਹਰਿ ਹਰਿ ਧਿਆਇ ਸੁਖੁ ਪਾਇਆ ॥
ਹਰਿ ਹਰਿ ਨਾਮੁ ਨਿਧਾਨੁ ਹੈ ਪਿਆਰਾ ਗੁਰਿ ਪੂਰੈ ਮੀਠਾ ਲਾਇਆ ॥ ਪੰਨਾ ੬੦੫-੧੭)

13. **ਮੇਰੇ ਮਨ** ਭਜੁ ਰਾਮ ਨਾਮੁ ਹਰਿ ਨਿਮਖਫਾ ॥
ਹਰਿ ਹਰਿ ਦਾਨੁ ਦੀਓ ਗੁਰਿ ਪੂਰੈ ਹਰਿ ਨਾਮਾ ਮਨਿ ਤਨਿ ਬਸਫਾ ॥ (ਪੰਨਾ ੧੩੩੬-੧੪)

14. **ਮੇਰੇ ਮਨ** ਹਰਿ ਗੁਣ ਹਰਿ ਉਚਰਹੁ ॥
ਮਸਤਕਿ ਲਿਖਤ ਲਿਖੇ ਗੁਨ ਗਾਏ **ਮਿਲਿ ਸੰਗਤਿ ਪਾਰਿ ਪਰਹੁ ॥** (ਪੰਨਾ ੭੯

15. **ਮੇਰੇ ਮਨ** ਕਲਿ ਕੀਰਤਿ ਹਰਿ ਪ੍ਰਵਣੇ ॥
ਹਰਿ ਹਰਿ ਦਇਆਲਿ ਦਇਆ ਪ੍ਰਭ ਧਾਰੀ ਲਗਿ ਸਤਿਗੁਰ ਹਰਿ ਜਪਣੇ ॥ (ਪੰਨਾ ੯੭੬-੧੮)

16. **ਮੇਰੇ ਮਨ** ਗੁਰੁ ਅਪਣਾ ਸਾਲਾਹਿ ॥
ਪੂਰਾ ਭਾਗੁ ਹੋਵੈ ਮੁਖਿ ਮਸਤਕਿ **ਸਦਾ ਹਰਿ ਕੇ ਗੁਣ ਗਾਹਿ ॥** (ਪਨਾ ੧੩੩੪-੧੮)

17. **ਮੇਰੇ ਮਨ** ਗੁਰੁ ਗੁਰੁ ਕਰਤ ਸਦਾ ਸੁਖੁ ਪਾਈਐ ॥
ਗੁਰ ਉਪਦੇਸਿ ਹਰਿ ਹਿਰਦੈ ਵਸਿਓ **ਸਾਸਿ ਗਿਰਾਸਿ ਅਪਣਾ ਖਸਮ ਧਿਆਈਐ ॥**(ਪੰਨਾ ੧੨੭੦-੯)

18. **ਮੇਰੇ ਮਨ** ਭਜੁ ਰਾਮ ਨਾਮੁ ਸਭਿ ਅਰਥਾ ॥
ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ **ਬਿਨੁ ਨਾਵੈ ਜੀਵਨੁ ਬਿਰਥਾ ॥** (ਪੰਨਾ ੬੯੬-੪)

19. **ਮੇਰੇ ਮਨ** ਮੁਖਿ ਹਰਿ ਹਰਿ ਹਰਿ ਬੋਲੀਐ ॥
ਗੁਰਮੁਖਿ ਰੰਗਿ ਚਲੂਲੈ ਰਾਤੀ ਹਰਿ ਪ੍ਰੇਮ ਭੀਨੀ ਚੋਲੀਐ ॥ (ਪੰਨਾ ੫੨੭-੧੦)

20. **ਮੇਰੇ ਮਨ** ਤੂ ਹਰਿ ਹਰਿ ਨਾਮੁ ਧਿਆਇ ॥
ਸਤਿਗੁਰਿ ਮੋ ਕਉ ਹਰਿ ਦੀਆ ਬੁਝਾਇ ॥ (ਪੰਨਾ ੫੫੯-੮)



www.AKJ.Org

21. ਮੇਰੇ ਮਨ ਤਜਿ ਨਿੰਦਾ ਹਉਮੈ ਅਹੰਕਾਰੁ ॥
ਹਰਿ ਜੀਉ ਸਦਾ ਧਿਆਇ ਤੂ ਗੁਰਮੁਖਿ ਏਕੰਕਾਰੁ ॥ (ਪੰਨਾ ੩੦-੧)

22. ਮੇਰੇ ਮਨ ਜਪਿ ਰਾਮ ਨਾਮੁ ਹਰਿ ਮਾਝਾ ॥
ਹਰਿ ਹਰਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ **ਗੁਰਿ ਗਿਆਨੁ ਦੀਓ ਮਨੁ ਸਮਝਾ ॥** (ਪੰਨਾ ੬੯੭-੧੬)

23. ਮੇਰੇ ਮਨ ਜਪਿ ਰਾਮ ਨਾਮੁ ਹਰਿ ਰੂੜਾ ॥
ਮੇਰੈ ਮਨਿ ਤਨਿ ਪ੍ਰੀਤਿ ਲਗਾਈ ਸਤਿਗੁਰਿ ਹਰਿ ਮਿਲਿਓ ਲਾਇ ਝਪੀੜਾ ॥ (ਪੰਨਾ ੬੯੮-੪)

24. ਮੇਰੇ ਮਨ ਅਨਦਿਨੁ ਧਿਆਇ ਹਰਿ ਨਾਉ ॥
ਸਤਿਗੁਰ ਕੈ ਬਚਨਿ ਅਰਾਧਿ ਤੂ ਅਨਦਿਨੁ ਗੁਣ ਗਾਉ ॥ (ਪੰਨਾ ੬੯੪-੧੫)

25. ਮੇਰੇ ਮਨ ਏਕਸ ਸਿਉ ਚਿਤੁ ਲਾਇ ॥
ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ ॥ (ਪੰਨਾ ੪੪-੫)

26. ਮੇਰੇ ਮਨ ਪ੍ਰਭ ਸਰਣਾਈ ਪਾਇ ॥
ਹਰਿ ਬਿਨੁ ਦੂਜਾ ਕੋ ਨਹੀ ਏਕੋ ਨਾਮੁ ਧਿਆਇ ॥ (ਪੰਨਾ ੪੬-੧੧)

27. ਮੇਰੇ ਮਨ ਹਰਿ ਬਿਨੁ ਅਵਰੁ ਨ ਕੋਇ ॥
ਪ੍ਰਭ ਸਰਣਾਈ ਸਦਾ ਰਹੁ ਦੂਖੁ ਨ ਵਿਆਪੈ ਕੋਇ ॥ (ਪੰਨਾ ੪੭-੯)

28. ਮੇਰੇ ਮਨ ਹਰਿ ਹਰਿ ਨਾਮੁ ਧਿਆਇ ॥
ਕਰ ਸੰਗਤਿ ਨਿਤ ਸਾਧ ਕੀ ਗੁਰ ਚਰਣੀ ਚਿਤੁ ਲਾਇ ॥ (ਪੰਨਾ ੪੭-੧੫)

29. ਮੇਰੇ ਮਨ ਹਰਿ ਹਰਿ ਨਾਮੁ ਧਿਆਇ ॥
**ਨਾਮੁ ਸਹਾਈ ਸਦਾ ਸੰਗਿ ਆਗੈ ਲਏ ਛਡਾਇ ॥** (ਪੰਨਾ ੪੪-੧੮)

30. ਮੇਰੇ ਮਨ ਹਰਿ ਅੰਮ੍ਰਿਤ ਨਾਮੁ ਧਿਆਇ ॥
ਸਤਿਗੁਰੁ ਪੁਰਖੁ ਮਿਲੈ ਨਾਉ ਪਾਈਐ ਹਰਿ ਨਾਮੇ ਸਦਾ ਸਮਾਇ ॥ (ਪੰਨਾ ੧੨੫੮-੧੦)

31. ਮੇਰੇ ਮਨ ਜਪਿ ਰਾਮ ਨਾਮੁ ਨੀਸਾਣੁ ॥
ਸਤਿਸੰਗਤਿ ਮਿਲਿ ਧਿਆਇ ਤੂ ਹਰਿ ਹਰਿ ਬਹੁੜਿ ਨ ਆਵਣ ਜਾਣੁ ॥ (ਪੰਨਾ ੬੦੬-੭)

32. ਮੇਰੇ ਮਨ ਜਪਿ ਰਾਮ ਨਾਮੁ ਓਮਾਹਾ ॥
ਅਨਦਿਨੁ ਅਨਦੁ ਹੋਵੈ ਵਡਭਾਗੀ ਲੈ ਗੁਰਿ ਪੂਰੈ ਹਰਿ ਲਾਹਾ ॥ (ਪੰਨਾ ੬੦੬-੧੫)

33. ਮੇਰੇ ਮਨ ਹਰਿ ਹਰਿ ਰਾਮ ਨਾਮੁ ਜਪਿ ਚੀਤਿ ॥
ਹਰਿ ਹਰਿ ਵਸਤੁ ਮਾਇਆ ਗੜਿ ਵੇੜੀ ਗੁਰ ਕੈ ਸਬਦਿ ਲੀਓ ਗੜੁ ਜੀਤਿ ॥ (ਪੰਨਾ ੧੨੯੫-੧੬)

34. ਮੇਰੇ ਮਨ ਹਰਿ ਭਜੁ ਸਭ ਕਿਲਬਿਖ ਕਾਟ ॥
ਹਰਿ ਹਰਿ ਉਰਧਾਰਿਓ ਗੁਰਿ ਪੂਰੈ ਮੇਰਾ ਸੀਸ ਕੀਜੈ ਗੁਰ ਵਾਟ ॥ (ਪੰਨਾ ੯੮੬-੧)

35. ਮੇਰੇ ਮਨ ਭਜੁ ਹਰਿ ਹਰਿ ਨਾਮੁ ਗੁਪਾਲਾ ॥
ਮੇਰਾ ਮਨੁ ਤਨੁ ਲੀਨੁ ਭਇਆ ਰਾਮ ਨਾਮੈ ਮਤਿ ਗੁਰਮਤਿ ਰਾਮ ਰਸਾਲਾ ॥ (ਪੰਨਾ ੯੮੫-੧੩)

36. ਮੇਰੇ ਮਨ ਹਰਿ ਭਜੁ ਨਾਮੁ ਨਰਾਇਣ ॥
ਹਰਿ ਹਰਿ ਕ੍ਰਿਪਾ ਕਰੇ ਸੁਖਦਾਤਾ ਗੁਰਮੁਖਿ ਭਵਜਲੁ ਹਰਿ ਨਾਮੁ ਤਰਾਇਣੁ ॥ (ਪੰਨਾ ੧੧੩੪-੩)

37. ਮੇਰੇ ਮਨ ਗੁਰਮੁਖਿ ਧਿਆਇ ਹਰਿ ਸੋਇ ॥
ਗੁਰ ਕਾ ਸਬਦੁ ਮਨਿ ਵਸੈ ਮਨੁ ਤਨੁ ਨਿਰਮਲੁ ਹੋਇ ॥ (ਪੰਨਾ ੩੨-੧੩)

38. ਮੇਰੇ ਮਨ ਕਰਨ ਸੁਣਿ ਹਰਿ ਨਾਮੁ ॥


www.AKJ.Org

ਮਿਟਹਿ ਅਘ ਤੇਰੇ ਜਨਮ ਜਨਮ ਕੇ ਕਵਨੁ ਬਪੁਰੋ ਜਾਮੁ ॥ (ਪੰਨਾ ੧੦੦੬-੯)

39. **ਮੇਰੇ ਮਨ** ਨਾਮੁ ਨਿਤ ਨਿਤ ਲੇਹ ॥
ਜਲਤ ਨਾਹੀ ਅਗਨਿ ਸਾਗਰ ਸੂਖੁ ਮਨਿ ਤਨਿ ਦੇਹ ॥ (ਪੰਨਾ ੧੦੦੬-੧੨)

40. **ਮੇਰੇ ਮਨ** ਨਾਮ ਸਿਉ ਕਰਿ ਪ੍ਰੀਤਿ ॥
ਚੇਤਿ ਮਨ ਮਹਿ ਹਰਿ ਹਰਿ ਨਿਧਾਨਾ ਏਹ ਨਿਰਮਲ ਰੀਤਿ ॥ (ਪੰਨਾ ੧੦੦੬-੧੫)

41. **ਮੇਰੇ ਮਨ** ਨਾਮੁ ਹਿਰਦੈ ਧਾਰਿ ॥
ਕਰਿ ਪ੍ਰੀਤਿ ਮਨੁ ਤਨੁ ਲਾਇ ਹਰਿ ਸਿਉ ਅਵਰ ਸਗਲ ਵਿਸਾਰਿ ॥ (ਪੰਨਾ ੧੦੦੭-੧)

42. **ਮੇਰੇ ਮਨ** ਅਨਦਿਨੁ ਧਿਆਇ ਨਾਮੁ ਹਰਿ ਜਪਨਾ ॥
ਜਹਾ ਕਹਾ ਤੁਝੁ ਰਾਖੈ ਸਭ ਠਾਈ ਸੋ ਐਸਾ ਪ੍ਰਭੁ ਸੇਵਿ ਸਦਾ ਤੂ ਅਪਨਾ ॥ (ਪੰਨਾ ੮੬੦-੧੬)

43. **ਮੇਰੇ ਮਨ** ਹਰਿ ਜਪਿ ਹਰਿ ਨਿਤ ਪੜਈਐ ॥
ਹਰਿ ਬਿਨੁ ਕੋ ਮਾਰਿ ਜੀਵਾਲਿ ਨ ਸਾਕੈ ਤਾ ਮੇਰੇ ਮਨ ਕਾਇਤੁ ਕੜਈਐ ॥ (ਪੰਨਾ ੮੬੧-੧੨)

44. **ਮੇਰੇ ਮਨ** ਨਾਮੁ ਹਰੀ ਭਜੁ ਸਦਾ ਦੀਬਾਣੁ ॥
ਜੋ ਹਰਿ ਮਹਲੁ ਪਾਵੈ ਗੁਰ ਬਚਨੀ ਤਿਸੁ ਜੇਵਡੁ ਅਵਰੁ ਨਾਹੀ ਕਿਸੈ ਦਾ ਤਾਣੁ ॥ (ਪੰਨਾ ੮੬੧-੫)

45. **ਮੇਰੇ ਮਨ** ਹਰਿ ਊਪਰਿ ਕੀਚੈ ਭਰਵਾਸਾ ॥
ਜਹ ਜਾਈਐ ਤਹ ਨਾਲਿ ਮੇਰਾ ਸੁਆਮੀ ਹਰਿ ਅਪਨੀ ਪੈਜ ਰਖੈ ਜਨ ਦਾਸਾ ॥ (ਪੰਨਾ ੮੬੦-੬)

46. **ਮੇਰੇ ਮਨ** ਆਸਾ ਕਰਿ ਜਗਦੀਸ ਗੁਸਾਈ ॥
ਜੋ ਬਿਨੁ ਹਰਿ ਆਸ ਅਵਰ ਕਾਹੂ ਕੀ ਕੀਜੈ ਸਾ ਨਿਹਫਲ ਆਸ ਸਭ ਬਿਰਥੀ ਜਾਈ ॥ (ਪੰਨਾ ੮੫੯-੬)

47. **ਮੇਰੇ ਮਨ** ਆਸ ਕਰਿ ਹਰਿ ਪ੍ਰੀਤਮ ਅਪੁਨੇ ਕੀ ਜੋ ਤੁਝੁ ਤਾਰੈ ਤੇਰਾ ਕੁਟੰਬੁ ਸਭੁ ਛਡਾਏ ॥
(ਪੰਨਾ ੮੫੯-੧੭)

48. **ਮੇਰੇ ਮਨ** ਕਾਹੇ ਰੋਸੁ ਕਰੀਜੈ ॥ ਲਾਹਾ ਕਲਜੁਗਿ ਰਾਮ ਨਾਮੁ ਹੈ ਗੁਰਮਤਿ ਅਨਦਿਨੁ ਹਿਰਦੈ ਰਵੀਜੈ ॥
(ਪੰਨਾ ੧੨੬੨-੯)

49. **ਮੇਰੇ ਮਨ** ਗੁਰ ਗੋਵਿੰਦੁ ਸਦ ਧਿਆਈਐ ॥
ਸਗਲ ਕਲੇਸ ਮਿਟਹਿ ਇਸੁ ਤਨ ਤੇ ਮਨ ਚਿੰਦਿਆ ਫਲੁ ਪਾਈਐ ॥ (ਪੰਨਾ ੬੩੦-੧੭)

50. **ਮੇਰੇ ਮਨ** ਨਾਮੁ ਅੰਮ੍ਰਿਤੁ ਪੀਉ ॥
ਆਨ ਸਾਦ ਬਿਸਾਰਿ ਹੋਛੇ ਅਮਰੁ ਜੁਗੁ ਜੁਗੁ ਜੀਉ ॥ (ਪੰਨਾ ੧੦੦੭-੪)

ਉੱਪਰ ਦਿੱਤੇ ਸ਼ਬਦਾਂ ਦੀਆਂ ਤੁਕਾਂ ਦੇ ਆਧਾਰ ਤੇ ਸੰਖੇਪ ਵਿਚ ਗੁਰ-ਗਿਆਨ ਇਉਂ ਬਿਆਨ ਕੀਤਾ ਜਾ ਸਕਦਾ ਹੈ :—

**ਮੇਰੇ ਮਨ :—**

1. ਗੁਰ ਕੀ ਸਿਖ ਸੁਣੀਜੈ ।
2. ਸਦਾ ਰਹਹੁ ਸਤਿਗੁਰ ਕੀ ਸਰਣਾ ।
3. ਸਾਧ (ਗੁਰੂ) ਸਰਣਿ ਛੁਟਕਾਰਾ ।
4. ਸਤਿਗੁਰ ਕੀ ਸੇਵਾ ਲਾਗੁ ।
5. ਸਤਿਗੁਰੁ ਸੇਵਿ ਸੁਖੁ ਹੋਇ ।
6. ਗੁਰ ਜੇਵਡੁ ਅਵਰੁ ਨ ਕੋਇ ।
7. ਰਾਮ ਨਾਮ ਨਿਤ ਗਾਵੀਐ ਰੇ ।
8. ਅਗਮ ਅਗੋਚਰੁ (ਅਕਾਲ ਪੁਰਖ) ਨ ਜਾਈ ਹਰਿ ਲਖਿਆ, ਗੁਰੁ ਪੂਰਾ ਮਿਲੈ ਲਖਾਵੀਐ ਰੇ ।
9. ਗੁਰ ਸਬਦੀ ਸੁਖੁ ਹੋਇ ।
10. ਗੁਰ ਪੂਰੇ ਕੀ ਚਾਕਰੀ ਬਿਰਥਾ ਜਾਇ ਨ ਕੋਇ ।
11. ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਪਿਆਰਾ, ਕਰਿ ਦਇਆ ਅੰਮ੍ਰਿਤੁ ਮੁਖਿ ਚੋਇ ।


www.AKJ.Org

12. ਮਿਲਿ ਸੰਗਤਿ ਪਾਰਿ ਪਰਹੁ ।
13. ਗੁਰੁ ਅਪਣਾ ਸਾਲਾਹਿ ।
14. ਗੁਰੁ ਗੁਰੁ ਕਰਤ ਸਦਾ ਸੁਖੁ ਪਾਈਐ ।
15. ਸਾਸਿ ਗਿਰਾਸਿ ਅਪਣਾ ਖਸਮ ਧਿਆਈਐ ।
16. ਬਿਨੁ ਨਾਵੈ ਜੀਵਨੁ ਬਿਰਥਾ ।
17. ਤਜਿ ਨਿੰਦਾ, ਹਉਮੈ ਅਹੰਕਾਰੁ ।
18. ਅਨਦਿਨੁ ਧਿਆਇ ਹਰਿ ਨਾਉ ।
19. ਏਕਸ (੧ੳ) ਸਿਉ ਚਿਤੁ ਲਾਇ ।
20. ਪ੍ਰਭ ਸ੍ਰਣਾਈ ਸਦਾ ਰਹੁ ।
21. ਗੁਰ ਚਰਣੀ ਚਿਤੁ ਲਾਇ ।
22. ਹਰਿ ਹਰਿ ਨਾਮੁ ਧਿਆਇ ।
23. ਨਾਮੁ ਸਹਾਈ ਸਦਾ ਸੰਗਿ, ਆਗੈ ਲਏ ਛਡਾਇ ।
24. ਗੁਰ ਕੈ ਸਬਦ ਲੀਓ ਗੜੁ ਜੀਤਿ ।
25. ਗੁਰ ਕਾ ਸਬਦੁ ਮਨਿ ਵਸੈ, ਮਨੁ ਤਨੁ ਨਿਰਮਲੁ ਹੋਇ ।
26. ਕਹਨ ਸੁਣਿ ਹਰਿ ਨਾਮੁ ।
27. ਨਾਮੁ ਨਿਤ ਨਿਤ ਲੇਹ ।
28. ਨਾਮ ਸਿਉ ਕਰਿ ਪ੍ਰੀਤਿ ।
29. ਹਰਿ ਬਿਨੁ ਕੋ ਮਾਰਿ ਜੀਵਾਲਿ ਨ ਸਾਕੈ ।
30. ਹਰਿ ਊਪਰਿ ਕੀਚੈ ਭਰਵਾਸਾ ।
31. ਆਸ ਕਰਿ ਹਰਿ ਪ੍ਰੀਤਮ ਅਪੁਨੇ ਕੀ, ਜੋ ਤੁਝ ਤਾਰੈ ਤੇਰਾ ਕੁਟੰਬੁ ਸਭੁ ਛਡਾਈ ।
32. ਲਾਹਾ ਕਲਜੁਗਿ ਰਾਮ ਨਾਮੁ ਹੈ ।
33. ਗੁਰ ਗੋਵਿੰਦ ਸਦ ਧਿਆਈਐ । ਸਗਲ ਕਲੇਸ ਮਿਟਹਿ ਇਸੁ ਤਨ ਤੇ, ਮਨ ਚਿੰਦਿਆ ਫਲੁ ਪਾਈਐ ।
34. ਨਾਮੁ ਅੰਮ੍ਰਿਤੁ ਪੀਓ । ਆਨ ਸਾਦ ਬਿਸਾਰਿ ਹੋਛੇ ।

**ਸਤਿਗੁਰੂ ਜੀ ਦਾ ਉਪਦੇਸ਼ ਹੈ—**

ਮੇਰੇ ਮਨ ! ਹੋਰ ਸਾਰੇ ਸੁਆਦ ਤੁੱਛ ਹਨ, ਅੰਮ੍ਰਿਤ ਨਾਮ ਪੀਓ, ਇਸ ਤਰ੍ਹਾਂ ਜਨਮ ਮਰਨ ਦੇ ਚੱਕਰ ਵਿਚੋਂ ਨਿਕਲ ਕੇ ਅਮਰ (ਮਰਨ ਰਹਿਤ) ਪਦਵੀ ਪ੍ਰਾਪਤ ਕਰੋ ਅਤੇ ਜੁਗ ਜੁਗ ਜੀਓ । ਨਾਮ ਤੋਂ ਬਿਨਾ ਜੀਵਨ ਬਿਰਥਾ ਹੈ । ਨਾਮ ਦਾ ਦਾਤਾ ਸਤਿਗੁਰੂ ਹੈ । ਸਤਿਗੁਰੂ ਦਇਆਲ ਹੋ ਕੇ ਮੂੰਹ ਵਿੱਚ ਅੰਮ੍ਰਿਤ ਚੋਂ ਦਿੰਦਾ ਹੈ ।

**ਤਾਂ ਤੇ ਭਾਈ ਜਨੋ !**

ਸਭਿ ਜਾਇ ਮਿਲਹੁ ਸਤਿਗੁਰੂ ਕਉ ਮੇਰੀ ਜਿੰਦੁੜੀਏ, ਜੋ ਹਰਿ ਹਰਿ ਨਾਮੁ ਦ੍ਰਿੜਾਵੈ ਰਾਮ ॥
ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ,
ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥੨॥੫॥ (ਬਿਹਾਗੜਾ ਮ: ੪, ਪੰਨਾ ੫੪੦)

ਸਤਿਗੁਰੂ ਅਮਰਦਾਸ ਜੀ ਮਨ ਨੂੰ ਸੰਬੋਧਨ ਕਰਕੇ ਉਪਦੇਸ਼ ਦਿੰਦੇ ਹਨ—

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥
ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥
ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥
ਕਹੈ ਨਾਨਕੁ ਮੰਨ ਮੇਰੇ ਤੂ ਸਦਾ ਰਹੁ ਹਰਿ ਨਾਲੇ ॥੨॥ (ਅਨੰਦ ਸਾਹਿਬ—੯੧੭)

ਆਓ, ਅਸੀਂ ਸਤਿਗੁਰਾਂ ਵਲੋਂ ਸਾਰੀ ਲੋਕਾਈ ਵਾਸਤੇ ਦਿੱਤੇ ਗਿਆਨ ਨੂੰ ਗਹੁ ਨਾਲ ਵਿਚਾਰੀਏ ਅਤੇ ਮਨ ਵਸਾਈਏ, ਤਾਂ ਜੁ ਸਾਡੇ ਜੀਵਨ ਦਾ ਉਦੇਸ਼ ਪੂਰਾ ਹੋ ਸਕੇ ।


www.AKJ.Org

# ਹਰਿ ਮੁਸਕੀ ਮੁਸਕ ਗੰਧਾਰੇ (੨)

[ਪ੍ਰਿੰਸੀਪਲ ਸੱਜਣ ਸਿੰਘ ਜੀ, 618, ਗੋਬਿੰਦਪੁਰੀ, ਨਵੀਂ ਦਿੱਲੀ--19]

(ਲੜੀ ਜੋੜਨ ਲਈ ਵੇਖੋ ਸੂਰਾ ਸਤੰਬਰ ੧੯੯੨)

ਹਰਿ ਨਾਮ ਦੀ ਸੁਗੰਧੀ ਬਹੁਤ ਅਲੌਕਿਕ ਹੈ। ਆਮ ਤੌਰ ਤੇ ਸਾਡੇ ਹਿਰਦੇ ਦਾ ਕੰਵਲ ਮੂਧਾ ਤੇ ਮੁਰਝਾ-ਇਆ ਪਿਆ ਹੈ। ਸਤਿਗੁਰੂ ਦੇ ਸ਼ਬਦ ਦੁਆਰਾ ਕੰਵਲ ਸਿੱਧਾ ਹੁੰਦਾ ਤੇ ਖਿੜਦਾ ਹੈ। ਖਿੜਨ ਉਪਰੰਤ ਖੇੜੇ ਤੇ ਸੁਗੰਧੀ ਦੀ ਉਤਪਤੀ ਮੰਨੀ ਗਈ ਹੈ। ਧੂਪ ਦੀਪ, ਅਗਰਵਾਸੁ ਤੇ ਹੋਰ ਸੁਗਧੀਆਂ ਇਸ ਦੇ ਸਾਹਮਣੇ ਹੇਚ ਹਨ। ਇਸ ਦਾ ਵਾਸਾ ਮਨੁੱਖੀ ਕਾਇਆਂ ਵਿਚ ਇਸ ਤਰ੍ਹਾਂ ਗੁਪਤ ਰੂਪ ਵਿਚ ਹੈ ਜਿਵੇਂ ਫੁੱਲ ਦੀ ਅਡਿੱਠ ਖ਼ੁਸ਼ਬੂ ਇਸ ਵਿਚ ਸਮਾਈ ਹੁੰਦੀ ਹੈ। ਗੁਰਵਾਕ ਅਨੁਸਾਰ—

ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥ (ਧਨਾਸਰੀ ਮਹਲਾ ੯—੬੮੪)

ਅਰਥਾਤ, ਪਾਵਨ ਨਾਮ ਦੇ ਮੁਤਲਾਸ਼ੀ ਨੂੰ ਦ੍ਰਿਸ਼ਟਾਂਤ ਸਹਿਤ ਉਪਦੇਸ਼ ਹੈ ਕਿ ਤੈਨੂੰ ਘਰ ਬਾਰ ਤਿਆਗ ਕੇ ਜੰਗਲ ਵਲ ਧਾਵਨ ਦੀ ਕੀ ਲੋੜ ਹੈ। ਇਹ ਤਾਂ ਘਟ ਖੋਜਿਆਂ ਹੀ ਪ੍ਰਗਟ ਹੁੰਦਾ ਹੈ। ਪਰ ਭਰਮ-ਭੁਲੇਖੇ ਵਿੱਚ ਗ੍ਰਸਿਆ ਸਾਕਤ, ਮੂੜ ਪ੍ਰਾਣੀ, ਮਿਰਗ ਵਾਂਗਰ ਆਪਣੇ ਹੀ ਤਨ ਦੀ ਖ਼ੁਸ਼ਬੂ ਤੋਂ ਅਗਿਆਨੀ, ਥਾਂ ਥਾਂ ਸੁਗੰਧੀ ਭਾਲਦਾ ਭਟਕਦਾ ਫਿਰਦਾ ਹੈ।

(ੳ) ਅੰਤਰਿ ਵਾਸੁ ਬਹੁਤੁ ਮੁਸਕਾਈ ਭ੍ਰਮਿ ਭੂਲਾ ਮਿਰਗੁ ਸਿੰਙਾਰੇ ॥
ਬਨੁ ਬਨੁ ਢੂੰਢਿ ਢੂਢਿ ਫਿਰਿ ਥਾਕੀ ਗੁਰਿ ਪੂਰੈ ਘਰਿ ਨਿਸਤਾਰੇ ॥੪॥੪॥ (ਨਟ ਮ. ੪—੯੮੨)

(ਅ) ਜੰ ਨਰ ਭਰਮਿ ਭਰਮਿ ਉਦਿਆਨੇ ਤੇ ਸਾਕਤ ਮੂੜ ਮੁਹੇ ॥
ਜਿਉ ਮ੍ਰਿਗ ਨਾਭਿ ਬਸੈ ਬਾਸੁ ਬਸਨਾ ਭ੍ਰਮਿ ਭ੍ਰਮਿਓ ਝਾਰ ਗਹੇ ॥੩॥੪॥ (ਪ੍ਰਭਾਤੀ ਮ: ੪—੧੩੩੬)

ਇਹ ਵੀ ਸਾਵਧਾਨੀ ਦੀ ਗੱਲ ਹੈ ਕਿ ਸੁਗੰਧਤ ਨਾਮ ਦਾ ਪ੍ਰਕਾਸ਼ ਤੇ ਨਿਵਾਸ ਕੇਵਲ ਨਿਰਮਲ ਹਿਰਦੇ ਵਿਚ ਹੁੰਦਾ ਹੈ, ਮਲੀਨ ਹਿਰਦੇ ਵਿਚ ਨਹੀਂ। ਜਿਉਂ ਦੁੱਧ ਜਮਾਉਣ ਤੋਂ ਪਹਿਲਾਂ ਸੁਚੱਜੀ ਸੁਆਣੀ ਭਾਂਡੇ ਨੂੰ ਚੰਗੀ ਤਰ੍ਹਾਂ ਧੋ ਕੇ, ਮਾਂਜ ਕੇ, ਮਲੀਨਤਾ ਤੇ ਦੁਰਗੰਧ ਨੂੰ ਦੂਰ ਕਰਦੀ ਹੈ ਤੇ ਦਹੀਂ ਵਿਚੋਂ ਸ਼ੁੱਧ ਘਿਉ ਕੱਢਣ ਵਿਚ ਸਫਲ ਹੁੰਦੀ ਹੈ, ਜਿਵੇਂ ਤਜਰਬੇਕਾਰ ਕਿਸਾਨ ਬੀਜ ਬੀਜਣ ਤੋਂ ਪਹਿਲਾਂ, ਹਲ ਦੁਆਰਾ, ਧਰਤੀ ਸਾਧ ਕੇ ਬੀਜਣ ਯੋਗ ਬਣਾਉਂਦਾ ਹੈ, ਤਿਵੇਂ ਹੀ ਸਾਧਕ ਜਨ, ਨਾਮ ਬੀਜ ਦੇ ਬੀਜਣ ਤੋਂ ਕਲਪ ਬ੍ਰਿਛ ਦੀ ਪ੍ਰਫੁੱਲਤਾ ਤੱਕ, ਅਮਲੀ ਜੀਵਨ, ਘਾਲ ਮੁਸ਼ੱਕਤ, ਸੰਤੋਖ, ਨਿਮਰਤਾ ਤੇ ਪ੍ਰੇਮਾ ਭਗਤੀ ਦੀ ਓਟ ਲੈ ਕੇ ਬਖਸ਼ਸ਼ਾਂ ਤੇ ਖੁਸ਼ੀਆਂ ਨਾਲ ਝੋਲੀਆਂ ਭਰਦਾ ਹੈ।

ਦ੍ਰਿਸ਼ਟਮਾਨ ਪਦਾਰਥਾਂ ਦੀ ਖ਼ੁਸ਼ਬੂ, ਆਮ ਤੌਰ ਤੇ ਸਰੀਰਕ ਨੱਕ ਦੀ ਅਨੁਭਵਤਾ ਤੱਕ ਮਹਿਦੂਦ ਹੈ। ਵਾਤਾਵਰਣ ਨੂੰ ਪਵਿੱਤਰ ਤੇ ਅਨੁਕੂਲ ਬਣਾਉਣ ਲਈ ਇਸ ਦਾ ਯੋਗਦਾਨ ਸਲਾਹਿਆ ਗਿਆ ਹੈ। ਤਾਂ ਤੇ ਜਗਿਆਸੂ ਦੇ ਰੂਹਾਨੀ ਖੇਤਰ ਨੂੰ ਮਹਿਕਾਉਣ ਲਈ ਫੁੱਲਾਂ ਦੀ ਸੁਗੰਧੀ ਅਧੂਰੀ ਹੈ, ਉਸਨੂੰ ਦੁਨਿਆਵੀ ਸੁਗੰਧੀ ਤੋਂ ਉੱਚਾ ਉੱਠਣ ਦੀ ਲੋੜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਬਚਲੀ ਜੋਤਿ ਤੋਂ, ਪੁਸ਼ਪ ਸਮਰਪਣ ਦੁਆਰਾ ਪ੍ਰਸੰਨਤਾ ਪ੍ਰਾਪਤ ਨਹੀਂ ਹੁੰਦੀ। ਇਹ ਬਹੁਤ ਹੱਦ ਤੱਕ ਸਤਿਕਾਰ ਤੇ ਸਨਮਾਨ ਦਾ ਪ੍ਰਤੀਕ ਤੇ ਪ੍ਰਗਟਾਵਾ ਹੈ। ਅਕਾਲ ਪੁਰਖ, ਦੈਵੀ ਗੁਣਾਂ ਦੀ ਖ਼ੁਸ਼ਬੂ ਤੇ ਰੀਝਦਾ ਹੈ। ਗੁਰਸਿੱਖ ਦਾ ਰੱਬੀ ਗੁਣਾਂ ਨੂੰ ਅਪਣਾਉਣਾ, ਨਾਮ-ਪ੍ਰਾਪਤੀ ਦਾ ਸੁਚੱਜਾ ਮਾਰਗ ਹੈ ਤੇ ਨਿਸ਼ਾਨੀ ਵੀ। ਅਰੋਗ ਨਾਸਿਕਾ ਬਾਹਰਲੀ ਖ਼ੁਸ਼ਬੂ ਦੀ ਪਰਖ ਕਰਦੀ ਹੈ ਤੇ ਗੁਣਵਾਨ ਨਾਮ ਦੀ ਸੁਗੰਧੀ ਅਨੁਭਵ ਕਰਦਾ ਹੈ। ਪਾਵਨ ਹੁਕਮ ਹੈ—

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ ॥


www.AKJ.Org

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥੪॥ (ਸੂਹੀ ਛੰਤ ਮ: ੧, ਪੰਨਾ ੭੬੫-੬੬)

ਨਾਮ-ਸੁਗੰਧ ਨੂੰ ਸਮਝਣ ਵਾਲਾ, ਪਰਖਣ ਵਾਲਾ, ਘਾਲ ਦੁਆਰਾ ਢੂੰਡਣ ਵਾਲਾ ਤੇ ਰਸਕਿ ਰਸਕਿ ਰਸ ਮਾਨਣ ਵਾਲਾ ਨਾਮ-ਰਸੀਆ ਅਖਵਾਉਂਦਾ ਹੈ। ਐਸੀ ਅਵਸਥਾ ਤਕ ਰਸਾਈ ਬਹੁਤ ਕਠਨ ਹੈ, ਪਰ ਅਭਿਮਾਨੀ ਤੇ ਸਾਕਤ ਪੁਰਸ਼ ਨੂੰ ਇਸ ਦੀ ਬਿਲਕੁਲ ਸਾਰ ਨਹੀਂ, ਜਿਸ ਕਰਕੇ ਉਹ ਦੈਵੀ ਖੁਸ਼ਬੂ ਤੋਂ ਕੋਰਾ ਹੈ। ਭਾਈ ਗੁਰਦਾਸ ਜੀ ਦਾ ਫੁਰਮਾਨ ਹੈ–

ਵਾਸੁ ਨ ਆਵੈ ਗੁਣਗੁਣੈ ਪਰਮਲੁ ਮਹਿਕਾਈ ॥੩੪-੯

ਇਸ ਵਿਚ ਸ਼ੱਕ ਨਹੀਂ ਕਿ ਯਾਕੂਤ (ਲਾਲ) ਦੀ ਕੀਮਤ ਜੌਹਰੀ ਬਿਨਾ ਤੇ ਮਹਿਕ ਦੀ ਪਰਖ ਅਤਰ ਦੇ ਰਸੀਏ ਬਿਨਾ ਪਾਈ ਨਹੀਂ ਜਾਂਦੀ। ਹਜ਼ੂਰ ਦਾ ਬਚਨ ਹੈ–

ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ ॥
ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ ॥੪॥੧॥ (ਤਿਲੰਗ ਮਹਲਾ ੧ ਘਰੁ ੨–੭੨੪-੨੫)

ਭੱਟਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੀ ਉਸਤਤੀ ਵਿਚ ਸਰਬੋਤਮ ਵਿਚਾਰ ਅੰਕਿਤ ਕੀਤੇ ਹਨ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਆਪ ਦੀ ਮਹਿਮਾ ਸੰਸਾਰ ਵਿੱਚ ਇਸ ਤਰ੍ਹਾਂ ਪਸਰੀ ਹੋਈ ਹੈ, ਜਿਉਂ ਮੋਲਸਰੀ ਦੇ ਬੂਟੇ ਦੇ ਨਿੱਕੇ ਨਿੱਕੇ ਫੁੱਲ ਹਵਾ ਰਾਹੀਂ ਸਾਰੇ ਜਗਤ ਵਿਚ ਭਿੰਨੀ ਭਿੰਨੀ ਖੁਸ਼ਬੂ ਵੰਡਦੇ ਹਨ। ਕਿਸੀ ਖ਼ਾਸ ਸਥਾਨ ਦੀ ਗੱਲ ਨਹੀਂ, ਚਾਰੇ ਕੂੰਟਾਂ ਦੇ ਲੋਕ ਆਪ ਦੀ ਸ਼ੋਭਾ ਤੇ ਮਹਿਮਾ ਸੁਣ ਕੇ ਜੈ ਜੈਕਾਰ ਦੀ ਧੁਨੀ ਅਲਾਪ ਰਹੇ ਹਨ–

ਕੀਰਤਿ ਰਵਿ ਕਿਰਣਿ ਪ੍ਰਗਟਿ ਸੰਸਾਰਹ, ਸਾਖ ਤਰੋਵਰ ਮਵਲਸਰਾ ॥
ਉਤਰਿ ਦਖਿਣਹਿ ਪੁਬਿ ਅਰੁ ਪਸਚਮਿ ਜੈ ਜੈਕਾਰੁ ਜਪੰਥਿ ਨਰਾ ॥੧॥ (੧੩੯੨)

ਜੇ ਕੋਈ ਲੱਖਾਂ ਨਕਲੀ ਚਾਨਣ ਨਾਲ ਰਾਤ ਦਾ ਅੰਧੇਰਾ ਮਿਟਾਉਣ ਦਾ ਯਤਨ ਕਰੇ ਤਾਂ ਸਮੁੱਚੇ ਵਿਸ਼ਵ ਦਾ ਅੰਧਕਾਰ ਦੂਰ ਹੋਣਾ ਸੰਭਵ ਨਹੀਂ। ਪ੍ਰਕਾਸ਼ ਦਾ ਸੋਮਾ, ਸੂਰਜ, ਜਦ ਆਪਣੀਆਂ ਰਿਸ਼ਮਾਂ ਵੰਡਦਾ ਹੈ ਤਾਂ ਧਰਤੀ ਦਾ ਅੰਗ ਅੰਗ ਜਗਮਗਾ ਉਠਦਾ ਹੈ। ਸਤਿਗੁਰ ਵੀ ਰੱਬੀ ਪ੍ਰਕਾਸ਼ ਦਾ ਸੋਮਾ ਹੈ, ਨਾਮ-ਸੁਗੰਧੀ ਦਾ ਅਤੁੱਟ ਖ਼ਜ਼ਾਨਾ ਹੈ। ਹਰਿ ਨਾਮ ਦੀ ਸੁਗੰਧੀ ਇੱਕ ਜ਼ਬਰਦਸਤ ਪਰਿਵਰਤਕ ਹੈ। ਜਦ ਇਸ ਦਾ ਸੰਪਰਕ ਮੈਲੇ, ਗੰਦੇ ਹਿਰਦਿਆਂ ਨਾਲ ਹੁੰਦਾ ਹੈ ਤੇ ਉਸ ਵਿੱਚ ਰਚੀ ਸਾਰੀ ਮੈਲ ਸੜ ਕੇ ਸੁਆਹ ਬਣ ਜਾਂਦੀ ਹੈ ਅਤੇ ਹਿਰਦਾ ਨਿਰਮਲ ਹੋ ਕੇ ਸੁਗੰਧਤ ਹੋ ਜਾਂਦਾ ਹੈ। ਇਹ ਇਨਕਲਾਬੀ ਕਾਰਜ, ਕਿਰਪਾਲੂ ਸਤਿਗੁਰੂ ਦੇ ਆਪਣੇ ਵੱਸ ਹੈ, ਉਸ ਉੱਤੇ ਕਿਸੇ ਦਾ ਅਧਿਕਾਰ ਨਹੀਂ, ਜ਼ੋਰ ਨਹੀਂ, ਦਬਾਉ ਨਹੀਂ, ਕਿਉਂਕਿ ਉਹ ਸੁਤੰਤਰ ਤੇ ਸਵੈ-ਨਿਰਭਰ ਹਸਤੀ ਹੈ। ਭਗਤ ਕਬੀਰ ਜੀ ਗਉੜੀ ਰਾਗ ਦੁਆਰਾ ਫੁਰਮਾਉਂਦੇ ਹਨ–

ਕਿਰਪਾ ਕਰਿ ਕੈ ਨਾਮੁ ਦ੍ਰਿੜਾਈ ॥ ਹਰਿ ਹਰਿ ਬਾਸੁ ਸੁਗੰਧ ਬਸਾਈ ॥੫॥੧੬॥ (੩੨੬)

ਇਉਂ ਭੀ ਕਹਿ ਸਕਦੇ ਹਾਂ ਕਿ ਸਤਿਗੁਰੂ ਦਰਿਆ ਹੈ, ਅਥਾਹ ਸਾਗਰ ਹੈ, ਜਿਸ ਦਾ ਅੰਮ੍ਰਿਤ ਜਲ ਇੱਕ ਥਾਂ ਖੜੋਂਦਾ ਨਹੀਂ, ਆਪਣੇ ਵਹਾਉ ਤੇ ਗਤੀ ਤੋਂ ਰੁੱਕਦਾ ਨਹੀਂ। ਇਹ ਜਲ ਦੀ ਅਰੁੱਕ ਚਾਲ ਤੇ ਬੇਅਟਕ ਰਫਤਾਰ ਹੈ, ਜਿਹੜੀ ਸਵੱਛਤਾ ਤੇ ਨਿਰਮਲਤਾ ਨੂੰ ਸੰਭਾਲ ਕੇ ਰੱਖਦੀ ਹੈ। ਜਿਹੜਾ ਜਲ ਛੱਪੜ ਦੀ ਵਲਗਣ ਵਿੱਚ ਅਟਕ ਗਿਆ, ਉਹ ਗੰਦਾ, ਦੂਸ਼ਿਤ ਤੇ ਬਦਬੂਦਾਰ ਬਣ ਗਿਆ। ਗੁਰਦੇਵ ਜੀ ਨੇ ਭਲੀ ਭਾਂਤ ਤੱਕਿਆ ਕਿ ਭਾਰਤ ਦੇ ਮੁੱਖ ਧਰਮ ਰਸਮੋ ਰਿਵਾਜ ਦੇ ਗ਼ੈਰ-ਜ਼ਰੂਰੀ ਬੰਧਨ, ਤੇ ਛੂਤ ਛਾਤ ਦੇ ਘੇਰੇ ਵਿੱਚ ਜਕੜੇ ਆਪਣੀ ਆਕਰਖਣ ਸ਼ਕਤੀ, ਸੁੰਦਰਤਾ ਤੇ ਸੁਗੰਧੀ ਨੂੰ ਗੁਆ ਬੈਠੇ ਸਨ। ਇਸ ਕਰਕੇ ਉਹ ਸਿੱਖ ਧਰਮ ਨੂੰ ਅਜਿਹਾ ਆਦਰਸ਼ਕ ਧਰਮ ਬਣਾਉਣਾ


www.AKJ.Org

ਚਾਹੁੰਦੇ ਸਨ ਜਿਹੜਾ ਚੱਟਾਨ ਵਾਂਗਰ ਅਹਿੱਲ ਹੁੰਦਿਆਂ ਭੀ ਗਤੀਸ਼ੀਲ ਹੋਵੇ, ਖੋਖਲੇ ਜਜ਼ਬਾਤ ਵਿੱਚ ਠੋਸ ਇਨਕਲਾਬੀ ਰੰਗ ਭਰ ਸਕੇ ਤੇ ਦੁਰਗੰਧਤ ਹਿਰਦਿਆਂ ਵਿਚ ਆਸਾਂ ਦਾ ਖੇੜਾ ਉਤਪੰਨ ਕਰਨ ਦੇ ਯੋਗ ਹੋਵੇ।

ਇਸ ਪਾਵਨ ਉਦੇਸ਼ ਦੀ ਪੂਰਤੀ ਉਹੀ ਵਿਅਕਤੀ ਕਰ ਸਕਦਾ ਹੈ, ਜਿਹੜਾ ਖ਼ੁਦ ਮਨ ਦੀ ਨਿਰਮਲਤਾ, ਆਤਮਾ ਦੀ ਪਵਿੱਤ੍ਰਤਾ, ਨਾਮ ਦੀ ਸੁਗੰਧੀ ਤੇ ਵਿਗਾਸ ਦਾ ਸਰੂਪ ਹੋਵੇ। ਭੱਟਾਂ ਨੂੰ ਐਸੇ ਬ੍ਰਹਮ ਗਿਆਨੀ ਦੇ ਦਰਸ਼ਨ ਦੀ ਚਾਹ ਸੀ। ਨਿਰਾਸਿਆਂ ਨੂੰ ਗੁਰੂ ਨਾਨਕ ਦਰਬਾਰ ਵਿਚੋਂ ਆਸ਼ਾ ਦੀ ਕਿਰਨ ਦਿਖਾਈ ਦਿੱਤੀ। ਪਰਸਨ ਕਰਦਿਆਂ ਹੀ ਪੂਰਨ ਤ੍ਰਿਪਤੀ ਹੋ ਗਈ, ਬਿਲਕੁਲ ਇਸ ਤਰ੍ਹਾਂ ਜਿਉਂ ਗਾਂਧੀ ਨੂੰ ਚੰਦਨ ਦੇ ਬ੍ਰਿਛਾਂ ਦਾ ਬਾਗ ਮਿਲ ਗਿਆ ਹੋਵੇ। ਹੁਣ ਉਨ੍ਹਾਂ ਦਾ ਅੰਗ ਅੰਗ ਮੁਸ਼ਕ ਉੱਠਿਆ, ਜਿਹਬਾ ਚੰਦਨ ਦੇ ਬੂਟਿਆਂ ਦੀ ਸਿਫ਼ਤ-ਸਲਾਹ ਕੀਤੇ ਬਿਨਾਂ ਨਹੀਂ ਰਹਿ ਸਕੀ—

ਜਿਨਿ ਸਤਿਗੁਰੁ ਸੇਵਿ ਪਦਾਰਥੁ ਪਾਯਉ ਨਿਸਿ ਬਾਸੁਰ ਹਰਿ ਚਰਨ ਨਿਵਾਸੁ ॥
ਤਾ ਤੇ ਸੰਗਤਿ ਸਘਨ ਭਾਇ ਭਉ ਮਾਨਹਿ ਤੁਮ ਮਲੀਆਗਰ ਪ੍ਰਗਟ ਸੁਬਾਸੁ ॥੨॥ (੧੪੦੬)

ਗੁਰੂ ਨਾਨਕ ਦੇਵ ਜੀ ਦੀ ਅਲੌਕਿਕ ਸ਼ੋਭਾ ਹੁੰਦੀ ਤੱਕ ਕੇ ਲੋਕਾਈ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਗੁਰੂ ਨਾਨਕ ਮੁਸ਼ਕਿਆ ਹੈ। ਉਨ੍ਹਾਂ ਦੇ ਕਹਿਣ ਦਾ ਇਹ ਭਾਵ ਸੀ ਕਿ ਸੁਗੰਧੀ ਰੂਪ ਸਤਿਗੁਰੂ ਸੁਗੰਧੀ ਵੰਡਦਾ ਵੀ ਹੈ ਤੇ ਪਰਸਨਹਾਰਿਆਂ ਨੂੰ ਚੰਦਨ ਸਮਾਨ ਬਣਾਉਣ ਦੇ ਸਮੱਰਥ ਵੀ ਹੈ।

ਹਰਿ ਕੇ ਸੰਤ ਜਨਾ ਮਹਿ ਹਰਿ ਹਰਿ ਤੇ ਜਨ ਊਤਮ ਜਨਕ ਜਨਾਕ ॥
ਤਿਨ ਹਰਿ ਹਿਰਦੈ ਬਾਸੁ ਬਸਾਨੀ ਛੂਟਿ ਗਈ ਮੁਸਕੀ ਮੁਸਕਾਕ ॥੩॥੪॥ (ਕਾਨੜਾ ਮ: ੪—੧੨੯੫)

ਜਿਨ੍ਹਾਂ ਦੇ ਹਿਰਦੇ ਵਿਚ ਕਰਤਾਰ ਰੂਪ ਹਰਿ-ਚੰਦਨ ਦੀ ਸੁਗੰਧ ਬਸੀ ਹੈ, ਉਨ੍ਹਾਂ ਦੇ ਅੰਦਰੋਂ ਅੱਕ-ਰੂਪ ਮਲੀਨ ਵਾਸ਼ਨਾ ਸਹਿਜੇ ਹੀ ਵਿਨਾਸ਼ ਹੋ ਗਈ ਹੈ। ਦੂਸਰੇ ਸ਼ਬਦਾਂ ਵਿਚ ਜਦ ਖੁਸ਼ਬੂ ਦੀ ਨਿਰਮਲ ਧਾਰਾ ਗੁਰਸਿਖਾਂ ਦੀ ਨਿਰਬਲ ਆਤਮਾ ਨੂੰ ਛੁੰਹਦੀ ਹੈ ਤਾਂ ਉਨ੍ਹਾਂ ਦੇ ਹਿਰਦੇ ਅੰਦਰ ਮਹਿਕ ਭਰੇ ਦੈਵੀ ਗੁਣਾਂ ਦਾ ਟਿਕਾਣਾ ਸੁੱਤੇ ਸਿੱਧ ਹੀ ਹੋ ਜਾਂਦਾ ਹੈ। ਬਿੱਖ ਦਾ ਅੰਮ੍ਰਿਤ ਵਿਚ ਤਬਦੀਲ ਹੋਣ ਦਾ ਕੌਤਕ, ਗੁਰਬਾਣੀ ਨੇ ਕਈ ਵਾਰ ਪ੍ਰਗਟਾਇਆ ਹੈ। ਹਜ਼ੂਰ ਦਾ ਮੁੱਖ ਵਾਕ ਹੈ—

ਹਮ ਨੀਚ ਸੇ ਊਤਮ ਭਏ ਹਰਿ ਕੀ ਸਰਣਾਈ ॥
ਪਾਥਰੁ ਡੁਬਦਾ ਕਾਢਿ ਲੀਆ ਸਾਚੀ ਵਡਿਆਈ ॥
ਬਿਖੁ ਸੇ ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ ॥ ਅਕਹੁ ਪਰਮਲ ਭਏ ਅੰਤਰਿ ਵਾਸਨਾ ਵਸਾਈ ॥੫॥
(ਵਡਹੰਸ ਮਹਲਾ ੩—੫੯੫)

ਗੁਰਦੇਵ ਫੁਰਮਾਉਂਦੇ ਹਨ ਕਿ ਆਤਮ ਸਮਰਪਣ ਤੇ ਗੁਰ-ਉਪਦੇਸ਼ ਦੀ ਘਾਲ ਕਮਾਈ ਸਦਕੇ ਐਸੀ ਪਾਰਸ-ਮਈ ਕਲਾ ਵਰਤੀ ਹੈ ਕਿ ਗੁਰਮੁਖ ਜਨ ਰਾਮ ਨਾਮ ਦੀ ਰਸ-ਭਿੰਨੀ ਮਹਿਕ ਦੁਆਰਾ ਅਗੰਮੀ ਨਸ਼ੇ ਵਿਚ ਗਲਤਾਨ ਹੋ ਕੇ ਉਤਮ ਤੇ ਸ੍ਰੇਸ਼ਟ ਪਦ ਤਕ ਜਾ ਪਹੁੰਚਿਆ ਹੈ। ਗੁਰ ਫੁਰਮਾਨ ਹੈ—

ਸੰਗਤਿ ਸੰਤ ਸੰਗਿ ਲਗਿ ਊਚੇ ਜਿਉ ਪੀਪ ਪਲਾਸ ਖਾਇ ਲੀਜੈ ॥
ਸਭ ਨਰ ਮਹਿ ਪ੍ਰਾਨੀ ਊਤਮੁ ਹੋਵੈ ਰਾਮ ਨਾਮੈ ਬਾਸੁ ਬਸੀਜੈ ॥੪॥੪॥ (ਕਲਿਆਨ ਮ: ੪—੧੩੨੫)

ਇਕਾਗਰ ਚਿੱਤ ਤੇ ਸਹਜ ਧਿਆਨ ਦੀ ਮਖਮੂਰੀ ਦਸ਼ਾ ਵਿਚ ਰਸਨਾ ਦੁਆਰਾ ਸੁਆਸ ਸੁਆਸ ਜਪਿਆ ਨਾਮ ਸਬਦ ਸੁਰਤਿ ਦੀ ਲੀਨਤਾ ਦਾ ਰੂਪ ਧਾਰਨ ਕਰ ਕੇ ਕਾਇਆਂ ਨੂੰ ਫੁੱਲ ਵਾਂਗਰ ਕੋਮਲ, ਹਲਕੀ, ਰਸ ਭਰੀ, ਅਨੰਦ ਭਰਪੂਰ ਬਣਾ ਕੇ ਖੇੜਾ ਤੇ ਨਾਮ ਸੁਗੰਧ ਵੰਡਣ ਦੇ ਯੋਗ ਬਣਾਉਂਦਾ ਹੈ। ਇਸ ਸੰਬੰਧ ਵਿੱਚ ਇਕ ਗੁਰਮੁਖ ਜਨ ਦਾ ਨਿੱਜੀ ਤਜਰਬਾ ਦਿਲਚਸਪੀ ਤੋਂ ਖ਼ਾਲੀ ਨਹੀਂ ਹੈ।

ਇੱਕ ਨਾਮ ਅਭਿਆਸੀ, ਰਸ-ਲੀਨ ਅਵਸਥਾ ਵਿੱਚ ਅਗੰਮੀ ਖੁਸ਼ਬੂ ਨਾਲ ਮਸਤ ਹੁੰਦਾ ਜਾਵੇ। ਕਿਹੜੀ ਰਸ-ਭਿੰਨੜੀ ਫ਼ਜ਼ਾ ਮਹਿਕ ਪਸਾਰ ਰਹੀ ਹੈ, ਉਸ ਨੂੰ ਸਮਝ ਨ ਆਵੇ। ਇਹ ਘਟਨਾ ਹਰ ਰੋਜ਼ ਨਹੀਂ, ਕਦੇ *


www.AKJ.Org

# ਕੀ ਭਗਤ ਨਾਮਦੇਵ ਜੀ ਵਿਸ਼ਨੂੰ ਉਪਾਸ਼ਕ ਸਨ ?

[ਪ੍ਰਿੰ: ਲਾਭ ਸਿੰਘ ਜੀ, ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ, ਦਮਦਮਾ ਸਾਹਿਬ, ਤਲਵੰਡੀ ਸਾਬੋ, ਬਠਿੰਡਾ]

ਭਗਤ ਕਬੀਰ ਜੀ ਦੀ ਜੋ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਵਿੱਚ ਦਰਜ ਹੈ ਉਸ ਵਿੱਚ ਵੈਸ਼ਨਵਾਂ ਵਾਲੀ ਵਿਸ਼ਨੂੰ ਭਗਤੀ ਦਾ ਉਪਦੇਸ਼ ਨਹੀਂ ਹੈ। ਇਉਂ ਹੀ ਭਗਤ ਨਾਮਦੇਵ ਜੀ ਦੀ ਬਾਣੀ ਦੇ ਜਿਹੜੇ ੬੧ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਵਿੱਚ ਅਠਾਰਾਂ ਵੱਖ ਵੱਖ ਰਾਗਾਂ ਵਿੱਚ ਮਿਲਦੇ ਹਨ, ਇਹਨਾਂ ਵਿੱਚ ਵੀ ਵਿਸ਼ਨੂੰ ਭਗਤੀ ਦਾ ਉਪਦੇਸ਼ ਨਹੀਂ ਹੈ।

ਆਪਣੀ 'ਹਮ ਹਿੰਦੂ ਹੈਂ' ਪੁਸਤਕ ਦੇ ਪੰਨਾ ੫੫ ਤੋਂ ੫੯ ਤੱਕ ਫ਼ਿਰਕਾਪ੍ਰਸਤ ਹਿੰਦੂ ਲੇਖਕ ਰਾਜੇਂਦਰ ਸਿੰਹ ਨਿਰਾਲਾ ਨੇ ਭਗਤ ਨਾਮਦੇਵ ਜੀ ਦੀ ਬਾਣੀ ਵਿਚੋਂ ਗਿਆਰਾਂ ਸ਼ਬਦਾਂ ਦੇ ਪ੍ਰਮਾਣ ਦੇ ਕੇ ਇਹ ਸਿੱਧ ਕਰਨ ਦਾ ਦਾਅਵਾ ਕੀਤਾ ਹੈ ਕਿ ਭਗਤ ਨਾਮਦੇਵ ਜੀ ਵਿਸ਼ਨੂੰ ਦੇ ਉਪਾਸ਼ਕ ਸਨ। ਉਸ ਦੇ ਇਸ ਦਾਅਵੇ ਦਾ ਅਧਾਰ ਭਗਤ ਜੀ ਦੀ ਬਾਣੀ ਵਿੱਚ ਵਰਤੇ ਵੈਸ਼ਨਵ ਮੱਤ ਨਾਲ ਸੰਬੰਧਤ ਵਿਸ਼ਨੂੰ ਅਤੇ ਉਸ ਦੇ ਅਵਤਾਰਾਂ ਦੇ ਕੁਝ ਨਾਮ ਹਨ। ਜਾਂ ਫਿਰ ਭਗਤ ਜੀ ਦੀ ਬਾਣੀ ਵਿੱਚ ਵਰਤੀਆਂ ਕੁਝ ਪੁਰਾਤਨ ਕਥਾ ਕਹਾਣੀਆਂ ਦੇ ਹਵਾਲੇ ਹਨ। ਅਜਿਹੀਆਂ ਪੌਰਾਣਕ ਕਥਾ ਕਹਾਣੀਆਂ ਭਾਰਤੀ ਸੰਸਕ੍ਰਿਤੀ ਅਤੇ ਸਭਿਆਚਾਰ ਦਾ ਅਨਿੱਖੜ ਭਾਗ ਹਨ। ਭਗਤ ਜੀ ਨੇ ਉਹਨਾਂ ਕਥਾ ਕਹਾਣੀਆਂ ਨੂੰ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਸਾਧਨ ਵਜੋਂ ਵਰਤਿਆ ਹੈ। ਅਜਿਹਾ ਹੋਣਾ ਕੁਦਰਤੀ ਤੇ ਸੁਭਾਵਕ ਗੱਲ ਹੀ ਸੀ। ਇਹਨਾਂ ਨੇ ਆਪਣੀ ਬਾਣੀ ਵਿੱਚ ਪ੍ਰਤੀਕਾਂ, ਅਲੰਕਾਰਾਂ, ਉਪਮਾਵਾਂ, ਉਦਾਹਰਣਾਂ ਅਤੇ ਪ੍ਰਚੱਲਤ ਰੱਬੀ ਨਾਵਾਂ ਦਾ ਪ੍ਰਯੋਗ ਆਪਣੇ ਪੁਰਾਤਨ ਵਿਰਸੇ ਵਿਚੋਂ ਹੀ ਕਰਨਾ ਸੀ, ਨਾ ਕਿ ਯੂਨਾਨੀ, ਮਿਸਰੀ ਜਾਂ ਚੀਨੀ ਲੋਕਾਂ ਦੇ ਸਭਿਆਚਾਰਕ ਵਿਰਸੇ ਵਿਚੋਂ। ਭਗਤ ਨਾਮਦੇਵ ਜੀ ਦੀ ਬਾਣੀ ਵਿੱਚ ਵਰਤੇ ਇਹਨਾਂ ਨਾਵਾਂ ਤੇ ਉਦਾਹਰਣਾਂ ਦੇ ਪ੍ਰਯੋਗ ਤੋਂ ਉਹਨਾਂ ਨੂੰ ਵਿਸ਼ਨੂੰ-ਭਗਤ ਕਿਵੇਂ ਸਿੱਧ ਕੀਤਾ ਜਾ ਸਕਦਾ ਹੈ ? ਸੰਭਵ ਹੈ ਭਗਤ ਜੀ ਨੇ ਆਪਣਾ ਆਤਮਕ ਸਫਰ ਵਿਸ਼ਨੂੰ ਭਗਤੀ ਤੋਂ ਅਰੰਭ ਕੀਤਾ ਹੋਵੇ, ਪਰ ਭਗਤ ਜੀ ਦੀ ਬਾਣੀ ਦੇ ਜਿਹੜੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ, ਇਹਨਾਂ ਦੇ ਅਧਾਰ 'ਤੇ ਉਹਨਾਂ ਨੂੰ ਕਿਸੇ ਤਰ੍ਹਾਂ ਵੀ ਵਿਸ਼ਨੂੰ-ਭਗਤ ਸਿੱਧ ਨਹੀਂ ਕੀਤਾ ਜਾ ਸਕਦਾ। ਭਗਤ ਨਾਮਦੇਵ ਜੀ ਨੇ ਆਪਣੀ ਬਾਣੀ ਵਿੱਚ ਕਿਸੇ ਇੱਕ ਥਾਂ ਵੀ ਵਿਸ਼ਨੂੰ ਸ਼ਬਦ ਦਾ ਪ੍ਰਯੋਗ ਨਹੀਂ ਕੀਤਾ। ਉਹਨਾਂ ਨੇ ਆਪਣੇ ਇਸ਼ਟ ਲਈ ਵੈਸ਼ਨਵ ਮੱਤ ਦੇ ਕਈ ਹੋਰ ਨਾਵਾਂ ਦਾ ਪ੍ਰਯੋਗ ਜ਼ਰੂਰ ਕੀਤਾ ਹੈ। ਬਲਕਿ ਭਗਤ ਜੀ ਨੇ ਆਪਣੀ ਬਾਣੀ ਵਿੱਚ ਮੁਸਲਮਾਨਾਂ ਦੇ ਰੱਬੀ ਨਾਮ ਅਲਾਹ ਅਤੇ ਉਸ ਦੇ ਕੁਝ ਹੋਰ ਰਹੀਮ ਕਰੀਮ ਅਤੇ ਗਨੀ ਆਦਿ ਸਿਫਾਤੀ ਨਾਵਾਂ ਦੀ ਵਰਤੋਂ ਵੀ ਕੀਤੀ ਹੈ। ਜਿਵੇਂ ਫੁਰਮਾਨ ਹੈ :

ਕਰੀਮਾਂ ਰਹੀਮਾਂ ਅਲਾਹ ਤੂ ਗਨੀ ॥ ਹਾਜਰਾ ਹਜੂਰਿ ਦਰਿ ਪੇਸਿ ਤੂ ਮਨੀ ॥੧॥੨॥

(ਤਿਲੰਗ ਨਾਮਦੇਵ ਜੀ, ਪੰਨਾ ੭੨੭)

ਜੇ ਵਿਸ਼ਨੂੰ ਦੇ ਨਾਵਾਂ ਦੇ ਪ੍ਰਯੋਗ ਤੋਂ ਭਗਤ ਨਾਮਦੇਵ ਜੀ ਵਿਸ਼ਨੂੰ ਭਗਤ ਸਿੱਧ ਹੋ ਸਕਦੇ ਹਨ ਤਾਂ ਇਹਨਾਂ ਉਪ੍ਰੋਕਤ ਇਸਲਾਮੀ ਨਾਵਾਂ ਤੋਂ ਉਹਨਾਂ ਨੂੰ ਇਸਲਾਮ ਦੇ ਉਪਾਸ਼ਕ ਕਿਉਂ ਨਹੀਂ ਸਿੱਧ ਕੀਤਾ ਜਾ ਸਕਦਾ ?

---

* ਕਦੇ ਵਾਪਰੇ। ਕੁਝ ਦਿਨਾਂ ਦੀ ਸੋਚ ਵਿਚਾਰ ਬਾਅਦ ਸਮਝ ਆਈ ਕਿ ਇਹ ਆਤਮਕ ਸੁਗੰਧੀ, ਕਿਸੇ ਹੋਰ ਪਦਾਰਥ ਦੀ ਨਹੀਂ, ਉਸ ਦੇ ਆਪਣੇ ਪਸੀਨੇ ਦੀ ਹੈ।

ਇਸ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਰਸਨਾ ਦੁਆਰਾ, ਗੁਰਮੰਤਰ ਦੇ ਉੱਚਾਰ ਨੇ ਆਪਣੀ ਆਤਮਕ ਸੁਗੰਧੀ ਫੇਫੜਿਆਂ ਤੇ ਦਿਲ ਰਾਹੀਂ ਖੂਨ ਵਿਚ ਭਰੀ, ਸਾਰੀ ਕਾਇਆਂ ਵਿਚ ਭਰੀ। ਪਸੀਨਾ ਵੀ ਤਾਂ ਖੂਨ ਵਿਚੋਂ ਨਿਕਲਿਆ ਹੈ। ਇਸ ਨੇ ਸੁਗੰਧਤ ਹੋ ਕੇ, ਕੁਦਰਤ ਦੇ ਨਿਯਮਾਂ ਦੀ ਉਲੰਘਣਾ ਨਹੀਂ ਕੀਤੀ, ਬਲਕਿ ਸੂਖਸ਼ਮ ਮਹਿਕ ਦੀ ਹੋਂਦ ਨੂੰ ਨਾਸਿਕਾ ਇੰਦ੍ਰੀ ਰਾਹੀਂ ਪ੍ਰਗਟਾਇਆ ਹੈ।

ਭਗਤ ਨਾਮਦੇਵ ਜੀ ਨੂੰ ਵਿਸ਼ਨੂੰ ਦਾ ਉਪਾਸ਼ਕ ਸਿੱਧ ਕਰਨ ਲਈ ਰਾਜੇਂਦਰ ਸਿੰਹੁ ਨਿਰਾਲਾ ਨੇ ਪਹਿਲਾ ਪ੍ਰਮਾਣ ਭੈਰਉ ਰਾਗ ਦੇ ਜਿਸ ਸ਼ਬਦ ਦਾ ਦਿੱਤਾ ਹੈ ਉਸ ਦੀ ਪਹਿਲੀ ਪੰਗਤੀ ਇਸ ਪ੍ਰਕਾਰ ਹੈ :

ਹਸਤ ਖੇਲਤ ਤੇਰੇ ਦੇਹੁਰੇ ਆਇਆ ॥ ਭਗਤਿ ਕਰਤ ਨਾਮਾ ਪਕਰਿ ਉਠਾਇਆ ॥੧॥੬॥

(ਭੈਰਉ, ਪੰਨਾ ੧੧੬੪)

ਏਥੇ ਉਹਨਾਂ ਨੇ ਪਰਮਾਤਮਾ ਲਈ ਜਾਦਮ ਰਾਇਆ ਸ਼ਬਦ ਵਰਤਿਆ ਹੈ। ਸੰਭਵ ਹੈ ਇਹ ਮੰਦਰ ਕ੍ਰਿਸ਼ਨ ਦੀ ਮੂਰਤੀ ਦਾ ਹੋਵੇ। ਸਮੁੱਚੇ ਸ਼ਬਦ ਦਾ ਸੰਖੇਪ ਭਾਵ ਇਉਂ ਹੈ :

ਹੇ ਜਾਦਮ ਰਾਇਆ ! ਭਾਵ(ਪ੍ਰਭੂ) ! ਮੇਰਾ ਜਨਮ ਉਸ ਛੀਂਬਾ ਜਾਤੀ ਦੇ ਘਰ ਕਿਉਂ ਹੋਇਆ ਜਿਸ ਨੂੰ ਇਹ ਲੋਕ ਬਹੁਤ ਨੀਵੀਂ ਜਾਤੀ ਮੰਨਦੇ ਹਨ। ਮੈਂ ਇੱਕ ਦਿਨ ਮਨ ਦੀ ਮੌਜ ਵਿੱਚ ਤੇਰੇ ਮੰਦਰ ਵਿੱਚ ਆਇਆ ਸਾਂ, ਪਰ ਇਹਨਾਂ ਉਚੀ ਜਾਤੀ ਵਾਲਿਆਂ ਨੇ ਮੈਨੂੰ ਸੂਦੇਰ ਆਖ ਕੇ ਮੰਦਰ ਵਿਚੋਂ ਉਠਾ ਦਿੱਤਾ। ਮੈਂ ਮੰਦਰ ਦੇ ਪਿਛਵਾੜੇ ਜਾ ਬੈਠਾ। ਉਥੇ ਜਿਉਂ ਜਿਉਂ ਮੈਂ ਪ੍ਰਭੂ ਦੇ ਗੁਣ ਗਾਉਣ ਲੱਗਾ ਤਾਂ ਭਗਤ ਜਨਾਂ ਵਾਸਤੇ ਮੰਦਰ ਹੀ ਫਿਰ ਗਿਆ।

ਇਹਨਾਂ ਪੁਰਾਤਨ ਕਥਾ ਕਹਾਣੀਆਂ ਦੀ ਅਜੀਬ ਗੱਲ ਦੇਖੋ। ਇੱਕ ਪਾਸੇ ਤਾਂ ਭਗਤ ਨਾਮਦੇਵ ਜੀ ਨੂੰ ਕਿਸੇ ਇਕ ਦਿਨ ਮੰਦਰ ਵਿੱਚ ਪ੍ਰਵੇਸ਼ ਕਰਨ 'ਤੇ ਧੱਕੇ ਪੈਂਦੇ ਦੱਸੇ ਹਨ, ਪਰ ਦੂਜੇ ਪਾਸੇ ਨਾਮਦੇਵ ਜੀ ਦੇ ਪਿਤਾ ਨੂੰ ਕਿਸੇ ਮੰਦਰ ਦਾ ਪੁਜਾਰੀ ਦੱਸਿਆ ਜਾਂਦਾ ਹੈ, ਜਿਹੜਾ ਆਪਣੀ ਗੈਰਹਾਜ਼ਰੀ ਸਮੇਂ ਇੱਕ ਦਿਨ ਠਾਕਰਾਂ ਦੀ ਪੂਜਾ ਦੀ ਡਿਊਟੀ ਨਾਮਦੇਵ ਨੂੰ ਸੌਂਪ ਜਾਂਦਾ ਹੈ। ਉਸ ਕਹਾਣੀ ਅਨੁਸਾਰ ਨਾਮਦੇਵ ਕਪਲ ਗਊ ਚੋ ਕੇ ਸੋਨੇ ਦੀ ਕਟੋਰੀ ਭਰ ਕੇ ਠਾਕੁਰਾਂ ਨੂੰ ਦੁੱਧ ਦਾ ਭੋਗ ਲਗਾਉਂਦਾ ਹੈ। ਏਥੇ (ਸ਼ੂਦਰ) ਛੀਂਬਾ ਜਾਤੀ ਦੇ ਨਾਮਦੇਵ ਜੀ ਦੇ ਪਿਤਾ ਨੂੰ ਠਾਕੁਰ-ਪੂਜਾ ਦਾ ਅਧਿਕਾਰ ਕਿਵੇਂ ਮਿਲ ਗਿਆ, ਜਿਹਨਾਂ ਦੇ ਮੰਦਰ ਵਿੱਚ ਪ੍ਰਵੇਸ਼ ਕਰਨ ਨਾਲ ਹੀ ਮੰਦਰ ਭਿਟਿਆ ਜਾਂਦਾ ਸੀ ? ਇਸ ਕਥਾ ਵਾਲੇ ਸ਼ਬਦ ਦਾ ਰਾਜੇਂਦਰ ਸਿੰਹੁ ਨਿਰਾਲਾ ਨੇ ਪੰਜਵਾਂ ਪ੍ਰਮਾਣ ਪੇਸ਼ ਕੀਤਾ ਹੈ, ਜੋ ਭੈਰਉ ਰਾਗ ਵਿੱਚ ੧੧੬੩-੬੪ ਉਤੇ ਦਰਜ ਹੈ। ਹਿੰਦੂ ਪਾਂਡਿਆਂ ਵਲੋਂ ਇਹਨਾਂ ਕਥਿਤ ਨੀਵੀਆਂ ਜਾਤੀਆਂ ਨਾਲ ਜੋ ਦੁਰ-ਵਿਵਹਾਰ ਕੀਤਾ ਜਾਂਦਾ ਸੀ, ਉਸ ਦਾ ਭਗਤ ਜੀ ਨੇ ਆਪਣੇ ਇਸ ਸ਼ਬਦ ਵਿੱਚ ਹੋਰ ਵੀ ਸਪੱਸ਼ਟ ਵਰਣਨ ਕੀਤਾ ਹੈ। ਫੁਰਮਾਨ ਹੈ :

ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ ॥
ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ ॥੧॥
ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ ॥
ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ ॥੨॥੨॥

(ਮਲਾਰ ਨਾਮਦੇਵ ਜੀ, ਪੰਨਾ ੧੨੯੨)

ਇਹਨਾਂ ਪਾਂਡਿਆਂ ਨੂੰ ਉੱਚੀ ਜਾਤੀ ਦਾ ਭ੍ਰਮ ਹੈ, ਇਸ ਕਰਕੇ ਇਹ ਸਾਰੇ ਮੇਰੇ ਉਪਰ ਕ੍ਰੋਧਵਾਨ ਹਨ। ਸ਼ੂਦਰ ਸ਼ੂਦਰ ਆਖ ਕੇ ਮੇਰੀ ਮਾਰ-ਕੁਟਾਈ ਕਰ ਕੇ ਇਹਨਾਂ ਮੈਨੂੰ ਮੰਦਰ ਵਿਚੋਂ ਉਠਾਲ ਦਿੱਤਾ ਹੈ। ਮੇਰੀ ਇਕੱਲੇ ਦੀ ਇਹਨਾਂ ਅੱਗੇ ਪੇਸ਼ ਨਹੀਂ ਜਾਂਦੀ। ਮਰਨ ਤੋਂ ਬਾਅਦ ਤੂੰ ਮੈਨੂੰ ਜੇ ਮੁਕਤੀ ਦਿੱਤੀ ਤਾਂ ਉਸ ਦਾ ਕਿਸੇ ਨੂੰ ਕੀ ਪਤਾ ਲੱਗੇਗਾ। ਮੈਨੂੰ ਇਹ ਪਾਂਡੇ ਢੇਢ ਆਖ ਕੇ ਤਾਂ ਤੇਰਾ ਹੀ ਨਿਰਾਦਰ ਕਰ ਰਹੇ ਹਨ। ਤੇਰੀ ਬੰਦਗੀ ਕਰਨ ਵਾਲਾ ਕੋਈ ਬੰਦਾ ਨੀਚ ਕਿਵੇਂ ਹੋ ਸਕਦਾ ਹੈ ? ਇਹਨਾਂ ਦੋ ਸ਼ਬਦਾਂ ਦਾ ਪ੍ਰਮਾਣ ਪਸ਼ ਕਰਨ ਵਾਲਾ ਨਿਰਾਲਾ, ਪਹਿਲਾਂ ਇਹ ਸਪੱਸ਼ਟ ਕਰੇ ਕਿ ਉਹ ਇਹਨਾਂ ਦੋਹਾਂ ਵਿਚੋਂ ਕਿਸ ਕਹਾਣੀ ਨੂੰ ਸਹੀ ਮੰਨਦਾ ਹੈ, ਭਾਵ ਨਾਮਦੇਵ ਜੀ ਦੇ ਪਿਤਾ ਦੇ ਮੰਦਰ ਦਾ ਪੁਜਾਰੀ ਹੋਣ ਦੀ ਜਾਂ ਇਹਨਾਂ ਨੂੰ ਮੰਦਰ ਵਿਚੋਂ ਧੱਕੇ ਦੇ ਕੇ ਬਾਹਰ ਕਢੇ ਜਾਣ ਵਾਲੀ। ਜੇ ਇਹਨਾਂ ਸ਼ਬਦਾਂ ਦੇ ਰਹੱਸਮਈ ਭਾਵਾਂ ਨੂੰ ਨਾ ਸਮਝਿਆ ਜਾਵੇ, ਫਿਰ ਤਾਂ ਇਹ ਮੰਨਣਾ ਪਵੇਗਾ ਕਿ ਨਾਮਦੇਵ ਜੀ ਐਸੇ ਅਮੀਰ ਸਨ ਜਿਨ੍ਹਾਂ ਦੇ ਘਰ ਕਪਲ ਗਊ ਰੱਖੀ ਹੋਈ ਸੀ, ਸੋਨੇ ਦੀਆਂ ਕਟੋਰੀਆਂ ਸਨ, ਕਪੜਾ ਸੀਣ ਲਈ ਸੂਈਆਂ ਵੀ ਸੋਨੇ ਦੀਆਂ ਵਰਤਦੇ ਸਨ ਅਤੇ ਚਾਂਦੀ ਦੇ ਧਾਗੇ ਦਾ ਪ੍ਰਯੋਗ ਕਰਦੇ ਸਨ। ਮਿੱਟੀ ਦਾ


www.AKJ.Org

ਠਾਕੁਰ ਦੁੱਧ ਪੀਂਦਾ ਹੈ। ਦੁੱਧ ਪੀ ਕੇ ਇਹ ਠਾਕੁਰ ਕਿਤੇ ਪਿਸ਼ਾਬ ਵੀ ਜ਼ਰੂਰ ਕਰਦਾ ਹੋਵੇਗਾ :

"ਮੂੜ ਰੂੜ ਪੀਟਤ ਨ ਗੂੜਤਾ ਕੋ ਭੇਦ ਪਾਵੈ...।।"

ਇਹਨਾਂ ਸ਼ਬਦਾਂ ਦੇ ਰਹੱਸਮਈ ਭਾਵਾਂ ਦਾ ਕੁਝ ਕੁ ਥਹੁ-ਪਤਾ ਲਗਾਉਣ ਲਈ ਪ੍ਰੋ: ਸਾਹਿਬ ਸਿੰਘ ਦੇ ਭਗਤੀ ਬਾਣੀ ਸਟੀਕ ਹਿੱਸਾ ਤੀਜਾ ਦੀ ਭੂਮਿਕਾ ਜ਼ਰੂਰ ਪੜ੍ਹ ਲੈਣੀ ਚਾਹੀਦੀ ਹੈ।

ਰਾਜੇਂਦਰ ਸਿੰਹੁ ਨਿਰਾਲਾ ਨੇ ਜਿਸ ਸ਼ਬਦ ਦਾ ਨੌਵਾਂ ਪ੍ਰਮਾਣ ਪੇਸ਼ ਕੀਤਾ ਹੈ, ਉਸ ਸ਼ਬਦ ਦੀ ਪਹਿਲੀ ਪੰਗਤੀ ਇਉਂ ਹੈ :

ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ ॥

(ਰਾਮਕਲੀ, ਪੰਨਾ ੬੭੩, ਸਾਰਾ ਸ਼ਬਦ)

ਇਸ ਸ਼ਬਦ ਦਾ ਕੇਂਦਰੀ ਭਾਵ ਇਹ ਹੈ ਕਿ ਤਪ ਸਾਧਣੇ, ਤੀਰਥਾਂ ਦੇ ਇਸ਼ਨਾਨ ਦਾਨ, ਮੂਰਤੀ ਪੂਜਾ ਆਦਿ ਇਹਨਾਂ ਵਿਚੋਂ ਕੋਈ ਵੀ ਧਾਰਮਿਕ ਕਰਮ ਸਿਮਰਨ ਦੀ ਬਰਾਬਰੀ ਨਹੀਂ ਕਰ ਸਕਦਾ। ਸ਼ਬਦ ਦੀ ਰਹਾਉ ਦੀ ਪੰਗਤੀ ਇਸ ਪ੍ਰਕਾਰ ਹੈ :—

ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ ॥
ਹਰਿ ਕਾ ਨਾਮੁ ਨਿਤ ਨਿਤਹਿ ਲੀਜੈ ॥੧॥ਰਹਾਉ॥੪॥

ਭਾਵ, ਹੇ ਮੇਰੇ ਪਖੰਡੀ ਮਨ ! ਤੈਨੂੰ (ਉਪ੍ਰੋਕਤ ਕਰਮਾਂ ਵਾਲਾ) ਕਪਟ ਛੱਡ ਕੇ ਪਰਮਾਤਮਾ ਦੇ ਨਾਮ ਦਾ ਹੀ ਸਿਮਰਨ ਕਰਨਾ ਚਾਹੀਦਾ ਹੈ। ਇਸ ਸ਼ਬਦ ਦੀ ਅੰਤਲੀ ਪੰਗਤੀ ਇਸ ਪ੍ਰਕਾਰ ਹੈ :

ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ ॥

ਭਾਵ, ਮੇਰੇ ਲਈ ਇਹ ਨਾਮ-ਅੰਮ੍ਰਿਤ ਹੀ ਰਾਜਾ ਦਸ਼ਰਥ ਦਾ ਪੁੱਤਰ ਰਾਜਾ ਰਾਮ ਚੰਦਰ ਹੈ। ਤੀਰਥਾਂ ਦਾ ਭ੍ਰਮਣ, ਮੂਰਤੀ-ਪੂਜਾ ਅਤੇ ਪੁੰਨ ਦਾਨ ਆਦਿ ਵੈਸ਼ਨਵਾਂ ਦੀ ਜੀਵਨ-ਮਰਯਾਦਾ ਦਾ ਜ਼ਰੂਰੀ ਅੰਗ ਹਨ। ਏਥੇ ਭਗਤ ਜੀ ਇਹਨਾਂ ਕਰਮ ਕਾਂਡਾਂ ਨੂੰ ਕਪਟ-ਕਿਰਿਆ ਅਤੇ ਇਹਨਾਂ ਦੇ ਕਰਨ ਵਾਲਿਆਂ ਨੂੰ ਪਖੰਡੀ ਦਸ ਰਹੇ ਹਨ। ਉਹਨਾਂ ਲਈ ਨਾਮ ਸਿਮਰਨ ਹੀ ਰੱਬੀ ਅਵਤਾਰ ਦੇ ਸਮਾਨ ਹੈ। ਰਾਜੇਂਦਰ ਸਿੰਹੁ ਨਿਰਾਲਾ ਦੱਸੇ ਕਿ ਇਹ ਸ਼ਬਦ ਵਿਸ਼ਨੂੰ ਭਗਤੀ ਦਾ ਪ੍ਰਮਾਣ ਕਿਵੇਂ ਸਿੱਧ ਹੁੰਦਾ ਹੈ ? ਕੀ ਵੈਸ਼ਨਵ ਮੱਤ ਦੇ ਨਿਸਚੇ ਵਿਸ਼ਵਾਸਾਂ ਅਤੇ ਧਾਰਮਿਕ ਕਿਰਿਆਵਾਂ ਦਾ ਖੰਡਨ ਹੀ ਵਿਸ਼ਨੂੰ-ਭਗਤੀ ਹੈ ?

ਰਾਜੇਂਦਰ ਸਿੰਹੁ ਨਿਰਾਲਾ ਵਲੋਂ ਪੇਸ਼ ਕੀਤੇ ਛੇਵੇਂ ਪ੍ਰਮਾਣ ਦੀ ਪਹਿਲੀ ਪੰਗਤੀ ਇਸ ਪ੍ਰਕਾਰ ਹੈ :

ਹਰਿ ਹਰਿ ਕਰਤ ਮਿਟੇ ਸਭਿ ਭਰਮਾ ॥ ਹਰਿ ਕੋ ਨਾਮੁ ਲੈ ਊਤਮ ਧਰਮਾ ॥

(ਗੋਂਡ ਨਾਮਦੇਵ ਜੀ, ਪੰਨਾ ੮੭੪)

ਇਸ ਸਮੁੱਚੇ ਸ਼ਬਦ ਵਿੱਚ ਹੀ ਨਾਮ ਸਿਮਰਨ ਦੀ ਮਹਾਨਤਾ ਦੱਸੀ ਹੈ। ਇਸ ਨੂੰ ਅੰਨ੍ਹੇ ਦੀ ਲੱਕੜੀ ਤੇ ਸਭ ਤੋਂ ਸ੍ਰੇਸ਼ਟ ਧਰਮ ਦੱਸਿਆ ਹੈ ; ਹਰਨਾਖਸ਼, ਅਜਾਮਲ, ਗਨਕਾ, ਪੂਤਨਾ, ਦ੍ਰੋਪਤੀ, ਕੰਸ ਅਤੇ ਕਾਲੀ ਨਾਗ ਆਦਿ ਪੁਰਾਤਨ ਕਥਾ ਕਹਾਣੀਆਂ ਵਲ ਇਸ਼ਾਰਾ ਕਰ ਕੇ ਸਿੱਟਾ ਇਹ ਕੱਢਿਆ ਹੈ ਕਿ ਸਿਮਰਨ ਦੁਆਰਾ ਜੀਵ ਦੇ ਸਾਰੇ ਡਰ ਅਤੇ ਮੁਸੀਬਤਾਂ ਦੂਰ ਹੋ ਜਾਂਦੀਆਂ ਹਨ। ਜੇ ਇਹ ਅਵਤਾਰਾਂ ਦੇ ਨਾਮ ਦੇ ਸਿਮਰਨ ਦੀ ਗੱਲ ਹੁੰਦੀ ਤਾਂ ਭਗਤ ਨਾਮਦੇਵ ਜੀ ਇਹਨਾਂ ਦੇਵੀ ਦੇਵਤਿਆਂ ਤੇ ਅਵਤਾਰਾਂ ਬਾਰੇ ਇਹ ਕਿਉਂ ਲਿਖਦੇ :

ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ ॥ਰਹਾਉ॥
ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ ॥
ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ ॥੧॥
ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ ॥
ਮੋਦੀ ਕੇ ਘਰਿ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ ॥੨॥

ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ ॥
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ ॥੩॥
ਹਿੰਦੂ ਅੰਨ੍ਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥
ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥੪॥੩॥੭॥

(ਬਿਲਾਵਲੁ ਗੋਂਡ ਨਾਮਦੇਵ ਜੀ, ਪੰਨਾ ੮੭੪–੭੫)

ਹੇ ਪਾਂਡੇ ! ਮੈਂ ਤਾਂ ਇਸ ਜਨਮ ਵਿੱਚ ਹੀ ਪਰਮਾਤਮਾ ਦੇ ਦਰਸ਼ਨ ਕਰ ਲਏ ਹਨ। ਪਰ ਤੂੰ ਮੂਰਖ ਹੀ ਰਿਹਾ। ਆ ਤੈਨੂੰ ਸਮਝਾਵਾਂ ਕਿ ਤੈਨੂੰ ਦਰਸ਼ਨ ਕਿਉਂ ਨਹੀਂ ਹੋਏ। ਇੱਕ ਪਾਸੇ ਤੂੰ ਆਤਮ-ਕਲਿਆਣ ਲਈ ਗਾਇਤ੍ਰੀ ਦਾ ਪਾਠ ਕਰਦਾ ਹੈਂ, ਪਰ ਦੂਜੇ ਪਾਸੇ ਤੂੰ ਉਸ ਬਾਰੇ ਕਹਾਣੀ ਪ੍ਰਚੱਲਤ ਕੀਤੀ ਹੈ ਕਿ ਉਹ ਤਿੰਨ ਲੱਤਾਂ ਵਾਲੀ ਲੰਗੜੀ ਗਊ ਹੈ, ਜਿਸ ਦੀ ਸੋਟਾ ਮਾਰ ਕੇ ਲੋਧੇ ਜੱਟ ਨੇ ਚੋਥੀ ਲੱਤ ਤੋੜ ਸੁੱਟੀ ਸੀ। ਇੱਕ ਪਾਸੇ ਤੂੰ ਸ਼ਿਵ ਦਾ ਪੁਜਾਰੀ ਹੈਂ, ਦੂਜੇ ਪਾਸੇ ਉਸ ਨੂੰ ਅਜਿਹਾ ਕ੍ਰੋਧੀ ਦਸਦਾ ਹੈਂ, ਜਿਸ ਨੇ ਭੰਡਾਰੀ ਦੇ ਘਰ ਭੋਜਨ ਖਾਣ ਗਿਆਂ ਭੋਜਨ ਪਸੰਦ ਨਾ ਆਉਣ ਕਾਰਨ ਸਰਾਪ ਦੇ ਕੇ ਉਸ ਦਾ ਮੁੰਡਾ ਮਾਰ ਸੁੱਟਿਆ।

ਹੇ ਪਾਂਡੇ ! ਜਿਸ ਰਾਮ ਚੰਦਰ ਦੀ ਤੂੰ ਰੱਬੀ ਅਵਤਾਰ ਦੱਸ ਕੇ ਪੂਜਾ ਕਰਦਾ ਹੈਂ, ਉਸ ਬਾਰੇ ਵੀ ਤੂੰ ਦਸਦਾ ਹੈਂ ਕਿ ਰਾਵਣ ਨਾਲ ਉਸ ਦੀ ਲੜਾਈ ਹੋਈ ਸੀ, ਕਿਉਂਕਿ ਰਾਮਚੰਦਰ ਜੀ ਆਪਣੀ ਵਹੁਟੀ (ਸੀਤਾ) ਗਵਾ ਬੈਠੇ ਸਨ। ਰਾਮ ਚੰਦਰ ਬਾਰੇ ਬਾਲੀ ਨੂੰ ਛਿਪ ਕੇ ਮਾਰਨ, ਇੱਕ ਰਾਖਸ਼ਣੀ ਨੂੰ ਮਾਰਨ, ਸੀਤਾ ਨੂੰ ਘਰੋਂ ਕਢਣ ਆਦਿ ਦੇ ਦੂਸ਼ਣ ਵੀ ਰਮਾਇਣ ਅਤੇ 'ਉੱਤਰ ਰਾਮ ਚਰਿਤ੍ਰ' ਗ੍ਰੰਥਾਂ ਵਿੱਚ ਲਾਏ ਜਾਂਦੇ ਹਨ, ਕੀ ਤੁਹਾਡੀ ਆਪਣੇ ਅਵਤਾਰਾਂ ਪ੍ਰਤੀ ਇਹੋ ਸ਼ਰਧਾ ਹੈ ?

ਇਸ ਸ਼ਬਦ ਦੇ ਅੰਤ ਤੇ ਭਗਤ ਨਾਮਦੇਵ ਜੀ ਤੱਤ ਦੀ ਇਹ ਗੱਲ ਦਸਦੇ ਹਨ ਕਿ ਆਤਮਕ ਗਿਆਨ ਦੇ ਪੱਖੋਂ ਹਿੰਦੂ ਅੰਨ੍ਹਾ ਹੈ। ਉਸ ਦੀਆਂ ਦੋਵੇਂ ਅੱਖਾਂ ਮੁੰਦੀਆਂ ਹਨ। ਨਾ ਉਸ ਨੂੰ ਪਰਮਾਤਮਾ ਦੇ ਸਹੀ ਸਰੂਪ ਦਾ ਗਿਆਨ ਹੈ ਅਤੇ ਨਾ ਉਹ ਪਰਮਾਤਾਮਾ ਦੇ ਨਿਵਾਸ-ਸਥਾਨ ਦੀ ਸੂਝ ਰੱਖਦਾ ਹੈ। ਮੁਸਲਮਾਨ ਕਾਣਾ ਹੈ। ਉਸ ਦੀ ਮੁਹੰਮਦ ਸਾਹਿਬ ਉਤੇ ਪੂਰੀ ਸ਼ਰਧਾ ਤਾਂ ਹੈ ਪਰ ਰੱਬ ਦੇ ਸਹੀ ਨਿਵਾਸ ਦਾ ਉਸ ਨੂੰ ਵੀ ਪਤਾ ਨਹੀਂ, ਜਿਸ ਕਾਰਨ ਉਸ ਦੀ ਇੱਕ ਅੱਖ ਮੁੰਦੀ ਦੱਸੀ ਹੈ। ਅੰਤ ਵਿੱਚ ਨਾਮਦੇਵ ਜੀ ਦਸਦੇ ਹਨ ਕਿ ਮੈਂ ਤਾਂ ਉਸ ਪਰਮਾਤਮਾ ਦਾ ਨਾਮ ਸਿਮਰਦਾ ਹਾਂ ਜਿਹੜਾ ਨਾ ਤਾਂ ਕਿਸੇ ਮੰਦਰ ਵਿੱਚ ਵਸਦਾ ਹੈ ਅਤੇ ਨਾ ਹੀ ਕਿਸੇ ਮਸੀਤ ਵਿੱਚ।

ਨਿਰਾਲਾ ਜੀ ਦੱਸੋ ਕਿ ਕੀ ਭਗਤ ਨਾਮਦੇਵ ਜੀ ਦੀ ਬਾਣੀ ਵਿੱਚ ਦੇਵੀ ਦੇਵਤਿਆਂ ਅਤੇ ਇਹਨਾਂ ਦੇ ਅਵਤਾਰਾਂ ਦੀ ਭਗਤੀ ਦਾ ਉਪਦੇਸ਼ ਹੈ ? ਕੀ ਹਾਲਾਂ ਵੀ ਤੁਸੀਂ ਭਗਤ ਨਾਮਦੇਵ ਜੀ ਦੀਂ ਬਾਣੀ ਵਿੱਚ ਵਰਤੇ ਰੱਬੀ-ਨਾਵਾਂ ਨੂੰ ਰਾਮਚੰਦਰ ਅਤੇ ਕ੍ਰਿਸ਼ਨ ਨਾਲ ਜੋੜਨ ਦੀ ਚਲਾਕੀ ਵਰਤ ਸਕਦੇ ਹੋ ?

ਗਜੇਂਦਰ ਸਿੰਘ ਨਿਰਾਲਾ ਵਲੋਂ ਦਿਤੇ ਦਸਵੇਂ ਪ੍ਰਮਾਣ ਵਾਲਾ ਸ਼ਬਦ ਇਸ ਪ੍ਰਕਾਰ ਹੈ :

ਸੰਡਾ ਮਰਕਾ ਜਾਇ ਪੁਕਾਰ ॥ ਪੜੈ ਨਹੀ ਹਮ ਹੀ ਪਚਿ ਹਾਰੇ ॥

(ਭੈਰਉ ਨਾਮਦੇਵ, ਪੰਨਾ ੧੧੬੫, ਸਾਰਾ ਸ਼ਬਦ)

ਭਗਤ ਪ੍ਰਹਿਲਾਦ ਵਾਲੀ ਕਥਾ ਸਤਿਯੁਗ ਦੀ ਦੱਸੀ ਜਾਂਦੀ ਹੈ। ਪਰ ਇਸ ਸ਼ਬਦ ਵਿੱਚ ਸੁਆਦਲੀ ਗੱਲ ਦੇਖੋ। ਸ਼ਬਦ ਦੇ ਤੀਜੇ ਬੰਦ ਵਿੱਚ ਲਿਖਿਆ ਹੈ :

ਗਿਰਿ ਤਰ ਜਲ ਜੁਆਲਾ ਭੈ ਰਾਖਿਓ ਰਾਜਾ ਰਾਮਿ ਮਾਇਆ ਫੇਰੀ ॥੩॥੬॥

ਅਤੇ ਚੌਥੇ ਬੰਦ ਵਿੱਚ ਲਿਖਿਆ ਹੈ :

ਪੀਤ ਪੀਤਾਂਬਰ ਤ੍ਰਿਭਵਣ ਧਣੀ ਥੰਭ ਮਾਹਿ ਹਰਿ ਭਾਖੈ ॥੪॥੬॥

ਪੀਤਾਂਬਰ ਕ੍ਰਿਸ਼ਨ ਦਾ ਨਾਮ ਹੈ, ਜਿਸ ਨੂੰ ਦੁਆਪਰ ਦਾ ਅਵਤਾਰ ਮੰਨਿਆ ਜਾਂਦਾ ਹੈ। ਪਹਿਲੇ ਬੰਦ ਵਿੱਚ ਰਾਜਾ ਰਾਮ ਦੇ ਮਾਇਆ ਫੇਰਨ ਦਾ ਜ਼ਿਕਰ ਹੈ। ਰਾਮ ਨੂੰ ਤ੍ਰੇਤੇ ਦਾ ਅਵਤਾਰ ਮੰਨਿਆ ਜਾਂਦਾ ਹੈ।


www.AKJ.Org

ਪ੍ਰਹਿਲਾਦ ਭਗਤ ਦੀ ਸਾਖੀ ਸਤਿਯੁਗ ਦੀ ਦੱਸੀ ਜਾਂਦੀ ਹੈ। ਕੀ ਇਹਨਾਂ ਗੱਲਾਂ ਤੋਂ ਇਹ ਸਿੱਧ ਨਹੀਂ ਹੋ ਜਾਂਦਾ ਕਿ ਏਥ ਵਰਤੇ ਸਾਰੇ ਨਾਮ ਇਹਨਾਂ ਅਵਤਾਰਾਂ ਦੇ ਨਹੀਂ, ਸਗੋਂ ਇਹ ਸਰਬ ਸ਼ਕਤੀਮਾਨ ਪਰਮਾਤਮਾ ਦੇ ਨਾਮ ਹਨ। ਜਿਨ੍ਹਾਂ ਅਵਤਾਰਾਂ ਦਾ ਹਾਲਾਂ ਜਨਮ ਵੀ ਨਹੀਂ ਸੀ ਹੋਇਆ ਉਹ ਭਗਤ ਪ੍ਰਹਿਲਾਦ ਦੀ ਸਤਿਯੁਗ ਵਿੱਚ ਰੱਖਿਆ ਕਰਦੇ ਕਿਵੇਂ ਮੰਨੇ ਜਾਣ ? ਕੀ ਨਿਰਾਲੇ ਕੋਲ ਇਸ ਦਾ ਕੋਈ ਉੱਤਰ ਹੈ ? ਜਿਸ ਸ਼ਬਦ ਦਾ ਰਾਜੇਂਦਰ ਸਿੰਹੁ ਨਿਰਾਲਾ ਨੇ ਗਿਆਰਵਾਂ ਪ੍ਰਮਾਣ ਪੇਸ਼ ਕੀਤਾ ਹੈ ਉਹ ਸ਼ਬਦ ਦੀ ਪਹਿਲੀ ਪੰਗਤੀ ਇਹ ਹੈ :

ਸੁਲਤਾਨੁ ਪੂਛੈ ਸੁਨੁ ਬੇ ਨਾਮਾ ॥ ਦੇਖਉ ਰਾਮ ਤੁਮ੍ਹਾਰੇ ਕਾਮਾ ॥੧॥

(ਭੈਰਉ ਨਾਮਦੇਵ ਜੀ, ਪੰਨਾ ੧੧੬੫-੬੬)

ਇਸ ਸ਼ਬਦ ਵਿੱਚ ਸੁਲਤਾਨ ਮੁਹੰਮਦ ਬਿਨ ਤੁਗਲਕ ਵਲੋਂ ਨਾਮਦੇਵ ਜੀ ਨੂੰ ਮੋਈ ਗਊ ਜ਼ਿੰਦਾ ਕਰਨ ਲਈ ਕਹਿਣ ਅਤੇ ਨਾਮਦੇਵ ਜੀ ਨੂੰ ਬੰਨ੍ਹ ਕੇ ਹਾਥੀ ਅੱਗੇ ਸੁਟਵਾਣ ਦੀ ਕਥਾ ਦਾ ਵਰਣਨ ਹੈ। ਏਥੇ ਪਰਮਾਤਮਾ ਵਾਸਤੇ ਭਗਤ ਜੀ ਨੇ ਰਾਮ, ਹਰਿ, ਗੋਪਾਲ, ਤ੍ਰਿਭਵਣ ਧਣੀ, ਗੋਬਿੰਦ ਅਤੇ ਨਾਰਾਇਣ ਆਦਿ ਸ਼ਬਦ ਵਰਤੇ ਹਨ। ਇਸ ਸ਼ਬਦ ਨੂੰ ਵਿਸ਼ਨੂੰ-ਭਗਤੀ ਦਾ ਪ੍ਰਤੀਕ ਇਸ ਲਈ ਮੰਨਿਆ ਜਾ ਰਿਹਾ ਹੈ ਕਿਉਂਕਿ ਏਥੇ 'ਗਰੁੜ ਚੜ੍ਹੇ ਆਏ ਗੋਪਾਲ' ਪੰਗਤੀ ਦਿੱਤੀ ਹੋਈ ਹੈ। ਵੈਸ਼ਨਵਾਂ ਵਿੱਚ ਗਰੁੜ ਦੀ ਸਵਾਰੀ ਕਰਨ ਵਾਲਾ ਵਿਸ਼ਨੂੰ ਮੰਨਿਆ ਜਾਂਦਾ ਹੈ ਅਤੇ ਗੋਪਾਲ ਕ੍ਰਿਸ਼ਨ ਦਾ ਨਾਮ ਹੈ। ਨਾਮਦੇਵ ਜੀ ਐਸੇ ਅਨਜਾਣ ਤਾਂ ਨਹੀਂ ਸਨ ਕਿ ਉਹ ਵਿਸ਼ਨੂੰ ਨੂੰ ਕਿਤੇ ਰਾਮ ਤੇ ਕਿਤੇ ਗੁਪਾਲ ਲਿਖਦੇ ਅਤੇ ਉਸ ਦਾ ਅਸਲੀ ਵਿਸ਼ਨੂੰ ਨਾਮ ਲਿਖਦੇ ਹੀ ਕਿਧਰੇ ਨਾਹ। ਹਿੰਦੂਆਂ ਵਿੱਚ ਇੱਕ ਅਵਤਾਰ ਦਾ ਪੁਜਾਰੀ ਦੂਜੇ ਅਵਤਾਰ ਉਤੇ ਸ਼ਰਧਾ ਨਹੀਂ ਰੱਖਦਾ। ਸੋ, ਨਾਮਦੇਵ ਜੀ ਨੇ ਇਸ ਸ਼ਬਦ ਵਿੱਚ ਇਹ ਸਾਰੇ ਨਾਮ ਆਪਣੇ ਇਸ਼ਟ ਪਰਮਾਤਮਾ ਲਈ ਵਰਤੇ ਹਨ ਨਾ ਕਿ ਵਿਸ਼ਨੂੰ ਜਾਂ ਉਸ ਦੇ ਅਵਤਾਰਾਂ ਵਾਸਤੇ।

ਰਾਜੇਂਦਰ ਸਿੰਹੁ ਨਿਰਾਲਾ ਵਲੋਂ ਪੇਸ਼ ਕੀਤੇ ਦੂਜੇ ਨੰਬਰ ਦੇ ਪ੍ਰਮਾਣ ਵਾਲੇ ਸ਼ਬਦ ਵਿੱਚ ਵੀ ਬਿਲਕੁੱਲ ਇਹੋ ਕੁਝ ਹੀ ਹੈ। ਉਸ ਸ਼ਬਦ ਦੀ ਪਹਿਲੀ ਪੰਗਤੀ ਇਸ ਪ੍ਰਕਾਰ ਹੈ :

ਮੇਰੋ ਬਾਪੁ ਮਾਧਉ ਤੂ ਧਨੁ ਕੇਸੌ ਸਾਂਵਲੀਓ ਬੀਠੁਲਾਇ ॥੧॥ਰਹਾਉ॥੨॥

(ਮਾਲੀ ਗਉੜਾ ਨਾਮਦੇਵ ਜੀ, ਪੰਨਾ ੯੮੮)

ਪਰਮਾਤਮਾ ਲਈ ਭਗਤ ਜੀ ਨੇ ਇਸ ਸ਼ਬਦ ਵਿੱਚ ਮਾਧੋ, ਕੇਸੋ, ਸਾਂਵਲਾ ਅਤੇ ਬੀਠੁਲ ਆਦਿ ਨਾਮ ਵਰਤੇ ਹਨ ਅਤੇ ਪਰਮਾਤਮਾ ਨੂੰ ਹੱਥ ਵਿੱਚ ਚੱਕ੍ਰ ਫੜ ਕੇ ਬੈਕੁੰਠ ਵਿਚੋਂ ਆਉਣ ਵਾਲਾ, ਦੁਹਸਾਸਨ ਦੀ ਸਭਾ ਵਿੱਚ ਦਰੋਪਤੀ ਦੀ ਲਾਜ ਰੱਖਣ ਵਾਲਾ, ਤੰਦੂਏ ਤੋਂ ਹਾਥੀ ਦੀ ਜਿੰਦ ਬਚਾਉਣ ਵਾਲਾ, ਗੋਤਮ ਰਿਸ਼ੀ ਦੀ ਵਹੁਟੀ ਅਹੱਲਿਆ ਨੂੰ ਮੁਕਤੀ ਦੇਣ ਵਾਲਾ ਦੱਸਿਆ ਹੈ। ਹਿੰਦੂ ਮਿਥਿਹਾਸ ਅਨੁਸਾਰ ਦਰੋਪਤੀ ਦੀ ਲਾਜ ਰੱਖਣ ਵਾਲੇ ਕ੍ਰਿਸ਼ਨ ਜੀ ਸਨ, ਪਰ ਅਹੱਲਿਆ ਨੂੰ ਮੁਕਤ ਕਰਨ ਵਾਲੇ ਰਾਮ ਚੰਦਰ ਜੀ ਸਨ। ਕਿਸੇ ਇੱਕ ਹਿੰਦੂ ਅਵਤਾਰ ਦਾ ਭਗਤ ਦੂਜੇ ਦਾ ਪੁਜਾਰੀ ਨਹੀਂ ਹੋ ਸਕਦਾ। ਸੋ, ਇਸ ਸ਼ਬਦ ਵਿੱਚ ਵੀ ਭਗਤ ਨਾਮਦੇਵ ਜੀ ਨੇ ਇਹ ਸਾਰੇ ਨਾਮ ਆਪਣੇ ਇਸ਼ਟ ਪਰਮਾਤਮਾ ਵਾਸਤੇ ਵਰਤੇ ਹਨ, ਨਾ ਕਿ ਵਿਸ਼ਨੂੰ ਜਾਂ ਉਸ ਦੇ ਕਥਿਤ ਅਵਤਾਰਾਂ ਲਈ। ਰਾਜੇਂਦਰ ਸਿੰਹੁ ਨਿਰਾਲਾ ਨੇ ਜਿਨ੍ਹਾਂ ਸ਼ਬਦਾਂ ਦਾ ਤੀਜਾ ਅਤੇ ਚੌਥਾ ਪ੍ਰਮਾਣ ਪੇਸ਼ ਕੀਤਾ ਹੈ, ਉਹਨਾਂ ਦੀਆਂ ਅਰੰਭਕ ਪੰਗਤੀਆਂ ਇਸ ਪ੍ਰਕਾਰ ਹਨ :—

(ੳ) ਦੇਵਾ ਪਾਹਨ ਤਾਰੀਅਲੇ ॥ ਰਾਮ ਕਹਤ ਜਨ ਕਸ ਨ ਤਰੇ ॥੧॥ਰਹਾਉ॥

(ਗਉੜੀ ਨਾਮਦੇਵ ਜੀ, ਪੰ: ੩੪੫)

(ਅ) ਧਨਿ ਧੰਨਿ ਓ ਰਾਮ ਬੇਨੁ ਬਾਜੈ ॥ ਮਧੁਰ ਮਧੁਰ ਧੁਨਿ ਅਨਹਤ ਗਾਜੈ ॥੧॥ਰਹਾਉ॥੧॥

(ਮਾਲੀ ਗਉੜਾ ਨਾਮਦੇਵ ਜੀ, ਪੰ: ੯੮੮)

ਇਹਨਾਂ ਦੋਹਾਂ ਸ਼ਬਦਾਂ ਵਿੱਚ ਰਾਮ ਚੰਦਰ ਅਤੇ ਕ੍ਰਿਸ਼ਨ ਜੀ ਦੇ ਜੀਵਨ ਨਾਲ ਸੰਬੰਧਤ ਕੁਝ ਹਰ-ਮਨ

ਪਿਆਰੀਆਂ ਕਥਾ ਕਹਾਣੀਆਂ ਦੇ ਵਰਣਨ ਦੁਆਰਾ ਜੀਵ ਨੂੰ ਪਰਮਾਤਮਾ ਦੀ ਪ੍ਰੇਮਾ-ਭਗਤੀ ਵਲ ਪ੍ਰੇਰਨ ਦਾ ਯਤਨ ਕੀਤਾ ਗਿਆ ਹੈ। ਇਹਨਾਂ ਕਥਾ ਕਹਾਣੀਆਂ ਦੇ ਵਰਣਨ ਤੋਂ ਹੀ ਨਿਰਾਲੇ ਨੇ ਇਹਨਾਂ ਸ਼ਬਦਾਂ ਨੂੰ ਵਿਸ਼ਨੂੰ-ਭਗਤੀ ਦੇ ਪ੍ਰਮਾਣ ਸਿੱਧ ਕੀਤਾ ਹੈ। ਪਹਿਲੇ ਸ਼ਬਦ ਵਿੱਚ ਦੱਸਿਆ ਹੈ ਕਿ ਪਰਮਾਤਮਾ ਪੱਥਰਾਂ ਨੂੰ ਵੀ ਪਾਣੀ ਉਪਰ ਤਾਰ ਸਕਦਾ ਹੈ। ਫਿਰ ਉਹ ਮਨੁੱਖ ਇਸ ਸੰਸਾਰ ਸਾਗਰ ਵਿਚੋਂ ਕਿਉਂ ਨਹੀਂ ਤਰਨਗੇ, ਜਿਹੜੇ ਉਸ ਪਰਮਾਤਮਾ ਦਾ ਨਾਮ ਸਿਮਰਦੇ ਹਨ। ਅੱਗੇ ਵੇਸਵਾ, ਕੁਬਿਜਾ, ਅਜਾਮਲ, ਸ਼ਿਕਾਰੀ, ਬਿਦਰ, ਸੁਦਾਮਾ ਅਤੇ ਉਗ੍ਰਸੈਨ ਦੀਆਂ ਕਥਾ ਕਹਾਣੀਆਂ ਦੀਆਂ ਉਦਾਹਰਣਾਂ ਦੁਆਰਾ ਉਪ੍ਰੋਕਤ ਸਚਾਈ ਨੂੰ ਮਨੁੱਖ ਦੇ ਹਿਰਦੇ ਵਿੱਚ ਦ੍ਰਿੜ੍ਹ ਕਰਵਾਉਣ ਦਾ ਯਤਨ ਕੀਤਾ ਹੈ। ਦੂਜੇ ਸ਼ਬਦ ਵਿੱਚ ਰਾਮ ਬੇਨ ਵਜਣ ਦਾ ਜ਼ਿਕਰ ਹੈ। ਕ੍ਰਿਸ਼ਨ ਜੀ ਨਾਲ ਸੰਬੰਧਤ ਵਸਤਾਂ ਅਤੇ ਭਾਵਾਂ ਦੇ ਪ੍ਰਤੀਕ ਵਰਤੇ ਹਨ। ਪਰਮਾਤਮਾ ਨੂੰ ਰਮੱਈਆ, ਕਵਲਾਪਤੀ ਤੇ ਸ੍ਰੀ ਨਾਰਾਇਣ ਸ਼ਬਦਾਂ ਨਾਲ ਸੰਬੋਧਨ ਕੀਤਾ ਹੈ। ਇਹਨਾਂ ਸ਼ਬਦਾਂ ਨੂੰ ਵਿਸ਼ਨੂੰ ਦੀ ਭਗਤੀ ਜਾਂ ਵਿਸ਼ਨੂੰ ਦੇ ਕਿਸੇ ਅਵਤਾਰ ਦੀ ਭਗਤੀ ਦਾ ਪ੍ਰਤੀਕ ਨਹੀਂ ਮੰਨਿਆ ਜਾ ਸਕਦਾ। ਇਹਨਾਂ ਸ਼ਬਦਾਂ ਦਾ ਮੰਤਵ ਜੀਵ ਦੇ ਹਿਰਦੇ ਵਿੱਚ ਰੱਬੀ ਪਿਆਰ ਦਾ ਜਜ਼ਬਾ ਉਭਾਰਨਾ ਹੈ। ਇਸ ਮੰਤਵ ਦੀ ਪੂਰਤੀ ਲਈ ਇਹਨਾਂ ਪੁਰਾਤਨ ਕਥਾ ਕਹਾਣੀਆਂ ਨੂੰ ਸਾਧਨ ਬਣਾਇਆ ਗਿਆ ਹੈ। ਇਸ ਤੋਂ ਵੱਧ ਇਹਨਾਂ ਕਥਾ ਕਹਾਣੀਆਂ ਦਾ ਏਥੇ ਹੋਰ ਕੋਈ ਮਨੋਰਥ ਨਹੀਂ।

ਸੋਰਠਿ ਰਾਗ ਵਿੱਚ ਭਗਤ ਨਾਮਦੇਵ ਜੀ ਦਾ ਸ਼ਬਦ ਹੈ :

ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ ॥੧॥੨॥ (ਪੰਨਾ ੬੫੭)

ਉਪ੍ਰੋਕਤ ਸਾਰੇ ਸ਼ਬਦ ਵਿੱਚ ਪਰਮਾਤਮਾ ਸਰਬ ਵਿਆਪੀ ਦੱਸਿਆ ਹੈ। ਉਹ ਜੀਵਾਂ ਦੇ ਪ੍ਰਾਣਾਂ ਦਾ ਆਸਰਾ ਹੈ। ਉਸ ਨੂੰ ਮਾਇਆ ਨਾਲ ਨਹੀਂ ਖਰੀਦ ਸਕਦੇ। ਉਹ ਜੀਵ ਤੋਂ ਪ੍ਰੀਤ ਦੀ ਮਜ਼ਦੂਰੀ ਦੀ ਮੰਗ ਕਰਦਾ ਹੈ। ਪਰਮਾਤਮਾ ਅਸੰਭਵ ਨੂੰ ਸੰਭਵ ਬਣਾ ਸਕਦਾ ਹੈ। ਇਹ ਦੱਸਣ ਲਈ ਸ਼ਬਦ ਦੇ ਅਖੀਰ ਵਿੱਚ ਧ੍ਰੂ ਨੂੰ ਅਟੱਲ ਪਦਵੀ ਦੇਣ, ਸਮੁੰਦਰ ਉਤੇ ਪੁੱਲ ਬਨ੍ਹਣ, ਸੀਤਾ ਨੂੰ ਲੰਕਾ ਤੋਂ ਮੋੜ ਲਿਆਉਣ ਅਤੇ ਭਭੀਖਣ ਨੂੰ ਲੰਕਾ ਦਾ ਰਾਜ ਦੇਣ ਦੀਆਂ ਉਦਾਹਰਣਾਂ ਦਿਤੀਆਂ ਹਨ। ਰਾਜੇਂਦਰ ਸਿੰਘ ਨਿਰਾਲਾ ਅਨੁਸਾਰ ਏਥੇ ਵਿਸ਼ਨੂੰ-ਭਗਤੀ ਦਾ ਉਪਦੇਸ਼ ਹੈ। ਜੇ ਏਥੇ ਰਾਮ ਅਵਤਾਰ ਦੀ ਮਹਿਮਾ ਦਾ ਵਰਣਨ ਮੰਨ ਲਿਆ ਜਾਵੇ ਤਾਂ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਕੀ ਇਸ ਰਾਮ ਅਵਤਾਰ ਨੇ ਧ੍ਰੂ ਭਗਤ ਨੂੰ ਅਟੱਲ ਪਦਵੀ ਪ੍ਰਦਾਨ ਕੀਤੀ ਸੀ? ਇਹ ਵੀ ਸੋਚ ਕੇ ਦੱਸੋ ਕਿ ਪਹਿਲਾਂ ਰਾਮ ਚੰਦਰ ਹਇਆ ਜਾਂ ਧ੍ਰੂ ਭਗਤ ? ਸੋ ਇਸ ਸ਼ਬਦ ਨੂੰ ਵਿਸ਼ਨੂੰ-ਭਗਤੀ ਦਾ ਪ੍ਰਮਾਣ ਦੱਸਣਾ ਨਿਰਾਲੇ ਦੀ ਤਰਕ-ਹੀਣ ਜਬ੍ਹਲੀ ਹੈ। ਇਸ ਚਰਚਾ ਨੂੰ ਵਧਾਉਣ ਦਾ ਲਾਭ ਨਹੀਂ। ਰਾਜੇਂਦਰ ਸਿੰਘ ਨਿਰਾਲੇ ਨੇ ਜੋ ਅਠਵਾਂ ਪ੍ਰਮਾਣ ਦਿੱਤਾ ਹੈ, ਉਹ ਵੀ ਗੁਰ ਉਪਦੇਸ਼, ਸਾਧ ਸੰਗਤ ਅਤੇ ਸਿਮਰਨ ਦੀ ਮਹਿਮਾ ਦ੍ਰਿੜ੍ਹ ਕਰਵਾਉਣ ਵਾਲਾ ਹੈ। ਭਗਤ ਜੀ ਦਾ ਇਹ ਸ਼ਬਦ ਮਾਰੂ ਰਾਗ ਵਿੱਚ ੧੧੦੫ ਪੰਨੇ ਉਪਰ ਦਰਜ ਹੈ। ਇਸ ਦੀ ਪਹਿਲੀ ਪੰਗਤੀ ਇਹ ਹੈ :—

"ਚਾਰਿ ਮੁਕਤਿ ਚਾਰੈ ਸਿਧਿ ਮਿਲਿ ਕੈ ਦੂਲਹ ਪ੍ਰਭ ਕੀ ਸਰਨਿ ਪਰਿਓ ॥" (ਪੰਨਾ ੧੧੦੫)

ਉਪ੍ਰੋਕਤ ਚਰਚਾ ਤੋਂ ਬਾਅਦ ਭਗਤ ਨਾਮਦੇਵ ਜੀ ਦੀ ਬਾਣੀ ਦੇ ਅਧਾਰ 'ਤੇ ਉਹਨਾਂ ਦੇ ਇਸ਼ਟ ਦਾ ਸਰੂਪ ਵਰਣਨ ਕਰਨ ਦਾ ਯਤਨ ਕਰਦੇ ਹਾਂ, ਤਾਂ ਕਿ ਰਾਜੇਂਦਰ ਸਿੰਘ ਨਿਰਾਲਾ ਦਾ ਪ੍ਰਚਾਰਿਆ ਕੂੜ ਕੁਸੱਤ ਪਾਠਕਾਂ ਸਾਹਮਣੇ ਨੰਗਾ ਹੋ ਸਕੇ। ਆਪਣੇ ਇਸ਼ਟ ਬਾਰੇ ਭਗਤ ਜੀ ਦੇ ਫ਼ੁਰਮਾਨ ਹਨ :

(ੳ) ਸਤਿਗੁਰੁ ਮਿਲੈ ਤ ਸਹਸਾ ਜਾਈ ॥ ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ ॥੩॥
ਏਕੈ ਪਾਥਰ ਕੀਜੈ ਭਾਉ ॥ ਦੂਜੈ ਪਾਥਰ ਧਰੀਐ ਪਾਉ ॥
ਜੇ ਓਹੁ ਦੇਉ ਤ ਓਹੁ ਭੀ ਦੇਵਾ ॥ ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥੪॥੧॥
(ਗੂਜਰੀ ਨਾਮਦੇਵ ਜੀ, ਪੰਨਾ ੫੨੫)

ਇਹਨਾਂ ਪੰਗਤੀਆਂ ਵਿੱਚ ਮੂਰਤੀ-ਪੂਜਾ ਦਾ ਸਪੱਸ਼ਟ ਨਸ਼ੇਧ ਹੈ।

www.AKJ.Org

ਮੂਰਤੀ-ਪੂਜਾ ਨੂੰ ਵੈਸ਼ਨਵਾਂ ਵਿੱਚ ਧਰਮ ਦਾ ਅਨਿਖੱੜ ਅੰਗ ਮੰਨਿਆ ਜਾਂਦਾ ਹੈ। ਇਹਨਾਂ ਦੇਵੀ ਦੇਵਤਿਆਂ ਦੀ ਅਸਲੀਅਤ ਭਗਤ ਜੀ ਹੋਰ ਸਪੱਸ਼ਟ ਕਰਦੇ ਹਨ :

(ਅ) ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨੁ ਉਹੁ ਛਾਰੁ ਉਡਾਵੈ ॥੧॥
ਹਉ ਤਉ ਏਕੁ ਰਮਈਆ ਲੈਹਉ ॥ ਆਨ ਦੇਵ ਬਦਲਾਵਨਿ ਦੇਹਉ ॥੧॥ਰਹਾਉ॥੬॥
(ਗੋਂਡ ਨਾਮਦੇਵ ਜੀ, ਪੰਨਾ ੮੭੪)

ਇਸ ਉਪ੍ਰੋਕਤ ਸ਼ਬਦ ਵਿੱਚ ਭੈਰਉ ਨੂੰ ਭੂਤਨਾ, ਸੀਤਲਾ ਨੂੰ ਖੋਤੇ ਉਤੇ ਚੜ੍ਹ ਕੇ ਖੇਹ ਉਡਾਣ ਵਾਲੀ, ਸ਼ਿਵ-ਉਪਾਸ਼ਕ ਨੂੰ ਬੈਲ ਦੀ ਸਵਾਰੀ ਕਰ ਕੇ ਡਉਰੂ ਵਜਾਉਣ ਵਾਲਾ, ਪਾਰਬਤੀ ਦੇ ਪੂਜ ਨੂੰ ਬੰਦੇ ਤੋਂ ਇਸਤ੍ਰੀ ਬਣਦਾ ਅਤੇ ਭਵਾਨੀ ਨੂੰ ਮੁਕਤੀ ਦੇਣ ਸਮੇਂ ਕਿਧਰੇ ਛਿਪ ਜਾਣ ਵਾਲੀ ਦਸ ਕੇ ਭਗਤ ਨਾਮਦੇਵ ਜੀ ਐਲਾਨ ਕਰਦੇ ਹਨ ਕਿ ਮੈਂ ਤਾਂ ਇੱਕ ਸਰਬ-ਵਿਆਪੀ ਜੋਤ ਵਾਲੇ ਪਰਮਾਤਮਾ ਦਾ ਉਪਾਸ਼ਕ ਹਾਂ। ਇਹਨਾਂ ਸਾਰੇ ਦੇਵੀ ਦੇਵਤਿਆਂ ਨੂੰ ਮੈਂ ਆਪਣੇ ਪ੍ਰਭੂ ਦੇ ਸੁੰਦਰ ਨਾਮ ਤੋਂ ਨਿਛਾਵਰ ਕਰਦਾ ਹਾਂ। ਨਾਮਦੇਵ ਜੀ ਦਾ ਇਹ ਇਸ਼ਟ ਨਾ ਹਿੰਦੂਆਂ ਦੇ ਦੇਹੁਰੇ ਵਿੱਚ ਵਸਦਾ ਹੈ, ਨਾ ਮੁਸਲਮਾਨਾਂ ਦੀ ਮਸੀਤ ਵਿੱਚ।

(ੲ) ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥੪॥੩॥੭॥ (ਪੰਨਾ ੮੭੫)

ਨਾਮਦੇਵ ਜੀ ਦਾ ਇਸ਼ਟ ਸਰਬ-ਵਿਆਪੀ ਪਾਰਬ੍ਰਹਮ ਪਰਮਾਤਮਾ ਹੈ। ਉਹ ਕਿਸੇ ਠੋਸ ਸ਼ਕਲ ਜਾਂ ਆਕਾਰ ਵਾਲਾ ਬੁੱਤ ਜਾਂ ਦੇਵੀ ਦੇਵਤਾ ਨਹੀਂ। ਫੁਰਮਾਨ ਹੈ :

(ੳ) ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥......
ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ॥ ਗੋਬਿੰਦ ਬਿਨੁ ਨਹੀ ਕੋਈ ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ਰਹਾਉ॥...
ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥੪॥੧॥ (ਪੰਨਾ ੪੮੫)

(ਅ) ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ ॥
ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ ॥੪॥੨॥ (੪੮੫)

ਉਸ ਸਰਬ-ਵਿਆਪੀ ਪਰਮਾਤਮਾ ਨੂੰ ਕੋਈ ਬਿਆਨ ਨਹੀਂ ਕਰ ਸਕਦਾ। ਉਸ ਦੇ ਮੁਕੰਮਲ ਸਰੂਪ ਨੂੰ ਕਿਸੇ ਨੇ ਵੀ ਨਹੀਂ ਸਮਝਿਆ, ਉਹ ਮੋਹ ਮਾਇਆ ਦੀ ਮੈਲ ਤੋਂ ਅਤੀਤ ਹੈ, ਉਹ ਫੁੱਲਾਂ ਦੀ ਸੁਗੰਧੀ ਵਾਂਗ ਸਾਰ ਜੀਵਾਂ ਵਿੱਚ ਵਸਦਾ ਹੈ। ਉਸ ਨੂੰ ਕਦੀ ਕਿਸੇ ਨੇ ਨਾ ਜੰਮਦਾ ਵੇਖਿਆ ਹੈ ਅਤੇ ਨਾ ਹੀ ਉਸ ਨੂੰ ਕੋਈ ਜਾਣਦਾ ਹੈ ਕਿ ਉਹ ਕਿਹੋ ਜਿਹਾ ਹੈ। ਗੂਜਰੀ ਰਾਗ ਵਿੱਚ ਭਗਤ ਜੀ ਦਾ ਫੁਰਮਾਨ ਹੈ :

ਮਲੈ ਨ ਲਾਛੈ ਪਾਰਮਲੋ ਪਰਮਲੀਓ ਬੈਠੋ ਰੀ ਆਈ ॥
ਆਵਤ ਕਿਨੈ ਨ ਪੇਖਿਓ ਕਵਨੈ ਜਾਣੈ ਰੀ ਬਾਈ ॥੧॥
ਕਉਣੁ ਕਹੈ ਕਿਣਿ ਬੂਝੀਐ ਰਮਈਆ ਆਕੁਲੁ ਰੀ ਬਾਈ ॥੧॥ਰਹਾਉ॥੨॥ (ਪੰਨਾ ੫੨੫)

ਪਰਮਾਤਮਾ ਦੀ ਗਤੀ ਨੂੰ ਬਿਆਨਣਾ ਅਜਿਹਾ ਅਸੰਭਵ ਹੈ ਜੈਸਾ ਜਲ ਦੀ ਮੱਛੀ ਦਾ ਖਜੂਰ ਉਤੇ ਚੜ੍ਹਨਾ। ਭਗਤ ਜੀ ਦਾ ਫੁਰਮਾਨ ਹੈ :

ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ ॥ ਜਲ ਕੀ ਮਾਛੁਲੀ ਚਰੈ ਖਜੂਰਿ ॥੧॥ (ਟੋਡੀ, ਪੰਨਾ ੭੧੮)

ਭਗਤ ਜੀ ਦਸਦੇ ਹਨ ਕਿ ਮੈਂ ਤਾਂ ਉਸ ਪ੍ਰਭੂ ਦਾ ਸਿਮਰਨ ਕੀਤਾ ਹੈ, ਜਿਹੜਾ ਸਾਰੀ ਸ੍ਰਿਸ਼ਟੀ ਦੀ ਰੱਖਿਆ ਕਰਨ ਵਾਲਾ ਹੈ, ਜਿਸ ਦੀ ਕੋਈ ਵਿਸ਼ੇਸ਼ ਕੁਲ ਨਹੀਂ ਅਤੇ ਜਿਸ ਉਤੇ ਮਾਇਆ ਕੋਈ ਪ੍ਰਭਾਵ ਨਹੀਂ ਪਾ ਸਕਦੀ। ਫੁਰਮਾਨ ਹੈ :

ਸੇਵੀਲੇ ਗੋਪਾਲ ਰਾਇ ਅਕੁਲ ਨਿਰੰਜਨ ॥ ਭਗਤਿ ਦਾਨੁ ਦੀਜੈ ਜਾਚਹਿ ਸੰਤ ਜਨ ॥੧॥ਰਹਾਉ॥
(ਮਲਾਰ, ਪੰਨਾ ੧੨੯੨)

www.AKJ.Org

ਇਸ ਸਾਰੇ ਸ਼ਬਦ ਵਿੱਚ ਭਗਤ ਨਾਮਦੇਵ ਜੀ ਨੇ ਪਰਮਾਤਮਾ ਦੀ ਵੈਰਾਟ ਪ੍ਰਤਿਭਾ ਦਾ ਵਿਸਥਾਰ ਸਹਿਤ ਵਰਣਨ ਕੀਤਾ ਹੈ। ਫੁਰਮਾਇਆ ਹੈ ਕਿ ਉਹ ਪਰਮਾਤਮਾ ਇੱਕ ਐਸਾ ਰਾਜਾ ਹੈ ਜਿਸ ਦੇ ਸ਼ਾਮਿਆਨੇ ਦੀਆਂ ਚਾਰ ਦਿਸ਼ਾਵਾਂ ਕਨਾਤਾਂ ਹਨ, ਬੈਕੁੰਠ ਜਿਸ ਦਾ ਤਸਵੀਰ-ਘਰ ਹੈ, ਚੰਦ ਸੂਰਜ ਜਿਸ ਦੇ ਨਿੱਕੇ ਨਿੱਕੇ ਦੋ ਦੀਵੇ ਹਨ, ਕਾਲ ਜਿਸ ਦੇ ਘਰ ਦਾ ਖਿਡਾਉਣਾ ਹੈ, ਚਾਰ ਮੂੰਹਾਂ ਵਾਲਾ ਬ੍ਰਹਮਾ ਜਿਸ ਦੇ ਘਰ ਦਾ ਕੁੰਭਿਆਰ ਹੈ, ਸ਼ਿਵ ਜੀ ਜਿਸ ਦੇ ਘਰ ਦਾ ਝੱਲਾ ਮਸਖਰਾ ਹੈ, ਚਿਤ੍ਰ ਗੁਪਤ ਜਿਸ ਦੇ ਘਰ ਦਾ ਮੁਨੀਮ ਹੈ, ਧਰਮਰਾਜ ਜਿਸ ਦੇ ਘਰ ਦਾ ਮਾਮੂਲੀ ਦਰਬਾਨ ਹੈ, ਸ਼ਿਵ ਜੀ ਦੇ ਗਣ, ਸਾਰੇ ਰਿਸ਼ੀ ਮੁਨੀ ਜਿਸਦੇ ਢਾਡੀ ਹਨ, ਸ਼ਾਸਤ੍ਰ ਬਹੁ-ਰੂਪੀਏ ਹਨ, ਜਗਤ ਜਿਸ ਦਾ ਹਾਲਾ ਭਰਨ ਵਾਲਾ ਹੈ, ਪਉਣ ਜਿਸ ਦੀ ਚੌਰ ਬਰਦਾਰ ਹੈ, ਮਾਇਆ ਜਿਸ ਦੀ ਦਾਸੀ ਹੈ, ਇਹ ਧਰਤੀ ਉਸ ਦੇ ਲੰਗਰ ਦਾ ਚੁਲ੍ਹਾ ਹੈ, ਵਿਸ਼ਨੂੰ ਦਾ ਕੱਛ ਅਵਤਾਰ ਜਿਸ ਦਾ ਪਲੰਘ ਹੈ, ਹਜ਼ਾਰਾਂ ਫਣਾਂ ਵਾਲਾ ਸ਼ੇਸ਼ਨਾਗ ਜਿਸ ਦੀਆਂ ਤਣੀਆਂ ਹਨ, ਬਨਸਪਤੀ ਜਿਸ ਦੀ ਮਾਲਣ ਹੈ, ਛਿਆਨਵੇਂ ਕਰੋੜ ਬੱਦਲ ਉਸ ਦਾ ਪਾਣੀ ਭਰਨ ਵਾਲੇ ਨੌਕਰ ਹਨ, ਗੰਗਾ ਉਸ ਦੇ ਨਹੁੰਆਂ ਦਾ ਪਸੀਨਾ ਹੈ, ਸਤੇ ਸਮੁੰਦਰ ਉਸ ਦੀ ਘੜਵੰਜੀ ਹਨ, ਸਾਰੇ ਜੀਵ ਜੰਤੂ ਜਿਸ ਦੇ ਭਾਂਡੇ ਹਨ, ਸਾਰੇ ਜਪੀ ਤਪੀ ਜੋਗੀ ਰਿਸ਼ੀ ਮੁਨੀ ਤੇ ਭਗਤ ਜਿਸ ਦੀ ਮਾਮੂਲੀ ਜਿਹੀ ਖੇਡ ਦਾ ਭਾਗ ਹਨ, ਅਜਿਹੀ ਮਹਾਨ ਹਸਤੀ, ਜੋ ਸਰਬ-ਵਿਆਪਕ ਹੈ, ਸਾਰੇ ਸੰਤ ਭਗਤ ਹੀ ਉਸ ਦੇ ਨਾਮ ਦੀ ਜਾਚਨਾ ਕਰਦੇ ਹਨ। ਰਾਜੇਂਦਰ ਸਿੰਹੁ ਨਿਰਾਲਾ ਦੱਸੇ ਕਿ ਕੀ ਇਹ ਉਸ ਦੇ ਵਿਸ਼ਨੂੰ ਦੀ ਲੀਲ੍ਹਾ ਦਾ ਵਰਣਨ ਹੈ। ਜੇ ਭਗਤ ਨਾਮਦੇਵ ਜੀ ਵਿਸ਼ਨੂੰ-ਉਪਾਸ਼ਕ ਹੁੰਦੇ ਤਾਂ ਉਹ ਸਮੁੱਚੇ ਹਿੰਦੂਆਂ ਬਾਰੇ ਹੀ, ਵੈਸ਼ਨਵ ਜਿਨ੍ਹਾਂ ਦੀ ਇੱਕ ਸੰਪਰਦਾ ਹਨ, ਇਹ ਫ਼ਤਵਾ ਕਿਉਂ ਦਿੰਦੇ ?

ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥੪॥੩॥੭॥

(ਬਿਲਾਵਲੁ ਗੋਂਡ ਨਾਮਦੇਵ ਜੀ, ਪੰਨਾ ੮੭੫)

[ਧੰਨਵਾਦ ਸਹਿਤ 'ਗੁਰਮਤਿ ਪ੍ਰਕਾਸ਼' ਦਸੰਬਰ ੧੯੯੨

---

# ਮੌਤ ਦੀ ਕਲਪਨਾ

[ਭਾਈ ਪਰਮਜੀਤ ਸਿੰਘ ਜੀ, ਨੰਗਲ ਅੰਬੀਆ, ਜਲੰਧਰ]

ਇਕ ਰਾਤ ਮੈਂ ਸੁਪਨਾ ਸੀ ਦੇਖਿਆ
ਕਿ ਉਹ ਮੇਰੇ ਨਜ਼ਦੀਕ ਆ ਰਹੀ ਹੈ।
ਉਸ ਦਾ ਆਣ ਦਾ ਸਮਾਂ ਹੋ ਗਿਆ ਸੀ।
ਉਸ ਦੀ ਕਲਪਨਾ ਹੀ ਇੰਨੀ ਭਿਆਨਕ ਸੀ !
ਉਹ ਆਪ ਕਿੰਨੀ ਭਿਆਨਕ ਹੋਵੇਗੀ,
ਉਸਦਾ ਰੂਪ ਕਿਸ ਤਰ੍ਹਾਂ ਦਾ ਹੋਵੇਗਾ,
ਉਹ ਕਿਸ ਤਰ੍ਹਾਂ ਦੀ ਹੋਏਗੀ,
ਉਹ ਕਿਵੇਂ ਆਵੇਗੀ, ਕਿਸ ਤਰ੍ਹਾਂ ਆਵੇਗੀ,
ਉਸ ਦਾ ਰੂਪ ਕੀ ਸੀ,
ਕੋਈ ਨਹੀਂ ਜਾਣ ਸਕਿਆ।
ਉਸ ਦਾ ਰੂਪ, ਉਸ ਦੀ ਸ਼ਕਲ,
ਉਸਦੇ ਆਉਣ ਦਾ ਵਕਤ, ਉਹ ਕਿਵੇਂ ਆਵੇਗੀ ?
ਇਹ ਸਵਾਲ ਮੇਰੇ ਮਨ 'ਚ ਆ ਰਹੇ ਸਨ ਬਾਰ ਬਾਰ।
ਉਸਦੀ ਚਿਤਵਨੀ ਨਾਲ ਮੈਨੂੰ ਯਾਦ ਆ ਰਹੇ ਸਨ
ਜ਼ਿੰਦਗੀ ਵਿਚ ਕੀਤੇ ਪਾਪ, ਜ਼ੁਲਮ
ਤੇ ਜ਼ਿੰਦਗੀ ਵਿਚ ਬੋਲਿਆ ਝੂਠ;
ਯਾਦ ਆ ਰਹੇ ਸਨ ਆਪਣੇ ਕੀਤੇ ਕਰਮ।
ਹੁਣ ਉਸ ਦੇ ਆਉਣ ਦਾ ਵਕਤ ਹੋ ਗਿਆ ਸੀ;
ਇੰਤਜ਼ਾਰ ਦੀਆਂ ਘੜੀਆਂ ਖ਼ਤਮ ਹੋ ਚੁਕੀਆਂ ਸਨ।
ਉਹ ਕੌਣ ਸੀ; ਉਹ ਮੇਰੀ "ਮੌਤ" ਸੀ।

# ਅਖੰਡ ਕੀਰਤਨੀ ਜਥਾ
## ਸਾਡਾ ਵਡਮੁਲਾ ਵਿਰਸਾ--ਸ੍ਵੈ ਪੜਚੋਲ

[ਅਖੰਡ ਕੀਰਤਨੀ ਜਥਾ ਕੁਝ ਵਿਸ਼ੇਸ਼ਤਾਈਆਂ ਦੇ ਅਧਾਰ ਤੇ ਵਿਸ਼ਵ-ਵਿਆਪੀ ਸੰਸਥਾ ਦਾ ਰੂਪ ਧਾਰਨ ਕਰ ਗਿਆ ਹੈ । ਕਰਤਾਂ ਪੁਰਖ ਦਾ ਲਖ ਲਖ ਸ਼ੁਕਰ !

ਸਿਖ ਇਤਿਹਾਸ ਵਿਚ ਸਮੇਂ ਸਮੇਂ ਕਈ ਲਹਿਰਾਂ ਉਠੀਆਂ ਅਤੇ ਕਈ ਜਥੇ ਹੋਂਦ ਵਿਚ ਆਏ । ਜਿੰਨੀ ਦੇਰ ਤਕ ਇਹਨਾਂ ਵਿਚ ਭੈ-ਭਾਵਨੀ ਅਤੇ ਅਨੁਸ਼ਾਸਨ ਬਣਿਆ ਰਿਹਾ, ਇਹਨਾਂ ਦੀ ਚੜ੍ਹਦੀ ਕਲਾ ਰਹੀ, ਪਰ ਜਦੋਂ ਇਸ ਪੱਖੋਂ ਜਾਂ ਆਚਰਣਿਕ ਅਥਵਾ ਸਿਧਾਂਤਕ ਤੌਰ ਤੇ ਬੇ-ਰੁਖ਼ੀ ਜਾਂ ਢਿਲਤਾਈ ਆਈ ਤਾਂ ਲਹਿਰਾਂ ਮਠੀਆਂ ਪੈਂਦੀਆਂ ਗਈਆਂ ਅਤੇ ਕਈ ਜਥੇ ਆਪਣੀ ਵਿਸ਼ੇਸ਼ ਹੋਂਦ-ਹਸਤੀ ਤੋਂ ਵੀ ਵਿਹਾਵੇ ਹੋ ਗਏ । ਇਤਿਹਾਸ ਆਪਣੀ ਵਲੇਟ ਵਿਚ ਕਈ ਲਹਿਰਾਂ ਅਤੇ ਜਥਿਆਂ ਦੇ, ਚੜ੍ਹਾਅ ਉਤਾਰ ਸਮੋਈ ਬੈਠਾ ਹੈ, ਜਿਨ੍ਹਾਂ ਤੋਂ ਸੇਧ ਲੈਂਦੇ ਰਹਿਣਾ ਲਾਹੇਵੰਦੀ ਅਤੇ ਸਿਆਣਪ ਵਾਲੀ ਗੱਲ ਹੈ । ਉਪ੍ਰੋਕਤ ਤੱਥ ਨੂੰ ਮੁਖ ਰਖਦਿਆਂ ਹਰੇਕ ਸੰਸਥਾ ਨੂੰ, ਹਰੇਕ ਜਥੇ ਨੂੰ ਸਮੇਂ ਸਮੇਂ ਆਪੋ ਆਪਣੀ ਕਾਰ-ਕਰਦਗੀ (ਕਰਣੀ-ਕਰਤੂਤ) ਦੀ ਸ੍ਵੈ-ਪੜਚੋਲ ਕਰਦੇ ਰਹਿਣਾ ਚਾਹੀਦਾ ਹੈ ਅਤੇ ਜਿਥੇ ਜਿਥੇ ਕੁਝ ਢਿਲਤਾਈਆਂ ਦਿਸਣ, ਉਹਨਾਂ ਨੂੰ ਦੂਰ ਕਰਨ ਦਾ ਉਪਰਾਲਾ ਕਰਦੇ ਰਹਿਣਾ ਚਾਹੀਦਾ ਹੈ । ਇਸ ਵਿਚ ਹੀ ਹਰੇਕ ਸੰਸਥਾ ਅਤੇ ਜਥੇ ਦੀ ਚੜ੍ਹਦੀ ਕਲਾ ਦਾ ਭੇਤ ਲੁਕਿਆ ਹੋਇਆ ਹੈ !

ਸਮੇਂ ਦੀ ਮੰਗ ਹੈ ਕਿ ਅਖੰਡ ਕੀਰਤਨੀ ਜਥੇ ਦੀ ਕਾਰ-ਗੁਜ਼ਾਰੀ ਦੀ ਵੀ ਖੁਦ ਸ੍ਵੈ-ਪੜਚੋਲ ਕੀਤੀ ਜਾਏ ਅਤੇ ਜਿਹੜੇ ਜਿਹੜੇ ਪੱਖ ਵਿਚ ਜਾਣੇ ਅਣਜਾਣੇ ਕੁਝ ਢਿਲਤਾਈਆਂ ਨਜ਼ਰ ਪੈਂਦੀਆਂ ਹਨ, ਤੁਰੰਤ ਦੂਰ ਕੀਤੀਆਂ ਜਾਣ ।

'ਸੂਰਾ ਪਰਵਾਰ' ਵਲੋਂ ਇਹ ਸ੍ਵੈ-ਪੜਚੋਲ ਦਾ ਕਠਿਨ ਪਰ ਅਤ-ਲੋੜੀਦਾ ਕਾਰਜ ਅਰੰਭਿਆ ਜਾ ਰਿਹਾ ਹੈ । ਇਸ ਵਿਚ ਹਰ ਕਿਸੇ ਵਲੋਂ ਸਹਿਯੋਗ ਲਈ ਜਾਚਨਾ ਹੈ ।]

**ਪੰਥਕ ਫੁਲਵਾੜੀ--**

ਸਰਬੱਤ ਖਾਲਸਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਫੁਲਵਾੜੀ ਹੈ, ਜੋ ਸੰਸਾਰ ਨੂੰ ਕਈ ਸਦੀਆਂ ਤੋਂ ਸੁਗੰਧਤ ਕਰਦੀ ਆ ਰਹੀ ਹੈ । ਇਸ ਸਦ-ਬਹਾਰੀ ਫੁਲਵਾੜੀ ਵਿਚ ਵੰਨ-ਸੁਵੰਨੇ ਗੁਰਸਿਖ-ਬੂਟਿਆਂ ਦੀ ਗੁਲਜ਼ਾਰ ਖਿੜੀ ਪਈ ਹੈ । ਹਰ ਬੂਟੇ ਦੀ ਵਖਰੀ ਮਹਿਕ ਹੈ ਤੇ ਵਖਰੀ ਸੁੰਦਰਤਾ । ਗੁਰੂ-ਮਾਲੀ ਇਸ ਅਨੂਪਮ ਬਗੀਚੀ ਨੂੰ ਅੰਮ੍ਰਿਤ-ਜਲ ਨਾਲ ਸਿੰਚ ਕੇ ਸਰਸ਼ਾਰ ਰਖਦਾ ਹੈ ਅਤੇ ਹਰੇਕ ਬੂਟੇ ਦੇ ਪਤੇ ਪਤੇ, ਡਾਲੀ ਡਾਲੀ ਦੀ ਖ਼ਬਰ-ਸਾਰ ਖਿਨ ਖਿਨ ਕਰਦਾ ਰਹਿੰਦਾ ਹੈ । ਭਾਵੇਂ ਸਾਰੇ ਗੁਰਸਿਖ-ਬੂਟਿਆਂ ਦੇ ਫੁਲ ਵਿਭਿੰਨ ਸੁੰਦਰਤਾ ਅਤੇ ਸੁਗੰਧੀ ਵਾਲੇ ਹਨ, ਪਰ ਫਲ ਸਭ ਨੂੰ ਇਕੋ ਹੀ ਲਗਦਾ ਹੈ---'ਅੰਮ੍ਰਿਤ-ਫਲ ।

**ਭਾ: ਸਾ: ਰਣਧੀਰ ਸਿੰਘ ਜੀ--**

ਇਸ ਅਨੂਪਮ ਬਗੀਚੀ ਦਾ ਇਕ ਅਨੋਖੇ ਫੁਲਾਂ ਫਲਾਂ ਵਾਲਾ ਗੁਰਸਿਖ-ਬੂਟਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਹੋਏ । ਮਾਂ ਬਾਪ ਨੇ ਤਾਂ ਨਾਮ, ਬਸੰਤ ਸਿੰਘ ਰਖਿਆ ਸੀ, ਪਰ ਗੁਰੂ-ਮਾਲੀ ਨੇ ਇਸ ਬੂਟੇ ਨੂੰ ਅੰਮ੍ਰਿਤ-ਪਿਉਂਦ ਲਾ ਕੇ ਨਾਮ 'ਰਣਧੀਰ ਸਿੰਘ ਰਖ ਦਿਤਾ । ਗੁਰੂ-ਮਾਲੀ ਦੀ ਮਿਹਰ ਸਦਕਾ ਇਸ ਗੁਰਸਿਖ-ਬੂਟੇ ਨੂੰ ਬੜੇ ਸੁੰਦਰ ਅਤੇ ਰਸੀਲੇ ਫੁਲ ਫਲ ਲਗੇ । ਇਸ ਦੀ ਸਘਣੀ ਛਾਂ ਅਤੇ ਰਸੀਲੇ ਫਲਾਂ ਸਦਕਾ ਬਾਗ ਦੀ ਸ਼ੋਭਾ ਦੂਣ ਸਵਾਈ ਹੋਈ ।

ਗੁਰੂ-ਘਰ ਵਿਚ ਜਨਮ ਹੋਣ (ਅੰਮ੍ਰਿਤ ਪਾਨ ਕਰਨ) ਉਪਰੰਤ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਮ-


www.AKJ.Org

ਗੁਰਮੰਤਰ ਦੀ ਅਤੁੱਟ ਘਾਲ ਕਮਾਈ ਕਰਨ ਦੇ ਨਾਲ ਨਾਲ ਸਮੱਗਰ ਗੁਰ ਉਪਦੇਸ਼ਾਂ ਦੀ ਮਨ, ਬਚ, ਕਰਮ ਕਰਕੇ ਘਾਲ ਕਮਾਈ ਵਿਚ ਲੱਕ ਬੰਨ੍ਹ ਕੇ ਜੁੱਟ ਗਏ, ਜਿਸ ਦੇ ਫਲ-ਸਰੂਪ ਨਾਮ ਉਹਨਾਂ ਦੇ ਰਗੋ-ਰੇਸ਼ੇ ਵਿਚ ਸਮਾਅ ਗਿਆ। ਗੁਰੂ-ਮਿਹਰ ਸਦਕਾ ਨਾਮ ਪ੍ਰਗਾਸ-ਅਵਸਥਾ ਪ੍ਰਾਪਤ ਹੋ ਗਈ। ਹਿਰਦੇ ਵਿਚ ਨਾਮ-ਕਸਤੂਰੀ ਦੇ ਨਾਫੇ ਖੁਲ੍ਹ ਗਏ, ਜਿਸ ਦੀ ਸੁਗੰਧੀ ਚਹੁੰ ਪਾਸੇ ਪਸਰ ਗਈ। ਨਾਮ-ਕਮਾਈ ਨੂੰ ਪ੍ਰਚੰਡ ਕਰਨ ਲਈ ਗੁਰਬਾਣੀ-ਕੀਰਤਨ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ।

**ਅਖੰਡ ਕੀਰਤਨੀ ਜਥਾ—**

ਨਾਮ ਸਿਮਰਨ ਅਤੇ ਗੁਰਬਾਣੀ ਕੀਰਤਨ ਦਾ ਅਨੰਦ ਮਾਨਣ ਲਈ ਦੂਰੋਂ ਨੇੜਿਓਂ ਗੁਰਸਿਖ-ਭੌਰੇ ਜੁੜਦੇ ਗਏ। ਪੂਰਬ ਜਨਮ ਦੇ ਸੰਜੋਗੀ ਆ ਮਿਲੇ। ਇਕ ਦੂਜੇ ਨੂੰ ਵੇਖ ਕੇ ਨਾਮ-ਕਮਾਈ ਕਰਨ ਦੇ ਚਾਅ ਦੂਣ ਸਵਾਏ ਹੁੰਦੇ ਗਏ। ਇਹ ਸਭ ਕੁਝ ਨਾਮ-ਬਾਣੀ ਦੇ ਨਿਰੰਤਰ ਪ੍ਰਵਾਹ ਅਥਵਾ ਗੁਰਬਾਣੀ ਦੇ ਨਿਰਬਾਣ ਕੀਰਤਨ ਦੀ ਬਰਕਤ ਸਦਕਾ ਵਾਪਰਿਆ ਤੇ ਕੀਰਤਨ ਦੀ ਜਾਗ ਅਗੇ ਤੋਂ ਅਗੇ ਸੁਤੇ ਸਿਧ ਹੀ ਲਗਦੀ ਗਈ। ਗੁਰਬਾਣੀ ਦੇ ਨਿਸ਼ਕਾਮ ਕੀਰਤਨ ਕਰਨਹਾਰਿਆਂ ਦਾ ਸਮੁਦਾਇ 'ਅਖੰਡ ਕੀਰਤਨੀ ਜਥਾ' ਦੇ ਨਾਮ ਨਾਲ ਪ੍ਰਸਿਧ ਹੋ ਗਿਆ। ਸਭ ਨੇ ਰਲ ਮਿਲ ਕੇ 'ਆਤਮ ਕੈ ਚਾਇ' ਕੀਰਤਨ ਕਰਨਾ, ਕੇਵਲ ਅੰਦਰਲੇ ਆਪੇ ਨੂੰ ਪਰਮ-ਆਪੇ ਨਾਲ ਇਕ-ਸੁਰ ਕਰਨ ਲਈ। ਆਤਮਿਕ ਇਕ-ਸੁਰਤਾ ਵਾਲੇ ਕੀਰਤਨ ਦੀ ਪਾਰਸ-ਰਸਾਇਣੀ-ਕਲਾ ਅਜਿਹੀ ਵਰਤੀ ਕਿ ਕੀਰਤਨੀਆਂ ਦੇ ਪੂਰਾਂ ਦੇ ਪੂਰ ਬਣੇ ਬਣਾਤੇ ਜਿਵੇਂ ਅਰਸ਼ਾਂ ਤੋਂ ਆਣ ਉਤਰੇ।

**ਗੁਰ-ਭਾਈਆਂ ਦਾ ਸੰਗਠਨ—**

ਨਾਮ-ਪ੍ਰਗਾਸ-ਅਵਸਥਾ ਪ੍ਰਾਪਤ ਹੋ ਜਾਣ ਦੇ ਬਾਵਜੂਦ ਭਾਈ ਸਾਹਿਬ ਰਣਧੀਰ ਸਿੰਘ ਜੀ ਸੰਤ-ਪੁਣੇ ਦੇ ਭੁਸ ਤੋਂ ਸਦਾ ਬਚੇ ਰਹੇ ਅਤੇ ਗੁਰਸਿਖ ਭਾਈਚਾਰੇ ਵਿਚ ਜੀਵਨ-ਪ੍ਰਯੰਤ 'ਭਾਈ' ਬਣ ਕੇ ਹੀ ਵਿਚਰੇ। ਅਖੰਡ ਕੀਰਤਨ ਕਰਨਹਾਰੇ ਸਮੂਹ ਗੁਰ-ਭਾਈਆਂ ਅੰਦਰ ਇਕ ਦੂਜੇ ਪ੍ਰਤੀ ਸਹੋਦਰ ਭਾਈਆਂ ਵਾਲੀ ਪ੍ਰੇਮ-ਭਾਵਨਾ ਸਦਕਾ ਪੰਥਕ ਪਿਆਰ ਦਾ ਜਜ਼ਬਾ ਪ੍ਰਬਲ ਹੋ ਕੇ ਸਾਹਮਣੇ ਆਇਆ। ਹਰ ਕਿਸੇ ਨੂੰ ਸਿਮਰਨ, ਕੀਰਤਨ ਅਤੇ ਸੇਵਾ ਦਾ ਚਾਅ ਚੜ੍ਹ ਗਿਆ। ਇਸ ਚਾਅ ਅਤੇ ਲਗਨ ਦੀ ਬਰਕਤ ਨਾਲ 'ਰੈਣ-ਸਬਾਈ' ਅਤੇ 'ਦਿਵਸ-ਸੁਹੇਲੇ' ਕੀਰਤਨ ਸਮਾਗਮਾਂ ਦੇ ਪ੍ਰਵਾਹ ਚਲ ਪਏ, ਅਤੇ ਦਿਨ-ਬਦਿਨ ਦੂਣ ਸਵਾਏ ਚਲ ਰਹ ਹਨ। ਸਾਰੇ ਸਮਾਗਮ ਨਿਸ਼ਕਾਮ ਭਾਵਨਾ ਨਾਲ ਕਰਨ ਦਾ ਇਹ ਫਲ ਹੋਇਆ ਕਿ ਜਾਗਤ-ਜੋਤਿ ਦੀ ਲਾਟ ਦੁਆਲੇ ਹੋਰ ਗੁਰਸਿਖ-ਪਤੰਗੇ ਜੁੜਦੇ ਗਏ ਅਤੇ ਇਸ ਪ੍ਰੇਮ-ਅਖਾੜੇ ਦਾ ਘੇਰਾ ਦਿਨ-ਪ੍ਰਤਿ-ਦਿਨ ਚੌੜਾ ਹੁੰਦਾ ਗਿਆ। ਹੁਣ ਇਹ ਦੇਸ ਤੋਂ ਪ੍ਰਦੇਸਾਂ ਤਕ ਪੁਜ ਗਿਆ ਹੈ।

**ਪ੍ਰਮੁਖ ਨਿਸ਼ਾਨਾ—**

ਅਖੰਡ ਕੀਰਤਨੀ ਜਥੇ ਦਾ ਪ੍ਰਮੁਖ ਨਿਸ਼ਾਨਾ ਨਾਮ-ਬਾਣੀ ਦੇ ਨਿਸ਼ਕਾਮ ਕੀਰਤਨ ਦੁਆਰਾ ਜੀਵਨ ਸਫਲ ਕਰਨਾ ਹੈ। ਸੋ, ਗੁਰਬਾਣੀ ਦਾ ਪਠਨ ਪਾਠਨ ਅਖੰਡ ਕੀਰਤਨ ਦਾ ਅਨਿਖੜਵਾਂ ਅੰਗ ਹੈ। ਇਹ ਸਭ ਕੁਝ ਗੁਰੂ ਵਾਲੇ ਬਣ ਕੇ ਅਥਵਾ ਅੰਮ੍ਰਿਤ ਪਾਨ ਕਰਨ ਨਾਲ ਹੀ ਪ੍ਰਾਪਤ ਹੋਣਾ ਸੰਭਵ ਹੈ। ਸੋ ਅੰਮ੍ਰਿਤ ਛਕਣਾ ਅਤੇ ਅੰਮ੍ਰਿਤ ਸਿੰਚਾਰ ਕਰਨਾ ਇਸ ਜਥੇ ਦਾ ਮੁਢਲਾ ਕਰਤੱਵ ਹੈ। ਗੁਰੂ ਪਾਤਸ਼ਾਹ ਜੀ ਦੀ ਦਸੀ ਦ੍ਰਿੜ੍ਹਾਈ ਖਾਲਸਾ ਰਹਿਤ ਵਿਚ ਪਰਪੱਕਤਾ ਅਖੰਡ ਕੀਰਤਨੀ ਜਥੇ ਦੀ ਵਿਲੱਖਣ ਵਿਸ਼ੇਸ਼ਤਾਈ ਹੈ, ਭਾਵੇਂ ਕੁਝ ਢਿਲੜ ਵੀਰ ਇਸ ਪਰਪੱਕਤਾ ਨੂੰ ਕਟੜਤਾਈ ਦਾ ਫ਼ਤਵਾ ਦੇ ਦੇਂਦੇ ਹਨ। ਇਸ ਪੱਖੋਂ ਅਖੰਡ ਕੀਰਤਨੀ ਜਥੇ ਨੂੰ ਵੀ ਸਦਾ ਚੇਤਨ ਅਤੇ ਸੁਚੇਤ ਰਹਿਣ ਦੀ ਲੋੜ ਹੈ ਕਿ ਉਹਨਾਂ ਦੀ ਰਹਿਤ ਬਹਿਤ ਵਿਚ ਪਰਪੱਕਤਾ ਕਿਧਰੇ ਕਟੜਤਾਈ ਵਿਚ ਨਾ ਵਟੀਜ ਜਾਏ।

**ਰੰਗਲੇ ਸਜਣ—**

ਸੰਤ ਸਜਨ ਮਨ ਮਿਤ੍ਰ ਸੇ ਲਾਇਨਿ ਪ੍ਰਭ ਸਿਉ ਰੰਗੁ ਜੀਉ ॥੧॥ (ਸੂਹੀ ਮ: ੫ ਘਰ ੬, ਪੰਨਾ ੭੬੦)

ਨਾਮ ਦਾ ਮਜੀਠਾ ਰੰਗ ਜਿਸ ਨੂੰ ਚੜ੍ਹ ਜਾਵ, ਉਸ ਦੀ ਆਭਾ ਕੁਝ ਵਖਰੀ ਹੁੰਦੀ ਹੈ। ਉਸ ਦੀ ਸਮੁੱਚੀ



www.AKJ.Org

ਸ਼ਖ਼ਸੀਅਤ ਰਾਗਾਤਮਿਕ, ਅਥਵਾ, ਰਸੀਲੀ ਹੋ ਜਾਂਦੀ ਹੈ। ਅਜਿਹੇ ਰੰਗ-ਰਤੜੇ ਗੁਰਸਿੱਖਾਂ ਦੀ ਪਾਰਸ-ਰਸਾਇਣੀ-ਸੰਗਤ ਨਾਲ ਰੰਗ ਅਗੇ ਤੋਂ ਅਗੇ ਲਗਦਾ ਜਾਂਦਾ ਹੈ। ਅਖੰਡ ਕੀਰਤਨੀ ਜਥੇ ਵਿਚ ਨਾਮ-ਰੰਗ-ਰਤੜੇ ਅਨੇਕਾਂ ਗੁਰਸਿਖ ਪਹਿਲੇ ਸਮੇਂ ਵਿਚ ਹੋ ਗੁਜ਼ਰੇ ਹਨ, ਜਿਨ੍ਹਾਂ ਦੇ ਜੀਵਨ-ਚਰਿਤਰ ਉਹਨਾਂ ਦੇ ਗੁਰਪੁਰੀ ਪਿਆਨੇ ਕਰ ਜਾਣ ਮਗਰੋਂ ਭਾ: ਸਾ: ਭਾਈ ਰਣਧੀਰ ਸਿੰਘ ਜੀ ਨੇ 'ਰੰਗਲੇ ਸੱਜਣ' ਨਾਮੀ ਪੁਸਤਕ ਵਿਚ ਲਿਖੇ ਹਨ। ਇਹ ਪੁਸਤਕ ਪਹਿਲੀ ਵਾਰ ਸੰਨ ੧੯੫੬ ਵਿਚ ਪ੍ਰਕਾਸ਼ਤ ਹੋਈ। ਇਸ ਵਿਚ ੨੩ ਨਾਮ-ਰਤੜੇ ਗੁਰਸਿੱਖਾਂ ਦੇ ਗੁਰਮਤੀ ਜੀਵਨ-ਕਾਰਨਾਮੇ ਅੰਕਿਤ ਹਨ। ਇਸ ਤੋਂ ਮਗਰੋਂ ਵੀ ਕਈ ਰੰਗਲੇ ਸੱਜਣ ਹੋਏ ਅਤੇ ਹੁਣ ਵੀ ਹਨ, ਪਰ ਸ਼ਾਇਦ ਭਾ: ਸਾ: ਭਾਈ ਰਣਧੀਰ ਸਿੰਘ ਜੀ ਵਰਗੀ ਪਾਰਖੂ ਦ੍ਰਿਸ਼ਟੀ ਅਤੇ ਸਤ-ਵਾਦੀ ਲੇਖਣੀ ਦੀ ਅਣਹੋਂਦ ਕਾਰਨ ਕੋਈ ਹੋਰ ਅਜਿਹੀ ਪੁਸਤਕ 'ਪੂਰਬ ਜਨਮ ਕੇ ਮਿਲੇ ਸੰਜੋਗੀ' ਤੋਂ ਸਿਵਾ ਇਸ ਸੰਬੰਧ ਵਿਚ ਲਿਖੀ ਨਹੀਂ ਗਈ।

ਨਾਮ-ਪ੍ਰਗਾਸ-ਅਵਸਥਾ ਦੀ ਪ੍ਰਾਪਤੀ ਅਥਵਾ ਅਠੇ ਪਹਿਰ ਸਾਸ-ਗਿਰਾਸ ਨਾਮ-ਸਿਮਰਨ ਵਿਚ ਲਿਵ-ਲੀਨ ਰਹਿਣਾ ਹੀ ਰੰਗਲੇ ਸੱਜਣ ਦੀ ਮੁਢਲੀ ਨਿਸ਼ਾਨੀ ਅਤੇ ਵਿਲੱਖਣਤਾ ਹੈ। ਇਹ ਗੁਰਸਿਖ-ਚਰਿਤ੍ਰ-ਮਾਲਾ ਦਾ ਮੇਰੂ ਮਣਕਾ ਹੈ—

ਜਿਸ ਨੋ ਲਗਾ ਰੰਗੁ ਸੋ ਰੰਗਿ ਰਤਿਆ ॥੪॥ (ਰਾਮਕਲੀ ਕੀ ਵਾਰ ਮ ੫, ਪੰਨਾ ੯੫੮)

ਹੱਥਲੇ ਲੇਖ ਦਾ ਵਿਸ਼ਾ ਇਹ ਵਿਚਾਰਨਾ ਹੈ ਕਿ ਉਹ ਕਿਹੜੀ ਵਿਸ਼ੇਸ਼ਤਾਈ ਸੀ, ਜਿਸ ਦੇ ਕਾਰਨ ਕੁਝ ਸਾਧਾਰਨ ਵਿਅਕਤੀ 'ਰੰਗਲੇ ਸੱਜਣ' ਹੋ ਨਿਬੜੇ? ਕੀ ਉਹ ਵਿਸ਼ੇਸ਼ਤਾਈ ਅੱਜ ਵੀ ਓਵੇਂ ਜਿਵੇਂ ਕਾਇਮ ਹੈ ਜਾਂ ਕੁਝ ਘਾਟ ਆ ਗਈ ਹੈ? ਜੇ ਵਾਕਿਆ ਹੀ ਕੁਝ ਘਾਟ ਆ ਗਈ ਹੈ ਤਾਂ ਕਿਨ੍ਹਾਂ ਕਾਰਨਾਂ ਕਰਕੇ? ਅਤੇ ਇਸ ਸੰਬੰਧੀ ਕਿਨ੍ਹਾਂ ਕਿਨ੍ਹਾਂ ਗੱਲਾਂ ਵਲ ਵਿਸ਼ੇਸ਼ ਧਿਆਨ ਦਿਤੇ ਜਾਣ ਦੀ ਲੋੜ ਹੈ?

**ਰੰਗਲੇ ਸੱਜਣ ਦੇ ਗੁਣ—**

ਰੰਗਲਾ ਸੱਜਣ ਉਹ ਹੈ ਜਿਸ ਦਾ ਜੀਵਨ ਗੁਰਮਤਿ ਦੇ ਸਾਂਚੇ ਵਿਚ ਢਲਿਆ ਹੋਵੇ। ਅੰਮ੍ਰਿਤ-ਧਾਰੀ ਤਿਆਰ-ਬਰ-ਤਿਆਰ ਖਾਲਸਾ ਰਹਿਤ ਬਹਿਤ ਵਿਚ ਪਰਪੱਕ, ਨਾਮ ਬਾਣੀ ਦਾ ਸਾਸ-ਗਿਰਾਸ ਅਭਿਆਸੀ, ਕੀਰਤਨ ਦਾ ਰਸੀਆ, ਤਿਆਗਾਂ ਤੇ ਕੁਰਬਾਨੀ ਦਾ ਪੁਤਲਾ, ਨਿਮ੍ਰਤਾ ਤੇ ਸੇਵਾ ਦਾ ਪੁੰਜ, ਇਹ ਕੁਝ ਕੁ ਪ੍ਰਮੁਖ ਗੁਣ ਹਨ ਰੰਗਲੇ ਸੱਜਣ ਦੇ।

**ਵਰਤਮਾਨ ਸਥਿਤੀ—**

ਅਖੰਡ ਕੀਰਤਨੀ ਜਥੇ ਦੀ ਸੰਖਿਆ ਵਿਚ ਪਿਛਲੇ ਕੁਝ ਸਾਲਾਂ ਵਿਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ। ਪ੍ਰਸੰਨਤਾ ਵਾਲੀ ਗੱਲ ਹੈ ਕਿ ਨਵੇਂ ਸ਼ਾਮਲ ਹੋਣ ਵਾਲਿਆਂ ਵਿਚ ਪੜ੍ਹੇ ਲਿਖੇ ਸਮਝਦਾਰ ਤਬਕੇ ਦੀ ਬਹੁਲਤਾ ਹੈ ਅਤੇ ਖ਼ਾਸ ਕਰਕੇ ਨੌਜਵਾਨ ਤਬਕਾ ਜ਼ਿਆਦਾ ਗੁਰਸਿੱਖੀ ਵਲ ਪ੍ਰੇਰਤ ਹੋਇਆ ਹੈ। ਇਹਨਾਂ ਦੇ ਗੁਰਸਿੱਖੀ ਵਲ ਪ੍ਰੇਰਤ ਹੋਣ ਲਈ ਅਖੰਡ ਕੀਰਤਨ ਦਾ ਪ੍ਰਵਾਹ ਅਤੇ ਭਾਈ ਰਣਧੀਰ ਸਿੰਘ ਜੀ ਦੀਆਂ ਰਚਿਤ ਗੁਰਮਤਿ ਪੁਸਤਕਾਂ ਨੇ ਹੀ ਪ੍ਰੇਰਨਾ-ਸ੍ਰੋਤ ਦਾ ਕੰਮ ਕੀਤਾ ਹੈ। ਕੀਰਤਨ-ਸਮਾਗਮਾਂ ਵਿਚ ਵੀ ਬਹੁਤ ਵਾਧਾ ਹੋਇਆ ਹੈ ਅਤੇ ਬਾਹਰਲੇ ਉਨ੍ਹਾਂ ਦੇਸਾਂ ਵਿਚ, ਜਿਹੜੇ ਗੁਰਸਿੱਖੀ ਦੀ ਕਤਲਗਾਹ ਕਹੇ ਜਾਂਦੇ ਸਨ, ਓਥੇ ਵੀ ਹੁਣ ਪ੍ਰਕਾਸ਼ ਦਾੜ੍ਹਿਆਂ ਵਾਲੇ ਅਤੇ ਸੀਸ ਤੇ ਦਸਤਾਰਿਆਂ ਵਾਲੇ ਵੀਰ ਭੈਣਾਂ ਚੜ੍ਹਦੀ ਕਲਾ ਵਿਚ ਗੁਰਮਤਿ ਦਾ ਪ੍ਰਚਾਰ ਨਿਸ਼ਕਾਮ ਭਾਵਨਾ ਨਾਲ ਆਪਣੇ ਸੁਚੱਜੇ ਜੀਵਨ-ਅਚਾਰ ਦੁਆਰਾ ਕਰ ਰਹੇ ਹਨ।

ਇਸ ਚੜ੍ਹਦੀ ਕਲਾ ਦੇ ਬਾਵਜੂਦ ਕੁਝ ਪੱਖੋਂ ਥੋੜੀ ਬਹੁਤ ਘਾਟ ਵੀ ਭਾਸਦੀ ਹੈ। ਪੁਰਾਤਨ ਗੁਰਸਿੱਖਾਂ ਵਲੋਂ ਗੰਭੀਰਤਾ, ਸੁਹਿਰਦਤਾ, ਉਦਾਰਤਾ ਅਤੇ ਨਿੰਮ੍ਰਤਾ ਦਾ ਜੋ ਨਮੂਨਾ ਪੇਸ਼ ਕੀਤਾ ਗਿਆ ਸੀ, ਉਸਦਾ ਸਟੈਂਡਰਡ ਪਹਿਲਾਂ ਨਾਲੋਂ ਕੁਝ ਘਟ ਗਿਆ ਜਾਪਦਾ ਹੈ। ਨਵੀਂ ਪਨੀਰੀ ਵਿਚ ਜਿਥੇ ਉਤਸ਼ਾਹ ਤੇ ਉਮਾਹ ਨਜ਼ਰੀ ਪੈਂਦਾ ਹੈ, ਓਥੇ ਕੁਝ ਸਜਣਾਂ ਵਲੋਂ ਕੁਝ ਕੁ ਨੁਮਾਇਸ਼ੀ ਵੀ ਦੇਖਣ ਵਿਚ ਆਉਂਦਾ ਹੈ। ਦੂਜੀ ਗੱਲ ਰਹਿਤ ਬਹਿਤ


www.AKJ.Org

ਵਿਚ ਪਰਪੱਕਤਾ ਤਾਂ ਖਾਲਸਈ ਗੁਣ ਹੈ, ਪਰ ਕੱਟੜਤਾਈ ਅਵੱਸ਼ ਹੀ ਇਕ ਔਗੁਣ ਹੈ, ਜੋ ਰਹਿਤ-ਰਹਿਣੀ ਲਈ ਪ੍ਰੇਰਨਾ-ਸਰੋਤ ਬਣਨ ਦੀ ਥਾਵੇਂ ਸਗੋਂ ਦੂਜਿਆਂ ਨੂੰ ਗ਼ਲਤ ਪ੍ਰਭਾਵ ਦੇਂਦੀ ਹੈ, ਤੇ ਦੂਰੀ ਪੈਦਾ ਕਰਦੀ ਹੈ। ਸੋ ਸਾਨੂੰ ਸਭਨਾਂ ਨੂੰ ਆਪੋ ਆਪਣੇ ਅੰਦਰ ਝਾਤੀ ਮਾਰ ਕੇ ਸ੍ਵੈ-ਪੜਚੋਲ ਕਰਨੀ ਬਣਦੀ ਹੈ ਕਿ ਕੀ ਸਾਡੀ ਕਹਿਣੀ ਕਰਣੀ ਇਕਸਾਰ ਹੈ ? ਕੀ ਸਾਡੀ ਸਮੁੱਚੀ ਸ਼ਖ਼ਸੀਅਤ ਗੁਰਮਤਿ ਦੀ ਧਾਰਨਾ ਸਦਕਾ ਵਾਕਿਆ ਹੀ ਰਸੀਲੀ ਹੋਈ ਹੈ ਕਿ ਐਵੇਂ ਸੁੱਕਾ ਖੂਹ ਗੇੜੀ ਜਾ ਰਹੇ ਹਾਂ। ਜੇ ਹਰ ਕੋਈ ਆਪਣੀ ਕਹਿਣੀ ਕਰਣੀ ਦਾ ਲੇਖਾ-ਜੋਖਾ ਕਰ ਕੇ "ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ"* ਦਾ ਮਾਰਗ ਅਪਨਾਉਣ ਦਾ ਉਪਰਾਲਾ ਕਰੇ ਤਾਂ ਅਵੱਸ਼ ਹੀ ਜਥੇ ਦੀ ਪਹਿਲਾਂ ਵਾਂਗ ਫਿਰ ਚੜ੍ਹਦੀ ਕਲਾ ਦੇ ਨਜ਼ਾਰੇ ਵੇਖੇ ਜਾ ਸਕਦੇ ਹਨ ਤੇ ਗੁਰਸਿੱਖੀ ਦਾ ਨਮੂਨਾ ਵੇਖ ਕੇ ਹੋਰਨਾਂ ਨੂੰ ਵੀ ਗੁਰਸਿੱਖੀ ਧਾਰਨ ਕਰਨ ਦੀ ਪ੍ਰੇਰਨਾ ਮਿਲ ਸਕਦੀ ਹੈ।

**ਸਵੈ-ਪੜਚੋਲ–**

ਜਿਵੇਂ ਉਪਰ ਵਰਨਣ ਕੀਤਾ ਗਿਆ ਹੈ, ਅਖੰਡ ਕੀਰਤਨੀ ਜਥੇ ਦੇ ਹੇਠ ਲਿਖੇ ਪ੍ਰਮੁਖ ਕਾਰਜ ਹਨ :--

੧. ਅਖੰਡ ਕੀਰਤਨ

੨. ਅੰਮ੍ਰਿਤ ਸੰਚਾਰ ਅਤੇ ਗੁਰਮਤਿ ਰਹਿਤ ਰਹਿਣੀ ਦਾ ਪਰਚਾਰ

੩. ਗੁਰਬਾਣੀ ਪਾਠ ੪. ਗੁਰਮਤਿ ਸਾਹਿੱਤ ਦਾ ਪਰਚਾਰ

ਸੋ ਇਕ ਇਕ ਕਰਕੇ ਉਪ੍ਰੋਕਤ ਕਾਰਜਾਂ ਦੀ ਕਲਾ-ਕੌਸ਼ਲਤਾ ਬਾਰੇ ਵਿਚਾਰ ਕੀਤਾ ਜਾਣਾ ਜ਼ਰੂਰੀ ਹੈ।

**ਅਖੰਡ ਕੀਰਤਨ : ਕੀਰਤਨ-ਚਜ-ਅਚਾਰੀ–**

ਅਖੰਡ ਕੀਰਤਨ : ਅਖੰਡ ਕੀਰਤਨੀ ਜਥੇ ਦੀ ਖ਼ਾਸ ਵਿਸ਼ੇਸ਼ਤਾਈ ਹੈ। ਕੀਰਤਨ ਨੂੰ ਕਲਜੁਗ ਵਿਚ ਜੀਵਨ-ਉਧਾਰ ਦਾ ਪ੍ਰਮੁਖ ਸਾਧਨ ਦਸਦਿਆਂ ਹੋਇਆਂ ਸਤਿਗੁਰਾਂ ਨੇ ਕੀਰਤਨ ਕਰਨ ਦੀ ਜੁਗਤੀ ਵੀ ਨਾਲ ਹੀ ਸਮਝਾਈ ਹੈ ਕਿ ਇਹ ਸੁਰਤੀ ਜੋੜ ਕੇ ਕਰਨਾ ਚਾਹੀਦਾ ਹੈ :–

(੧) ਕਲਜੁਗ ਮਹਿ ਕੀਰਤਨੁ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ.. ॥੬॥

(ਮਾਰੂ ਸੋਲਹੇ ਮ: ੫, ਪੰਨਾ ੧੦੭੫)

(੨) ਗੋਵਿੰਦ ਗੁਣ ਗਾਈਐ ਜੀਉ ਲਾਇ ਸਤਿਗੁਰੂ ਨਾਲਿ ਧਿਆਨੁ ॥੪॥੧੧॥ (੭੩੪)

ਗੁਰੂ ਪਾਤਸ਼ਾਹ ਜੀ ਨੇ ਕੀਰਤਨ ਕਰਨਹਾਰੇ ਗੁਰਸਿੱਖਾਂ ਨੂੰ ਜਿਥੇ ਪਿਆਰ-ਅਸੀਸਾਂ ਨਾਲ ਨਿਵਾਜਿਆ ਹੈ ਓਥੇ ਉਹਨਾਂ ਨੂੰ ਮਾਇਆ ਦੇ ਛਲ-ਛਿਦਰ ਤੋਂ ਬਚੇ ਰਹਿਣ ਲਈ ਵੀ ਸਾਵਧਾਨ ਕੀਤਾ ਹੈ :–

ਭਲੋ ਭਲੋ ਰੇ ਕੀਰਤਨੀਆ ॥ ਰਾਮ ਰਮਾ ਰਾਮਾ ਗੁਨ ਗਾਉ ॥
ਛੋਡਿ ਮਾਇਆ ਕੇ ਧੰਧ ਸੁਆਉ ॥੧॥ਰਹਾਉ॥੮॥ (ਰਾਮਕਲੀ ਮ: ੫, ਪੰਨਾ ੮੮੫)

ਉਪ੍ਰੋਕਤ ਗੁਰ-ਫੁਰਮਾਨ ਦੀ ਰੋਸ਼ਨੀ ਵਿਚ ਸਪੱਸ਼ਟ ਹੁੰਦਾ ਹੈ ਕਿ ਓਹੀ ਕੀਰਤਨੀਆ ਸਤਿਗੁਰਾਂ ਦੀ ਪਿਆਰ-ਅਸੀਸ ਅਤੇ ਬਖਸ਼ਸ਼ ਦਾ ਪਾਤਰ ਬਣਦਾ ਹੈ ਅਥਵਾ ਗੁਰੂ-ਦਰ ਉਤੇ ਪ੍ਰਵਾਨ ਪੈਂਦਾ ਹੈ ਜੋ 'ਆਤਮ ਕੈ ਚਾਇ' ਕੀਰਤਨ ਕਰਦਾ ਹੈ ਅਤੇ ਜਿਸ ਨੂੰ ਨਾ ਹਉਮੈ ਦਾ ਕੰਡਾ ਚੁਭਦਾ ਹੈ ਅਤੇ ਨਾ ਕਾਮਨਾ ਦੀ ਡੰਝ ਸਤਾਉਂਦੀ ਹੈ।

ਕੀਰਤਨ ਨੂੰ ਆਤਮਾ ਦੀ ਖ਼ੁਰਾਕ ਅਤੇ ਸਾਧ ਸੰਗਤ ਦੀ ਸੇਵਾ ਸਮਝ ਕੇ ਕਰਨਾ ਬਣਦਾ ਹੈ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ 'ਰੰਗਲੇ ਸੱਜਣ' ਪੁਸਤਕ ਵਿਚ ਕਈ ਕੀਰਤਨੀ ਵੀਰਾਂ ਦਾ ਵਰਨਣ ਕੀਤਾ ਹੈ ਅਤੇ ਉਹਨਾਂ ਦੀ ਇਸ ਵਿਸ਼ੇਸ਼ਤਾਈ ਨੂੰ ਨਿਖਾਰ ਕੇ ਉਜਾਗਰ ਕੀਤਾ ਹੈ ਕਿ ਕੀਰਤਨ ਕਰਦੇ ਸਮੇਂ ਉਹਨਾਂ ਦਾ ਨਾਮ ਦਾ ਖੰਡਾ ਨਾਲੋਂ ਨਾਲ ਅੰਤਰ-ਆਤਮੇ ਖੜਕਦਾ ਰਹਿੰਦਾ ਸੀ, ਜਿਸ ਦੇ ਤੁਫ਼ੈਲ ਉਹ ਆਪ ਵੀ ਕੀਰਤਨ ਦੀਆਂ ਅਗੰਮੀ ਧੁਨਾਂ ਵਿਚ ਮਸਤੂਲ ਮਸਤ ਰਹਿੰਦੇ ਸਨ ਅਤੇ ਕੀਰਤਨ ਸ੍ਰਵਣ ਕਰਨਹਾਰੇ ਵੀ ਬਿਸਮਾਦੀ ਰੰਗਾਂ ਵਿਚ ਕੀਰਤਨ ਦਾ ਅਨੰਦ ਮਾਣਦੇ ਸਨ।

* ਸੋਰਠਿ ਮ: ੧, ਪੰਨਾ ੫੯੮


www.AKJ.Org

ਨਿਸ਼ਕਾਮ ਕੀਰਤਨ ਦਾ ਭਾਵ ਕੇਵਲ ਇਹ ਹੀ ਨਹੀਂ ਕਿ ਮਾਇਕ ਭੇਟਾ ਲੈਣ ਤੋਂ ਸੰਕੋਚ ਕੀਤਾ ਜਾਵੇ, ਸਗੋਂ ਇਹ ਵੀ ਹੈ ਕਿ ਕੋਈ ਮਾਇਕ ਕਾਮਨਾ (ਜਿਵੇਂ ਨਿਜੀ ਪ੍ਰਸਿਧੀ ਦਾ ਝੱਸ) ਨੇੜੇ ਨਾ ਫਟਕੇ। ਅਜਿਹੀ ਭਾਵਨਾ ਅਧੀਨ ਕੀਰਤਨ ਕਰਨ ਨਾਲ ਹੀ ਅੰਦਰਲੀ ਮੈਲ ਧੁਪਦੀ ਹੈ ਤੇ ਅੰਦਰਲਾ (ਹਿਰਦਾ) ਪਤੀਜ਼ਦਾ ਹੈ। ਅੰਦਰਲੇ (ਹਿਰਦੇ) ਦੇ ਪਤੀਜਣ ਨਾਲ ਹੀ ਕਰਤਾ ਪੁਰਖ ਨਾਲ ਸੰਬੰਧ ਜੁੜਦਾ ਹੈ। ਹਉਮੈ-ਅਧੀਨ ਕੀਤਾ ਕੀਰਤਨ ਨਾ ਆਪਣਾ ਕੁਝ ਸਵਾਰਦਾ ਹੈ ਅਤੇ ਨਾ ਹੀ ਸਰੋਤਿਆਂ ਤੇ ਕੀਰਤਨ ਕਲਾ ਵਰਤਦੀ ਹੈ। ਸੁਰੀਲੇ ਗਲੇ ਦੀ ਅਵਾਜ਼ ਕੰਨਾਂ ਨੂੰ ਨਿਰਸੰਦੇਹ ਪ੍ਰਭਾਵਤ ਕਰਦੀ ਹੈ, ਪਰ ਹਿਰਦਿਓਂ ਨਿਕਲਿਆ ਕੀਰਤਨ ਸਰੋਤਿਆਂ ਦੇ ਹਿਰਦੇ ਵਿਚ ਉਤਰ ਜਾਂਦਾ ਹੈ, ਤੇ ਜਿਸ ਦੀ ਤੁਫੈਲ ਜੀਵਨ ਪਲਟਾ ਖਾ ਜਾਂਦੇ ਹਨ। ਇਹ ਹੀ ਕੀਰਤਨ ਦੀ ਕਰਾਮਾਤ ਹੈ।

ਅਖੰਡ ਕੀਰਤਨੀ ਜਥਾ ਪਿਛਲੀ ਅਧੀ ਸਦੀ ਤੋਂ ਅਖੰਡ ਕੀਰਤਨ ਦੁਆਰਾ ਆਪਣਾ ਜਨਮ ਸਫ਼ਲ ਕਰਨ ਅਤੇ ਇਸ ਦੁਆਰਾ ਗੁਰਮਤਿ ਦੇ ਪਰਚਾਰ ਕਰਨ ਵਿਚ ਨਿਮਾਣਾ ਯੋਗਦਾਨ ਪਾ ਰਿਹਾ ਹੈ। ਸਥਾਨਕ ਕੀਰਤਨ-ਪ੍ਰੋਗਰਾਮਾਂ ਤੋਂ ਇਲਾਵਾ ਸਾਲ ਵਿਚ ਕਈ ਥਾਵਾਂ ਤੇ ਸੈਂਟਰਲ ਕੀਰਤਨ ਸਮਾਗਮ ਕੀਤੇ ਜਾਂਦੇ ਹਨ, ਜਿਨ੍ਹਾਂ ਵਿਚ ਸਮੁੱਚੇ ਭਾਰਤ ਵਿਚੋਂ ਸੰਗਤਾਂ ਹੁਮ ਹੁਮਾ ਕੇ ਪੁਜਦੀਆਂ ਹਨ। ਅਰੰਭ ਵਿਚ ਕੀਰਤਨੀਆਂ ਦੀ ਗਿਣਤੀ ਬਹੁਤ ਥੋੜੀ ਜਿਹੀ ਸੀ, ਇਸ ਵੇਲੇ ਸਤਿਗੁਰਾਂ ਦੀ ਮਿਹਰ ਸਦਕਾ ਕੀਰਤਨੀਆਂ ਦੀ ਸੰਖਿਆ ਚੜ੍ਹਦੀ ਕਲਾ ਵਿਚ ਹੈ। ਕੀਰਤਨੀਆਂ ਵਿਚ ਜਿਥੇ ਵੀਰ ਹਨ ਉਥੇ ਭੈਣਾਂ ਦੀ ਗਿਣਤੀ ਵੀ ਉਤਸ਼ਾਹ-ਜਨਕ ਹੈ। ਕੀਰਤਨ ਵਿਚ ਨਿਰਸੰਦੇਹ ਕਈ ਪੱਖਾਂ ਤੋਂ ਪ੍ਰਾਪਤੀ ਹੋਈ ਹੈ, ਪਰ ਕੁਝ ਪੱਖਾਂ ਤੋਂ ਢਿਲ ਵੀ ਵਰਤੀ ਹੈ, ਪਰ ਕੁਝ ਪੱਖਾਂ ਤੋਂ ਢਿਲ ਵੀ ਵਰਤੀ ਹੈ। ਕੀਰਤਨ ਦੀ ਚੜ੍ਹਦੀ ਕਲਾ ਲਈ ਇਹਨਾਂ ਪੱਖਾਂ ਬਾਰੇ ਗਹੁ ਨਾਲ ਵਿਚਾਰ ਕਰਨੀ ਜ਼ਰੂਰੀ ਭਾਸਦੀ ਹੈ। ਇਕ ਇਕ ਪੱਖ ਨੂੰ ਲੈ ਕੇ ਵਿਚਾਰ ਸਾਂਝੇ ਕਰਨ ਦਾ ਯਤਨ ਕੀਤਾ ਜਾਂਦਾ ਹੈ।

**(ੳ) ਸੰਗਤੀ ਕੀਰਤਨ–**

ਅਖੰਡ ਕੀਰਤਨੀ ਜਥੇ ਦੇ ਕੀਰਤਨ-ਸਮਾਗਮਾਂ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਸਮੁੱਚੀ ਸੰਗਤ ਮਿਲ ਕੇ ਕੀਰਤਨ ਕਰਦੀ ਹੈ। ਇਸ ਤਰ੍ਹਾਂ ਮਿਲਵੀਂ ਕੀਰਤਨ-ਗੁੰਜ਼ਾਰ-ਧੁਨੀ ਦੀ ਪਾਰਸ-ਕਲਾ ਅਜਿਹੀ ਵਰਤਦੀ ਹੈ ਕਿ ਦਸੀਂ ਪਾਸੀਂ ਭਟਕਦਾ ਮਨ ਗੁਰਬਾਣੀ ਨਾਲ ਜੁੜ ਕੇ ਸੁਖੈਨ ਹੀ ਇਕਾਗਰ ਹੁੰਦਾ ਹੈ ਅਤੇ ਗੁਰਬਾਣੀ ਦਾ ਰਸ ਆਉਣ ਲਗ ਜਾਂਦਾ ਹੈ। ਗੁਰਬਾਣੀ ਦਾ ਫ਼ੁਰਮਾਨ ਹੈ :–

ਜਬ ਭਗਤਿ ਕਰਹਿ ਸੰਤ ਮੰਡਲੀ ਤਿਨ੍ ਮਿਲਿ ਹਰਿ ਗਾਵਉ ॥੩॥੫੧॥

(ਬਿਲਾਵਲੁ ਮ: ੫, ਪੰਨਾ ੮੧੩)

ਸੰਗਤ ਵਿਚ ਮਿਲ ਕੇ ਗੁਰਬਾਣੀ ਗਾਉਣ ਦੀ ਵਡੀ ਮਹੱਤਤਾ ਹੈ। ਇਸ ਨਾਲ ਤਨ ਅਤੇ ਮਨ ਦੋਵੇਂ ਸੁਚੇਤ ਅਤੇ ਸਾਵਧਾਨ ਰਹਿੰਦੇ ਹਨ; ਇਕ ਪਾਸੇ ਸੁਰਤੀ ਦੀ ਇਕਾਗ੍ਰਤਾ ਵਿਚ ਮਦਦ ਮਿਲਦੀ ਹੈ, ਦੂਜੇ ਪਾਸੇ ਸਰੀਰਕ ਤੌਰ ਤੇ ਸੁਸਤੀ ਨੇੜੇ ਨਹੀਂ ਫਟਕਦੀ। ਪੁਰਾਤਨ ਗੁਰਸਿੱਖਾਂ ਵਿਚ ਮਿਲ ਕੇ ਕੀਰਤਨ-ਗੁੰਜਾਰ ਪਾਉਣ ਦੀ ਪ੍ਰਪਾਟੀ ਕਾਇਮ ਸੀ, ਜਿਸ ਸਦਕਾ ਕੀਰਤਨ-ਸਮਾਗਮਾਂ ਵਿਚ ਬੜੇ ਰੰਗ ਖਿੜਦੇ ਸਨ। ਜਿਥੇ ਕੀਰਤਨੀਏਂ ਸੰਗਤ ਨੂੰ ਸ਼ਬਦ ਨਾਲ ਜੋੜਨ ਵਿਚ ਸਹਾਈ ਹੁੰਦੇ ਸਨ, ਉਥੇ ਜੁੜੀ ਹੋਈ ਸੰਗਤ ਦੀ ਪਰਤਵੀਂ ਗੁੰਜਾਰ-ਧੁਨੀ ਕੀਰਤਨੀਆਂ ਦੀ ਸੁਰਤੀ ਨੂੰ ਚੜ੍ਹਵਾ ਹੁਲਾਰਾ ਦੇਂਦੀ ਸੀ।

ਅੱਜ ਕਲ੍ਹ ਗੁੰਜਾਰ-ਧੁਨੀ ਦੇ ਪੱਖੋਂ ਕੀਰਤਨ-ਸਮਾਗਮਾਂ ਵਿਚ ਢਿਲ ਨਜ਼ਰੀ ਪੈਂਦੀ ਹੈ। ਇਹ ਢਿਲ ਹਰੇਕ ਲਈ ਨਿਜੀ ਤੌਰ ਤੇ ਵੀ ਅਤੇ ਸਮੁੱਚੇ ਜਥੇ ਲਈ ਸਮੂਹਕ ਤੌਰ ਤੇ ਵੀ ਕਮਜ਼ੋਰਵੰਦੀ ਹੈ, ਕਿਉਂਕਿ ਇਸ ਅਵੇਸਲੇਪਣ ਕਾਰਨ ਸੱਚ-ਵਖਰ ਪੂਰਾ ਪਲੇ ਨਹੀਂ ਪੈਂਦਾ।

ਇਸ ਢਿਲ ਦਾ ਸੰਬੰਧ ਕਿਸੇ ਇਕੱਲੇ ਦੁਕੱਲੇ ਵਿਅਕਤੀ ਨਾਲ ਨਹੀਂ, ਸਮੁੱਚੀ ਸੰਗਤ ਨਾਲ ਹੈ। ਇਸ ਪਾਸੇ ਹਰ ਕਿਸੇ ਨੂੰ ਹੰਭਲਾ ਮਾਰਨ ਦੀ ਲੋੜ ਹੈ।

## (ਅ) ਕੀਰਤਨ ਸਾਧਨਾ—

ਪੁਰਾਤਨ ਗੁਰਸਿਖ ਕੀਰਤਨ-ਸਮਾਗਮਾਂ ਵਿਚ ਅਖੰਡ ਚੌਂਕੜੇ ਲਾ ਕੇ ਕੀਰਤਨ-ਰਸ ਵਿਚ ਲੀਨ ਰਹਿੰਦੇ ਸਨ ਤੇ ਹੋਰ ਕਿਸੇ ਦੁਨੀਆਵੀ ਝਾਕ ਨੂੰ ਨੇੜੇ ਨਹੀਂ ਸਨ ਫਟਕਣ ਦੇਂਦੇ। ਕੀਰਤਨ-ਰਸ ਨਾਲ ਤ੍ਰਿਪਤ ਹੋਇਆਂ ਦੀ ਭੁਖ ਪਿਆਸ ਤਾਂ ਮੂਲੋਂ ਹੀ ਮਿਟ ਜਾਂਦੀ ਸੀ, ਅਕੇਵਾਂ ਥਕੇਵਾਂ ਵੀ ਦੂਰ ਹੋ ਜਾਂਦਾ ਸੀ। ਜਿੰਨੀ ਦੇਰ ਕੀਰਤਨ-ਅਖਾੜਾ ਸਜਿਆ ਰਹਿਣਾ, ਉਹਨਾਂ ਕੀਰਤਨ ਵਿਚ ਡਟੇ ਰਹਿਣਾ। ਉਹਨਾਂ 'ਸਾਧ ਸੰਗਤਿ ਸਿੰਘਾਸਣਿ ਬਹਣਾ'* ਦਾ ਸਬਕ ਪੂਰਨ ਦ੍ਰਿੜ੍ਹਤਾ ਨਾਲ ਪਕਾਇਆ ਹੋਇਆ ਸੀ।

ਅੱਜ ਕਲ੍ਹ ਕੀਰਤਨ-ਪੰਡਾਲ ਵਿਚ ਹਾਜ਼ਰੀ ਪਹਿਲਾਂ ਨਾਲੋਂ ਘਟ ਗਈ ਹੈ, ਪਰ ਇਸ ਦੇ ਉਲਟ ਕੀਰਤਨ-ਪੰਡਾਲ ਤੋਂ ਬਾਹਰ ਕੁਝ ਸਿੰਘਾਂ ਸਿੰਘਣੀਆਂ ਦੇ ਟੋਲੇ ਵਖ ਵਖ ਢਾਣੀਆਂ ਬਣਾ ਕੇ ਐਧਰ ਓਧਰ ਦੀਆਂ ਵਾਧੂ ਗੱਲਾਂ-ਗੱਪਾਂ ਵਿਚ ਰੁਝੇ ਦਿਸਦੇ ਹਨ। 'ਸੱਚ' ਛਡ ਕ 'ਕੱਚ' ਵਿਹਾਝਣ ਦੀ ਕਿਰਿਆ ਗੁਰਸਿੱਖਾਂ ਨੂੰ ਮੂਲੋਂ ਹੀ ਨਹੀਂ ਸੋਭਦੀ, ਖ਼ਾਸ ਕਰਕੇ ਓਦੋਂ ਜਦੋਂ ਕਰਾਏ ਭਾੜੇ ਖ਼ਰਚ ਕੇ, ਕੀਮਤੀ ਸਮਾਂ ਕਢ ਕੇ ਅਤੇ ਹੋਰ ਸਫਰ ਆਦਿ ਦੇ ਜਫਰ ਜਾਲ ਕੇ ਘਰੋਂ ਕੀਰਤਨ ਦੇ ਲਾਹੇ ਲੈਣ ਲਈ ਆਏ ਹੋਵੀਏ। ਸੋ ਇਸ ਪੱਖ ਵਲ ਹਰ ਕਿਸੇ ਨੂੰ ਆਪੋ ਆਪਣੇ ਮਨ ਵਿਚ ਝਾਤੀ ਮਾਰ ਕੇ ਸ੍ਵੈ-ਵਿਸ਼ਲੇਸ਼ਣ ਕਰਨਾ ਚਾਹੀਦਾ ਹੈ, ਤਾ ਜੁ ਇਹ ਢਿਲ ਦੂਰ ਹੋਵੇ।

ਇਸ ਮਾੜੀ ਪਿਰਤ ਨੂੰ ਰੋਕਣ ਲਈ ਕੀਰਤਨ-ਪੰਡਾਲ ਦੇ ਦੁਆਲੇ ਪੰਜ ਸਤ ਧੀਰਜਵਾਨ ਅਤੇ ਪ੍ਰਬੁਧ ਸਿੰਘਾਂ ਦਾ ਪਹਿਰਾ ਲਾਇਆ ਜਾਣਾ ਚਾਹੀਦਾ ਹੈ, ਜੋ ਪੂਰਨ ਨਿਮ੍ਰਤਾ ਅਤੇ ਸੁਹਿਰਦਤਾ ਨਾਲ ਬਾਹਰ ਖੜੇ ਜਾਂ ਗੱਲੀਂ ਬਾਤੀਂ ਰੁਝੇ ਵਿਅਕਤੀਆਂ ਨੂੰ ਹੱਥ ਜੋੜ ਕੇ ਕੀਰਤਨ ਵਿਚ ਜੁੜਨ ਦੀ ਨਿਰਮਲ ਪ੍ਰੇਰਨਾ ਕਰੀ ਜਾਣ। ਕਿਸੇ ਨਾਲ ਉਲਝਣ ਦੀ ਲੋੜ ਨਹੀਂ।

## (ੲ) ਕੀਰਤਨ ਦੀ ਤਕਨੀਕ ਤੇ ਮਰਯਾਦਾ—

ਕੀਰਤਨ ਦੇ ਪ੍ਰਕਰਣ ਮੌਕੇ ਅਤੇ ਅਸਥਾਨ ਮੁਤਾਬਕ ਹੋਣੇ ਚਾਹੀਦੇ ਹਨ। ਵਧ ਤੋਂ ਵਧ ਜਤਨ ਕਰਨਾ ਚਾਹੀਏ ਕਿ ਸ਼ਬਦ ਦੀ 'ਰਹਾਉ' ਵਾਲੀ ਤੁਕ ਨੂੰ ਹੀ ਟੇਕ ਬਣਾਇਆ ਜਾਵੇ। ਇਕ ਸ਼ਬਦ ਦੀ ਸੰਪੂਰਨ ਸਮਾਪਤੀ ਮਗਰੋਂ ਹੀ ਦੂਜੇ ਦਾ ਅਰੰਭ ਕੀਤਾ ਜਾਵੇ। ਕੀਰਤਨ ਵਿਚ ਸਾਜ਼ਾਂ ਦੀ ਅਵਾਜ਼ ਨੂੰ ਬਹੁਤ ਮਧਮ ਰਖਿਆ ਜਾਵੇ, ਤਾਂ ਜੁ ਬਾਣੀ ਦੀ ਇਕ ਇਕ ਤੁਕ ਸਰੋਤਿਆਂ ਨੂੰ ਸਪੱਸ਼ਟ ਸੁਣਾਈ ਦੇਵੇ। ਕੀਰਤਨ ਵਿਚ ਗੁਰ-ਮੰਤਰ ਦੀ ਧੁਨੀ ਕੇਵਲ ਨਾਮ-ਜਾਪ ਵਲ ਸੰਕੇਤ ਕਰਨ ਵਾਲੀ ਪੰਗਤੀ ਨਾਲ ਹੀ ਗੁੰਜਾਈ ਜਾਣੀ ਚਾਹੀਦੀ ਹੈ ਤੇ ਧੁਨੀ ਵਿਚ ਗੁਰ-ਮੰਤਰ ਦਾ ਉਚਾਰਣ ਸ਼ੁਧ ਅਤੇ ਸਪੱਸ਼ਟ ਹੋਣਾ ਚਾਹੀਦਾ ਹੈ, ਉਹ ਵੀ ਸੰਕੇਤਕ ਰੂਪ ਵਿਚ। ਕਈ ਵਾਰੀ ਸਾਜ਼ਾਂ ਦੀ ਅਵਾਜ਼ ਏਨੀ ਉਚੀ ਅਤੇ ਤੇਜ਼ ਰਫ਼ਤਾਰ ਹੁੰਦੀ ਹੈ ਕਿ ਸ਼ਬਦ-ਗੁਰਮੰਤਰ ਦੀ ਧੁਨੀ ਸਪੱਸ਼ਟ ਸੁਣਾਈ ਹੀ ਨਹੀਂ ਦਿੰਦੀ ਤੇ ਇੰਜ ਕਰਨ ਨਾਲ ਤੱਤ ਵਿਰੋਲਣ ਦੀ ਬਜਾਏ ਐਵੇਂ ਢੋਲ-ਢਮੱਕਾ ਜਿਹਾ ਹੀ ਪਲੇ ਪੈਂਦਾ ਹੈ ਤੇ ਪੁਜ਼ੀਸ਼ਨ ਹਾਸੋ-ਹੀਣੀ ਬਣ ਜਾਂਦੀ ਹੈ।

ਕਈ ਵਾਰੀ ਕੀਰਤਨ ਦੀ ਮੱਠੀ ਮੱਠੀ ਧੁਨੀ ਹੀ ਮਨ ਨੂੰ ਕੀਲ ਲੈਂਦੀ ਹੈ ਅਤੇ ਕਈ ਵਾਰੀ ਇਸ ਨੂੰ ਕੀਲਣ ਲਈ ਹੱਲੇ ਦੇ ਕੀਰਤਨ ਦੀ ਵੀ ਲੋੜ ਹੁੰਦੀ ਹੈ, ਪਰ ਹੱਲੇ ਦੇ ਕੀਰਤਨ ਵਿਚ ਹੋ-ਲੇ-ਗੁਲੇ ਤੋਂ ਸੰਕੋਚ ਕਰਨਾ ਚਾਹੀਦਾ ਹੈ। ਯਤਨ ਕਰਨਾ ਚਾਹੀਦਾ ਹੈ ਕਿ ਮਸਤੀ ਕਿਸੇ ਹਾਲਤ ਵਿਚ ਵੀ ਬਦ-ਮਸਤੀ ਨਾ ਬਣੇ। ਕੀਰਤਨ ਆਪਾ ਨਿਵਾਰਨ ਦਾ ਸਾਧਨ ਹੈ, ਇਸ ਲਈ ਕੀਰਤਨ ਕਰਦਿਆਂ ਹਰ ਕਿਸਮ ਦੇ ਵਿਖਾਵੇ ਤੋਂ ਸੰਕੋਚ ਲੋੜੀਏ।

ਅਖੰਡ ਕੀਰਤਨ ਦਾ ਭਾਵ ਹੈ ਬਾਣੀ ਦਾ ਪ੍ਰਵਾਹ ਇਕ-ਰਸ ਨਿਰੰਤਰ ਚਲੇ; ਵਿਚ ਵਿਚਾਲੇ ਕਿਸੇ ਕਿਸਮ ਦੀ ਰੁਕਾਵਟ ਨਾ ਪਵੇ। **ਸੋ ਅਖੰਡ ਕੀਰਤਨ ਵਿਚ ਬਾਰ ਬਾਰ ਅਨਾਉਂਸਮੈਂਟਾਂ ਤੋਂ ਪੂਰਨ ਸੰਕੋਚ ਕਰਨਾ ਚਾਹੀਦਾ ਹੈ।** ਇਹ ਕੀਰਤਨ ਵਿਚ ਜੁੜੇ ਸੁਰਤੀਸ਼ਰਾਂ ਦੀ ਲਿਵ-ਡੋਰ ਦਾ ਬੋ-ਕਾਟਾ ਕਰ ਦੇਂਦੀਆਂ ਹਨ।

---

*ਭਾਈ ਗੁਰਦਾਸ ਜੀ, ਵਾਰ ੧੯, ਪਉੜੀ ੨੨

ਕੀਰਤਨੀਏ ਵੀਰ/ਭੈਣਾਂ ਕੀਰਤਨ ਆਰੰਭ ਹੋਣ ਤੋਂ ਪਹਿਲਾਂ ਹੀ ਖ਼ੁਦ-ਬ-ਖ਼ੁਦ ਸਟੇਜ ਤੇ ਸਜ ਜਾਣ, ਤਾਂ ਜੁ ਪ੍ਰਬੰਧਕਾਂ ਨੂੰ ਸਮੇਂ ਦੀ ਵੰਡ ਕਰਨ ਵਿਚ ਵੀ ਸੌਖ ਹੋਵੇ ਅਤੇ ਕੀਰਤਨੀਆਂ ਨੂੰ ਬੁਲਾਉਣ ਲਈ ਬਾਰ ਬਾਰ ਅਨਾਊਂਸਮੈਂਟ ਕਰਨ ਦੀ ਲੋੜ ਨਾ ਪਵੇ। ਜੋ ਕੀਰਤਨੀ ਵੀਰ ਕੀਰਤਨ ਦੇ ਅਰੰਭ ਹੋਣ ਤੋਂ ਮਗਰੋਂ ਤਸ਼ਰੀਫ ਲਿਆਉਣ, ਉਹ ਵੀ ਸਿਧੇ ਸਟੇਜ ਤੇ ਹੀ ਆ ਕੇ ਸਜਣ ਦੀ ਕਿਰਪਾਲਤਾ ਕਰਨ।

ਕੀਰਤਨੀ ਵੀਰ ਆਪੋ ਆਪਣੀ ਕੀਰਤਨ-ਰੌਲ ਭੁਗਤਾਉਣ ਮਗਰੋਂ ਸਟੇਜ ਤੇ ਹੀ ਸਜੇ ਰਹਿਣ ਅਤੇ ਫਿਰ ਬਾਕੀ ਕੀਰਤਨੀਆਂ ਨਾਲ ਮਿਲ ਕੇ ਗੁਰਬਾਣੀ ਗਾਉਣ ਦੀ ਸਫਲ ਘਾਲ ਘਾਲਣ। ਆਪਣੀ ਕੀਰਤਨ ਰੌਲ ਲਾ ਕੇ ਖਿਸਕ ਜਾਣ ਦੀ ਪਿਰਤ ਘਾਟੇ-ਵੰਦੀ ਹੈ, ਏਸ ਤਰ੍ਹਾਂ ਕੀਰਤਨ-ਕਲਾ ਵਿਚ ਬਰਕਤ ਨਹੀਂ ਪੈਂਦੀ। ਕੀਰਤਨ ਵਿਚੋਂ ਰਸ ਆਉਣਾ ਓਦੋਂ ਸ਼ੁਰੂ ਹੁੰਦਾ ਹੈ, ਜਦੋਂ ਕੀਤਤਨ ਨੂੰ ਭੋਜਨ ਸਮਝ ਕੇ ਛਕਣ ਦਾ ਸੁਭਾਅ ਬਣਾ ਲਈਏ।

ਕੀਰਤਨ ਰੱਬੀ-ਰਹਿਮਤ ਹੈ। ਹਰ ਕੀਰਤਨੀਆ ਇਸ ਨੂੰ 'ਗੁਰ-ਪ੍ਰਸਾਦੁ' ਜਾਣੇ ਅਤੇ ਸਬਰ ਸੰਤੋਖ ਨਾਲ ਭੁੰਚੇ। ਸਤਿਗੁਰਾਂ ਦਾ ਉਪਦੇਸ਼ "ਰਾਮ ਰਮਾ ਰਾਮਾ ਗੁਨ ਗਾਉ॥ ਛੋਡਿ ਮਾਇਆ ਕੇ ਧੰਧ ਸੁਆਉ॥"* ਦ੍ਰਿੜ੍ਹ ਕਰ ਕੇ ਪਲੇ ਬੰਨ੍ਹ ਲਵੇ। ਹਰ ਪ੍ਰਕਾਰ ਦੇ ਲੋਭ ਅਤੇ ਹਉਮੈ ਤੋਂ ਸਦਾ ਸੁਚੇਤ ਰਵ੍ਹੇ। ਸਿਧੇ ਸਾਦੇ ਕੀਰਤਨੀਆਂ ਦਾ ਮਖ਼ੌਲ ਉਡਾਉਣ ਤੋਂ ਸਦਾ ਤੋਬਾ ਕਰੇ, ਸਗੋਂ ਉਹਨਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕਰੇ ਅਤੇ ਉਹਨਾਂ ਦੀ ਕੀਰਤਨ ਪ੍ਰਗਤੀ ਲਈ ਆਪਣਾ ਯੋਗ ਦਾਨ ਪਾਉਣ ਲਈ ਯਤਨ-ਸ਼ੀਲ ਰਵ੍ਹੇ।

ਕੀਰਤਨ ਲਈ ਸਮੇਂ ਦੀ ਵੰਡ ਵਿਚੋਂ ਕਿਸੇ ਵਿਸ਼ੇਸ਼ ਸਮੇਂ ਦੀ ਝਾਕ ਵੀ ਲੋਭ ਲਾਲਚ ਦਾ ਹੀ ਰੂਪ ਹੈ। ਜਦ ਘਰੋਂ ਸੇਵਾ ਲਈ ਆ ਗਏ, ਫਿਰ ਮਨ-ਮਰਜ਼ੀ ਜਾਂ ਨਖਰੇ-ਬਾਜ਼ੀ ਕਾਹਦੀ ? ਜੋ ਸਮਾਂ ਮਿਲੇ, ਸਬਰ ਸੰਤੋਖ ਨਾਲ ਪ੍ਰਵਾਨ ਕਰ ਲਵੇ, ਫਿਰ ਦੇਖੇ ਸਤਿਗੁਰੂ ਕਿਵੇਂ ਆਪਣੀ ਕਲਾ ਵਰਤਾਅ ਕੇ ਕੀਰਤਨ ਨੂੰ ਰਸ ਵਾਲਾ ਬਣਾਉਂਦੇ ਹਨ।

ਕਈ ਕੀਰਤਨੀ ਵੀਰ ਸੈਂਟਰਲ ਸਮਾਗਮਾਂ ਸਮੇਂ ਆਪਣੀ ਹਾਜ਼ਰੀ ਲਵਾ ਕੇ ਫਿਰ ਕਿਤੇ ਹੋਰਥੇ ਕੀਰਤਨ ਕਰਨ ਲਈ ਚਲੇ ਜਾਂਦੇ ਹਨ। ਠੀਕ ਹੈ ਓਥੇ ਵੀ ਕੀਰਤਨ ਦੀ ਸੇਵਾ ਹੀ ਕਰਨੀ ਹੁੰਦੀ ਹੈ, ਪਰ ਇਸ ਤਰ੍ਹਾਂ ਕਰਨ ਨਾਲ ਸੈਂਟਰਲ ਸਮਾਗਮਾਂ ਦੇ ਪ੍ਰੋਗਰਾਮਾਂ ਵਿਚ ਬੇ-ਰਸੀ ਹੁੰਦੀ ਹੈ। ਸੈਂਟਰਲ ਸਮਾਗਮਾਂ ਦੇ ਪ੍ਰਬੰਧਕਾਂ ਨੂੰ ਪੂਰਨ ਸਹਿਯੋਗ ਦੇ ਕੇ ਸਾਰੇ ਪ੍ਰੋਗਰਾਮਾਂ ਨੂੰ ਚੜ੍ਹਦੀ ਕਲਾ ਵਿਚ ਨੇਪਰੇ ਚਾੜ੍ਹਨ ਵਿਚ ਸਾਰੇ ਕੀਰਤਨੀਆਂ ਨੂੰ ਆਪੋ ਆਪਣਾ ਯੋਗ ਦਾਨ ਪਾਣਾ ਬਣਦਾ ਹੈ।

## ਗੁਰਮੁਖੀ ਪੁਸ਼ਾਕ–

ਅਖੰਡ ਕੀਰਤਨ ਜਥੇ ਦਾ ਹਰੇਕ ਕੀਰਤਨੀਆ ਕੀਰਤਨ ਦਾ ਪ੍ਰਚਾਰਕ ਹੈ। ਉਸ ਦੇ ਜੀਵਨ ਦਾ ਹਰੇਕ ਪੱਖ ਆਦਰਸ਼ਕ ਹੋਣਾ ਸੋਭਦਾ ਹੈ। ਉਸ ਦੀ ਬੋਲ ਚਾਲ, ਵਰਤੋਂ ਵਿਹਾਰ, ਖ਼ੁਰਾਕ ਪੁਸ਼ਾਕ ਨਮੂਨੇ ਦੀ ਹੋਣੀ ਚਾਹੀਦੀ ਹੈ। ਕੀਰਤਨ ਵਲੇ ਗੁਰਮੁਖੀ ਪੁਸ਼ਾਕਾ ਕਮੀਜ਼ ਪਜਾਮਾ ਹੀ ਸੋਭਾ ਦਿੰਦਾ ਹੈ। ਗਾਤਰੇ ਵਾਲੀ ਕਿਰਪਾਨ ਵੀਰਾਂ ਦੀ ਵੀ ਅਤੇ ਭੈਣਾਂ ਦੀ ਵੀ ਕਮੀਜ਼ ਤੋਂ ਉਪਰ ਹਣੀ ਚਾਹੀਦੀ ਹੈ। ਗੁਰਮੁਖ ਬੀਬੀਆਂ ਨੂੰ ਕਮੀਜ਼ ਦੇ ਗਲਮੇ ਦੀ ਵੇਤਤ ਵਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਕਿ ਗਲਮਾ ਪੂਰਾ ਢਕਿਆ ਹੋਵੇ ਅਤੇ ਲਿਆਸ ਸਾਦਾ ਅਤੇ ਪੜਦੇ-ਕਜ ਹਵੇ।

## ਕੀਰਤਨ-ਪ੍ਰਬੰਧ ਵਿਚ ਸੁਧਾਰ–

ਕਰਾਏ ਭਾੜੇ ਖ਼ਰਚ ਕੇ ਤੇ ਲੰਮੇ ਸਫ਼ਰਾਂ ਦੇ ਜਫਰ ਜਾਲ ਕੇ ਸਮਾਗਮਾਂ ਤੇ ਪੁਜੀ ਸੰਗਤ ਦੀ ਇਹੀ ਲੋਚਾ ਹੁੰਦੀ ਹੈ ਕਿ ਸੁਸਿਖਿਅਤ ਅਤੇ ਰਸੀਲੇ ਕੀਰਤਨੀਆਂ ਪਾਸੋਂ ਕੀਰਤਨ ਸੁਣਨਾ ਮਿਲੇ। ਸੰਗਤਾਂ ਦੀ ਇਹ ਇੱਛਾ ਅਥਵਾ ਮੰਗ ਬਹੁਤ ਹਦ ਤਕ ਜਾਇਜ਼ ਹੈ। ਪੁਰਾਤਨ ਰੀਤੀ ਰਵਾਇਤ ਅਨੁਸਾਰ ਸਟੇਜ-ਪ੍ਰਬੰਧਕਾਂ ਨੂੰ ਸੈਂਟਰਲ ਸਮਾਗਮ ਦੇ ਅਖੀਰਲੇ ਦਿਨ ਦੇ ਦਨਾਂ ਪ੍ਰੋਗਰਾਮਾਂ ਵਿਚ ਇਹ ਗੱਲ ਯਕੀਨੀ ਬਨਾਉਣੀ ਚਾਹੀਦੀ ਹੈ ਕਿ ਕੀਰਤਨ-

* ਰਾਮਕਲੀ ਮ: ੫, ਰਹਾਉ, ਪੰਨਾ ੮੮੫

(ਬਾਕੀ ਦੇਖੋ ਸਫ਼ਾ ੪੦ ਦੇ ਹੇਠ)



www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ (੧੨)

ਦ੍ਰਿਸਟਿ ਦਰਸ ਲਿਵ ਗੁਰ ਸਿਖ ਸੰਧਿ ਮਿਲੇ,
ਘਟਿ ਘਟਿ ਕਾਸ ਜਲ ਅਤਰ ਧਿਆਨ ਹੈ ॥
ਸਬਦ ਸੁਰਤਿ ਲਿਵ ਗੁਰ ਸਿਖ ਸੰਧਿ ਮਿਲੇ,
ਜੰਤ੍ਰ ਧੁਨਿ ਜੰਤ੍ਰੀ ਉਨਮਨਿ ਉਨਮਾਨ ਹੈ ॥
ਗੁਰਮੁਖਿ ਮਨ ਬਚ ਕ੍ਰਮ ਇਕਤ੍ਰ ਭਏ,
ਤਨ ਤ੍ਰਿਭਵਨ ਗਤਿ ਗੰਮਿਤਾ ਗਿਆਨ ਹੈ ॥
ਏਕ ਅਉ ਅਨੇਕ ਮੇਕ ਬ੍ਰਹਮ ਬਿਬੇਕ ਟੇਕ,
ਸ੍ਰੋਤ ਸਰਿਤਾ ਸਮੁੰਦਰ ਆਤਮ ਸਮਾਨ ਹੈ ॥੨੯॥੬੩॥

**ਪਦ ਅਰਥ** : ਦ੍ਰਿਸਟਿ–ਦ੍ਰਿਸ਼ਟੀ, ਨਜ਼ਰ। ਦਰਸ ਲਿਵ–ਗੁਰ–ਦਰਸ਼ਨਾਂ ਦੀ ਲਿਵ। ਸੰਧ–ਮਿਲਾਪ। ਘਟਿ ਘਟਿ–ਘੜੇ ਘੜੇ ਵਿਚ, ਹਰੇਕ ਜੀਵ ਵਿਚ। ਕਾਸ–ਅਕਾਸ਼। ਅੰਤਰ–ਅੰਦਰ। ਜੰਤ੍ਰ ਧੁਨਿ–ਵਾਜੇ ਦੀ ਧੁਨੀ। ਜੰਤ੍ਰੀ–ਵਜੰਤ੍ਰੀ। ਉਨਮਨਿ–ਉਚੀ ਆਤਮ ਅਵਸਥਾ। ਉਨਮਾਨ–ਅਨੁਮਾਨ, ਧਿਆਨ, ਵਿਚਾਰ। ਬਚ–ਬਾਣੀ। ਕ੍ਰਮ–ਕਰਮ। ਇਕਤ੍ਰ–ਇਕੱਠਾ ਕਰਨਾ, ਇਕਾਗਰ ਕਰਨਾ, ਇਕ-ਸੁਰ ਕਰਨਾ। ਤਨ–ਸਰੀਰ। ਤ੍ਰਿਭਵਨ–ਤਿੰਨ ਭਵਨ। ਗਤਿ–ਗਤੀ, ਵਰਤਾਰਾ। ਗੰਮਿਤਾ–ਪਹੁੰਚ, ਰਿਸਾਈ। ਏਕ ਅਉ ਅਨੇਕ–ਇਕ ਅਤੇ ਅਨੇਕ ਰੂਪਾਂ ਵਿਚ ਵਰਤ ਰਿਹਾ ਵਾਹਿਗੁਰੂ। ਮੇਕ–ਇਕ-ਮਿਕ। ਟੇਕ–ਸਹਾਰਾ। ਸ੍ਰੋਤ–ਚਸ਼ਮਾ। ਸਰਿਤਾ–ਨਦੀ। ਆਤਮ–ਆਤਮਾ। ਸਮਾਨ–ਇਕ ਰੂਪ।

**ਅਰਥ** : ਸਤਿਗੁਰੂ ਤੇ ਪੂਰਨ ਸ਼ਰਧਾਵਾਨ ਗੁਰਸਿਖ ਦੇ ਇਕ-ਰੂਪ ਹੋਣ ਨਾਲ, ਗੁਰਸਿਖ ਦੀ ਦ੍ਰਿਸ਼ਟੀ ਦੀ ਲਿਵ ਗੁਰ-ਦਰਸ਼ਨਾਂ ਵਿਚ ਜੁੜ ਜਾਂਦੀ ਹੈ ਅਤੇ ਅੰਤਰ ਆਤਮੇ ਧਿਆਨ ਵਿਚ ਹਰੇਕ ਜੀਵ ਵਿਚ ਉਸ ਜੋਤੀ ਦੇ ਦਰਸ਼ਨ ਇੰਜ ਹੋ ਰਹੇ ਹੁੰਦੇ ਹਨ ਜਿਵੇਂ ਪਾਣੀ ਦੇ ਵਖ ਵਖ ਘੜਿਆਂ ਵਿਚ ਅਕਾਸ਼ ਇਕ-ਸਮਾਨ ਸਮਾਇਆ ਹੁੰਦਾ ਹੈ।

ਸਤਿਗੁਰੂ ਤੇ ਅਨਿੰਨ ਸਿਖ ਸੇਵਕ ਦੇ ਇਕ-ਮਿਕ ਹੋਇਆਂ, ਗੁਰਸਿਖ ਦੀ ਸੁਰਤ ਦੀ ਲਿਵ ਗੁਰ ਸ਼ਬਦ ਵਿਚ ਲੀਨ ਹੋ ਜਾਂਦੀ ਹੈ। ਜਿਵੇਂ ਵਾਜੇ ਦੀ ਧੁਨੀ ਵਿਚ ਵਜੰਤ੍ਰੀ ਇਕ-ਸੁਰ ਹੋ ਜਾਂਦਾ ਹੈ, ਇਉਂ ਹੀ ਗੁਰਮੁਖ ਦੀ ਪ੍ਰਭੂ ਵਿਚ ਲੀਨ ਹੋਈ ਉਚੀ ਆਤਮ ਅਵਸਥਾ ਦਾ ਅਨੁਮਾਨ ਲਾਇਆ ਜਾ ਸਕਦਾ ਹੈ।

ਗੁਰਮੁਖ ਜਨ ਦੇ ਮਨ, ਬਾਣੀ ਅਤੇ ਕਰਣੀ ਕਰਕੇ ਇਕਾਗਰ ਹੋਣ ਨਾਲ, ਉਸ ਨੂੰ ਆਪਣੇ ਸਰੀਰ ਦੇ ਅੰਦਰ ਹੀ ਤਿੰਨਾਂ ਭਵਨਾਂ ਦੇ ਗਿਆਨ ਦੀ, ਭਾਵ, ਤਿੰਨਾਂ ਭਵਨਾਂ ਵਿਚ ਵਰਤ ਰਹੇ ਵਰਤਾਰੇ ਦੀ ਸੋਝੀ ਹੋ ਆਉਂਦੀ ਹੈ।

ਗੁਰਮੁਖ ਜਨ ਦੀ ਆਤਮਾ, ਬ੍ਰਹਮ ਗਿਆਨ ਦੇ ਸਹਾਰੇ, ਭਾਵ, ਨਾਮ-ਸਿਮਰਨ ਦੀ ਅਤੁਟ ਕਮਾਈ ਸਦਕਾ, ਅਨੇਕ ਪ੍ਰਕਾਰ ਦੀ ਰਚਨਾ ਵਿਚ ਰਮੇ ਹੋਏ ਇਕ ਵਾਹਿਗੁਰੂ ਨਾਲ ਇਉਂ ਇਕ-ਰੂਪ ਹੋ ਜਾਂਦੀ ਹੈ ਜਿਵੇਂ ਚਸ਼ਮਿਆਂ ਤੇ ਨਦੀਆਂ ਦਾ ਜਲ ਸਮੁੰਦਰ ਦੇ ਜਲ ਵਿਚ ਪੈ ਕੇ, ਉਸ ਵਿਚ ਹੀ ਸਮਾ ਜਾਂਦਾ ਹੈ।੨੯।੬੩।

ਗੁਰਮੁਖਿ ਮਨ ਬਚ ਕ੍ਰਮ ਇਕਤ੍ਰ ਭਏ,
ਪਰਮੰਦਭੁਤ ਗਤਿ ਅਲਖ ਲਖਾਏ ਹੈਂ ॥
ਅੰਤਰ ਧਿਆਨ ਦਿਬ ਜੋਤਿ ਕੋ ਉਦੋਤ ਭਯੋ,
ਤ੍ਰਿਭਵਨ ਰੂਪ ਘਟ ਅੰਤਰ ਦਿਖਾਏ ਹੈਂ ॥


www.AKJ.Org

ਪਰਮ ਨਿਧਾਨ ਗੁਰ ਗਿਆਨ ਕੋ ਪ੍ਰਗਾਸ ਭਯੋ,
ਗੰਮਿਤਾ ਤ੍ਰਿਕਾਲ ਗਤਿ ਜਤਨ ਜਤਾਏ ਹੈਂ ॥
ਆਤਮ ਤਰੰਗ ਪ੍ਰੇਮ ਰਸ ਮਧ ਪਾਨ ਮਤ,
ਅਕਥ ਕਥਾ ਬਿਨੋਦ ਹੇਰਤ ਹਿਰਾਏ ਹੈਂ ॥੩੦॥੬੪॥

**ਪਦ ਅਰਥ**—ਬਚ—ਬਚਨ, ਬਾਣੀ। ਕ੍ਰਮ—ਕਰਮ, ਕਰਣੀ। ਇਕਤ੍ਰ ਇਕੱਠਾ ਕਰਨਾ, ਇਕ-ਸੁਰ ਹੋਣਾ, ਇਕਾਗਰ ਕਰਨਾ। ਪਰਮਦਭੁਤ ਗਤਿ—ਅਲੌਕਿਕ ਅਸਚਰਜ ਕੌਤਕ। ਅਲਖ—ਅਦ੍ਰਿਸ਼ਟ ਵਾਹਿਗੁਰੂ। ਲਖਾਏ ਹੈਂ—ਪਰਤੱਖ ਹੁੰਦਾ ਹੈ। ਦਿਬ ਜੋਤਿ—ਵਾਹਿਗੁਰੂ ਦੀ ਜੋਤੀ। ਉਦੋਤ—ਪ੍ਰਕਾਸ਼ਮਾਨ। ਤ੍ਰਿਭਵਨ ਰੂਪ—ਤਿੰਨਾਂ ਭਵਨਾਂ ਦਾ ਵਰਤਾਰਾ। ਘਟ ਅੰਤਰ ਹਿਰਦੇ ਵਿਚ। ਗੁਰ ਗਿਆਨ—ਨਾਮ-ਜਾਪ। ਗੰਮਿਤਾ—ਪਹੁੰਚ, ਰਿਸਾਈ। ਤ੍ਰਿਕਾਲ—ਤਿੰਨ ਕਾਲ (ਭੂਤ, ਵਰਤਮਾਨ ਤੇ ਭਵਿਖਤ)। ਆਤਮ ਤਰੰਗ—ਆਤਮ ਅਨੰਦ। ਮਧ—ਮਧੂ, ਅੰਮ੍ਰਿਤ। ਪਾਨ—ਪੀਣਾ। ਮਤ—ਮਤਵਾਲਾ, ਖੀਵਾ। ਬਿਨੋਦ—ਕੌਤਕ। ਹੇਰਤ—ਵੇਖ ਕੇ। ਹਿਰਾਏ ਹੈਂ—ਹੈਰਾਨ (ਚਕ੍ਰਿਤ) ਹੋਈਦਾ ਹੈ।

**ਅਰਥ**: ਗੁਰੂ ਦੇ ਹੁਕਮੀ ਬੰਦੇ, ਗੁਰਸਿਖ ਦੇ ਮਨ, ਬਚਨਾਂ ਅਤੇ ਕਰਮਾਂ ਕਰਕੇ ਇਕਾਗਰ ਹੋਣ ਨਾਲ, ਉਸ ਨੂੰ ਅਲੌਕਿਕ ਅਸਚਰਜ ਕੌਤਕਾਂ ਵਾਲਾ ਅਦ੍ਰਿਸ਼ਟ ਵਾਹਿਗੁਰੂ ਪਰਤੱਖ ਦਿਸ ਪੈਂਦਾ ਹੈ।

ਅੰਤਰ ਧਿਆਨ ਹੋਇਆਂ ਉਸ ਦੇ ਅੰਦਰ ਵਾਹਿਗੁਰੂ-ਜੋਤੀ ਪ੍ਰਕਾਸ਼ਮਾਨ ਹੋ ਜਾਂਦੀ ਹੈ ਅਤੇ ਉਸ ਨੂੰ ਆਪਣੇ ਹਿਰਦੇ ਵਿਚ ਹੀ ਤਿੰਨਾਂ ਭਵਨਾਂ ਵਿਚ ਵਰਤ ਰਿਹਾ ਵਰਤਾਰਾ ਦਿਸ ਆਉਂਦਾ ਹੈ।

ਸਭ ਤੋਂ ਉਤਮ ਖ਼ਜ਼ਾਨਾ ਗੁਰੂ ਦਾ ਗਿਆਨ (ਨਾਮ-ਜਾਪ) ਜਦ ਗੁਰਮੁਖ ਜਨ ਦੇ ਹਿਰਦੇ ਵਿਚ ਪ੍ਰਚੰਡ ਹੋ ਪ੍ਰਕਾਸ਼ਦਾ ਹੈ ਤਾਂ ਉਸ ਦੀ ਦਸ਼ਾ ਤਿੰਨਾਂ ਕਾਲਾਂ ਦੀ ਸੋਝੀ ਵਾਲੀ ਹੋ ਜਾਂਦੀ ਹੈ, (ਪਰ ਤ੍ਰੈਕਾਲ-ਦਰਸੀ ਹੋ ਕੇ ਉਹ ਆਪਣੇ ਨਿਸ਼ਾਨੇ ਤੋਂ ਭਟਕਦਾ ਨਹੀਂ, ਸਗੋਂ) ਉਹ ਆਪਣੇ ਆਪ ਨੂੰ (ਵਾਹਿਗੁਰੂ-ਦਰਸ਼ਨਾਂ ਵਿਚ ਲੀਨ ਹੋਣ ਦੇ) ਜਤਨ ਵਿਚ ਜੁਟਾਈ ਰਖਦਾ ਹੈ।

ਐਸਾ ਗੁਰਮੁਖ ਜਨ ਆਤਮ-ਅਨੰਦ ਦੇ ਪ੍ਰੇਮ-ਰਸ-ਅੰਮ੍ਰਿਤ ਨੂੰ ਪੀਂਦਾ ਹੋਇਆ ਅਲਮਸਤ ਮਤਵਾਲਾ ਹੋਇ ਰਹਿੰਦਾ ਹੈ। ਉਸ ਦੀ ਇਸ ਕਤਕੀ ਦਸ਼ਾ ਦਾ ਵਰਣਨ ਕਰਨਾ ਅਸੰਭਵ ਹੈ, ਉਸ ਦੀ ਅਵਸਥਾ ਵੇਖ ਕੇ ਚਕ੍ਰਿਤ ਹੋ ਜਾਈਦਾ ਹੈ।੩੦।੬੪।

ਬਿਨ ਰਸ ਰਸਨਾ ਬਕਤ ਹੀ ਬਹੁਤ ਬਾਤੈ,
ਪ੍ਰੇਮ ਰਸ ਬਸ ਭਏ ਮੋਨਿ ਬ੍ਰਤ ਲੀਨ ਹੈ ॥
ਪ੍ਰੇਮ ਰਸ ਅੰਮ੍ਰਿਤ-ਨਿਧਾਨ ਪਾਨ ਕੈ ਮਦੋਨ,
ਅੰਤਰ ਧਿਆਨ ਦ੍ਰਿਗ ਦੁਤੀਆ ਨ ਚੀਨ ਹੈ ॥
ਪ੍ਰੇਮ ਨੇਮ ਸਹਜ ਸਮਾਧਿ ਅਨਹਦ ਲਿਵ,
ਦੁਤੀਆ ਸਬਦ ਸ੍ਰਵਨਤਰ ਨ ਕੀਨ ਹੈ ॥
ਬਿਸਮ ਬਿਦੇਹ ਜਗ ਜੀਵਨ ਮੁਕਤ ਭਏ,
ਤ੍ਰਿਭਵਨ ਅਉ ਤ੍ਰਿਕਾਲ ਗੰਮਿਤਾ ਪ੍ਰਬੀਨ ਹੈ ॥੩੧॥੬੫॥

**ਪਦ ਅਰਥ**: ਰਸਨਾ—ਜੀਭ। ਬਕਤ—ਬੋਲਦੀ। ਬਾਤੈ ਬਾਤਾਂ, ਗੱਲਾਂ। ਬਸ—ਅਧੀਨ, (ਚਖਣ) ਕਰਕੇ। ਮੋਨਿ ਬ੍ਰਤ—ਚੁਪ-ਵਰਤ, ਮਸ਼ਟ ਬ੍ਰਿਤੀ। ਅੰਮ੍ਰਿਤ ਨਿਧਾਨ—ਅੰਮ੍ਰਿਤ ਦਾ ਖ਼ਜ਼ਾਨਾ, ਨੌਂ ਨਿਧੀ ਅੰਮ੍ਰਿਤ ਨਾਮ। ਪਾਨ ਕੈ—ਪੀਣ ਨਾਲ। ਮਦੋਨ—ਮਸਤੁਲ ਮਸਤ। ਦ੍ਰਿਗ ਨੇਤਰ, ਅੱਖਾਂ। ਦੁਤੀਆ—ਦੂਜਾ ਕੋਈ। ਚੀਨ—ਪਛਾਣਨਾ। ਪ੍ਰੇਮ ਨੇਮ—ਪ੍ਰੇਮ ਦੀ ਮਰਯਾਦਾ, ਪ੍ਰੇਮ ਦਾ ਮਾਰਗ। ਅਨਹਦ—ਇਕ-ਰਸ ਨਾਮ-ਅਭਿਆਸ ਦੀ ਧੁਨੀ। ਸ੍ਰਵਨੰਤਰ—ਕੰਨਾਂ ਵਿਚ। ਬਿਸਮ—ਬਿਸਮਾਦ, ਅਸਚਰਜ। ਬਿਦੇਹ—ਸਰੀਰ ਦੀ ਸੁਧ ਬੁਧ ਨਾ ਰਹਿਣੀ, ਦੇਹ ਅਧਿਆਸ ਰਹਿਤ। ਜਗ—ਜਗਤ ਵਿਚ। ਤ੍ਰਿਭਵਨ ਅਉ ਤ੍ਰਿਕਾਲ—ਤਿੰਨ ਭਵਨ (ਧਰਤ, ਪਤਾਲ, ਅਕਾਸ਼) ਅਤੇ ਤਿੰਨ ਕਾਲ (ਭੂਤ, ਵਰਤਮਾਨ, ਭਵਿਖਤ)। ਗੰਮਿਤਾ—ਪਹੁੰਚ। ਪਰਬੀਨ—ਸਿਆਣਾ, ਸਮਰੱਥ।

www.AKJ.Org

**ਅਰਥ** : ਨਾਮ-ਅੰਮ੍ਰਿਤ-ਰਸ ਚਖਣ ਤੋਂ ਸਖਣੀ ਰਸਨਾ ਬਹੁਤ ਗੱਲਾਂ ਬਕਦੀ ਹੈ, ਪਰ ਪ੍ਰੇਮ-ਰਸ, ਨਾਮ-ਅੰਮ੍ਰਿਤ-ਰਸ ਦੇ ਅਧੀਨ ਹੋ ਕੇ ਉਹ ਮਸ਼ਟ ਬ੍ਰਿਤੀ ਧਾਰਨ ਕਰ ਲੈਂਦੀ ਹੈ।

ਨੌਂ-ਨਿਧੀ ਨਾਮ-ਅੰਮ੍ਰਿਤ ਦੇ ਪ੍ਰੇਮ-ਰਸ ਨੂੰ ਪੀਣ ਨਾਲ ਗੁਰਮੁਖ ਜਨ ਮਸਤੁਲ ਮਸਤ ਹੋਇਆ ਰਹਿੰਦਾ ਹੈ, ਉਸ ਦੇ ਨੇਤਰ ਅੰਤਰ-ਧਿਆਨ ਹੋ ਜਾਂਦੇ ਹਨ ਅਤੇ ਉਹ ਹੋਰ ਕਿਸੇ ਦੂਜੇ ਨੂੰ ਪਛਾਣਦੇ ਹੀ ਨਹੀਂ।

ਨਾਮ ਦੇ ਪ੍ਰੇਮ-ਰਸ-ਮਾਰਗ ਦਾ ਪਾਂਧੀ ਸ਼ਰਧਾਵਾਨ ਗੁਰਸਿਖ ਸਹਿਜ ਸਮਾਧੀ ਵਿਚ ਜੁੜਿਆ, ਨਾਮ-ਅਭਿਆਸ ਦੀ ਹੋ ਰਹੀ ਇਕ-ਰਸ ਧੁਨੀ ਦੀ ਸ੍ਰੁਤ ਵਿਚ ਲਿਵਲੀਨ ਰਹਿੰਦਾ ਹੈ, ਉਸ ਦੇ ਕੰਨਾਂ ਵਿਚ ਹੋਰ ਕੋਈ ਦੂਜਾ ਸ਼ਬਦ ਸੁਣੀਂਦਾ ਹੀ ਨਹੀਂ।

ਇਸ ਬਿਸਮਾਦ ਅਵਸਥਾ ਵਿਚ ਉਹ ਦੇਹੀ ਵਲੋਂ ਬਿਦੇਹ (ਦੇਹ-ਅਧਿਆਸ ਤੋਂ ਉਚਾ) ਹੋ ਕੇ, ਜਗਤ ਵਿਚ ਵਿਚਰਦਾ ਹੋਇਆ ਜੀਵਨ-ਮੁਕਤ ਹੋਇ ਰਹਿੰਦਾ ਹੈ, (ਭਾਵ, ਜੀਂਦੇ-ਜੀ ਹੀ ਸੰਸਾਰ ਦੇ ਝਮੇਲਿਆਂ ਤੋਂ ਮੁਕਤ ਹੋ ਜਾਂਦਾ ਹੈ) ਅਤੇ ਉਹ ਤਿੰਨਾਂ ਭਵਨਾਂ ਅਤੇ ਤਿੰਨਾਂ ਕਾਲਾਂ ਵਿਚ ਵਰਤ ਰਹੇ ਵਰਤਾਰੇ ਨੂੰ ਜਾਨਣ ਦੇ ਸਮਰੱਥ ਹੋ ਜਾਂਦਾ ਹੈ।੩੧।੬੫।

**ਸਕਲ ਸੁਗੰਧਤਾ ਮਿਲਤ ਅਰਗਜਾ ਹੋਤ,**
**ਕੋਟਿ ਅਰਗਜਾ ਮਿਲਿ ਬਿਸਮ ਸੁਬਾਸ ਕੈ॥**
**ਸਕਲ ਅਨੂਪ ਰੂਪ ਕਮਲ ਬਿਖੈ ਸਮਾਤ,**
**ਹੇਰਤ ਹਿਰਾਤ ਕੋਟਿ ਕਮਲਾ ਪ੍ਰਗਾਸ ਕੈ॥**
**ਸਰਬ ਨਿਧਾਨ ਮਿਲ ਪਰਮ ਨਿਧਾਨੁ ਭਏ,**
**ਕੋਟਿਕ ਨਿਧਾਨ ਹੁਇ ਚਕਿਤ ਬਿਲਾਸ ਕੈ॥**
**ਚਰਨ ਕਮਲ ਗੁਰ ਮਹਿਮਾ ਅਗਾਧ ਬੋਧ,**
**ਗੁਰਸਿਖ ਮਧੁਕਰ ਅਨਭੈ ਅਭਿਆਸ ਕੈ॥੩੧॥੬੬॥**

**ਪਦ ਅਰਥ** : ਸਕਲ ਸੁਗੰਧਤਾ—ਸਾਰੀਆਂ ਸੁਗੰਧੀਆਂ ਕਸਤੂਰੀ, ਚੰਦਨ, ਕੇਸਰ, ਕਪੂਰ, ਇਤਰ, ਗੁਲਾਬ ਦੇ ਫੁਲ ਪਤੇ ਆਦਿ। ਅਰਗਜਾ—ਸੁਗੰਧਤ ਪਦਾਰਥਾਂ ਦੇ ਮੇਲ ਤੋਂ ਬਣਾਇਆ ਇਕ ਪਦਾਰਥ। ਕੋਟਿ—ਕਰੋੜਾਂ। ਬਿਸਮ—ਅਸਚਰਜ, ਹੈਰਾਨ। ਸੁਬਾਸ—ਸੁਗੰਧੀ। ਕਮਲ—ਕਮਲਾ, ਲਛਮੀ। ਬਿਖੈ—ਵਿਚ। ਹੇਰਤ—ਵੇਖ ਕੇ। ਹਿਰਾਤ—ਅਸਚਰਜ, ਬਿਸਮਾਦ। ਨਿਧਾਨ—ਖਜ਼ਾਨੇ। ਕੋਟਿਕ—ਕਰੋੜਾਂ। ਚਕਿਤ—ਚਕ੍ਰਿਤ। ਬਿਲਾਸ—ਅਨੰਦ। ਅਗਾਧ ਬੋਧ—ਸਮਝ ਸੋਝੀ ਤੋਂ ਪਰੇ, ਅਪਾਰ। ਮਧੁਕਰ—ਭੌਰੇ। ਅਨਭੈ ਅਭਿਆਸ—ਨਿਰਭਉ ਪ੍ਰਭੂ ਦੇ ਨਾਮ-ਅਭਿਆਸ ਦੁਆਰਾ।

**ਅਰਥ** : (ਕਸਤੂਰੀ, ਚੰਦਨ, ਕੇਸਰ, ਕਪੂਰ ਆਦਿਕ) ਸਾਰੀਆਂ ਸੁਗੰਧੀਆਂ ਮਿਲਣ ਨਾਲ 'ਅਰਗਜਾ' ਬਣਦਾ ਹੈ, ਪਰ ਅਜਿਹੇ ਕਰੋੜਾਂ 'ਅਰਗਜੇ' ਮਿਲ ਕੇ ਭੀ (ਸਤਿਗੁਰੂ ਦੇ ਚਰਨ-ਕਮਲਾਂ ਦੀ) ਸੁਗੰਧੀ ਦੇ ਸਾਹਮਣੇ ਹੈਰਾਨ ਪ੍ਰੇਸ਼ਾਨ ਹਨ, ਭਾਵ, ਮਾਤ ਹਨ।

(ਸੰਸਾਰ ਦੀਆਂ) ਸਾਰੀਆਂ ਅਲੌਕਿਕ ਸੁਹੱਪਣਾਂ ਲਛਮੀ ਵਿਚ ਸਮਾਈਆਂ ਹੋਈਆਂ ਹਨ, (ਪਰ ਗੁਰ-ਚਰਨਾਂ ਦੇ) ਸੁੰਦਰ ਪ੍ਰਗਾਸ ਨੂੰ ਵੇਖ ਕੇ ਕਰੋੜਾਂ ਲਛਮੀਆਂ ਵੀ ਚਕ੍ਰਿਤ-ਬਿਸਮਾਦ ਹਨ।

(ਦੁਨੀਆ ਭਰ ਦੇ) ਸਾਰੇ ਖਜ਼ਾਨੇ (ਧਨ-ਸੰਪਤਾ ਆਦਿ) ਮਿਲ ਕੇ ਮਹਾਨ ਖ਼ਜ਼ਾਨਾ ਬਣਦਾ ਹੈ, (ਪਰ ਅਜਿਹੇ ਕਰੋੜਾਂ ਖ਼ਜ਼ਾਨਿਆਂ ਦਾ) ਸੁਖ, ਗੁਰ ਚਰਨਾਂ ਤੋਂ ਪ੍ਰਾਪਤ ਹੋਣ ਵਾਲੇ ਮਹਾਨ ਆਤਮਕ-ਅਨੰਦ ਦੇ ਸਾਹਮਣੇ ਚਕ੍ਰਿਤ ਹਨ, ਭੌਰ-ਭੌਰ ਹਨ।

ਸਤਿਗੁਰੂ ਦੇ ਚਰਨ-ਕਮਲਾਂ ਦੀ ਮਹਿਮਾ ਸਮਝ-ਸੋਝੀ ਤੋਂ ਪਰੇ ਹੈ ਅਤੇ ਗੁਰਸਿਖ-ਭੌਰੇ ਨਿਰਭਉ ਪ੍ਰਭੂ ਦੇ ਨਾਮ-ਅਭਿਆਸ ਦੁਆਰਾ (ਗੁਰੂ ਦੇ ਚਰਨ-ਕਮਲਾਂ ਵਿਚ ਜੁੜ ਕੇ ਅਨੰਦ ਮਾਣਦੇ ਹਨ)।੩੨।੬੬।

www.AKJ.Org

ਰਤਨ ਪਾਰਖ ਮਿਲਿ ਰਤਨ ਪਰੀਖਾ ਹੋਤ,
ਗੁਰਮੁਖਿ ਹਾਟ ਸਾਟ ਰਤਨ ਬਿਉਹਾਰ ਹੈ ॥
ਮਾਨਕ ਹੀਰਾ ਅਮੋਲ ਮਨਿ ਮੁਕਤਾਹਲ ਕੈ,
ਗਾਹਕ ਚਾਹਕ ਲਾਭ ਲਭਤ ਅਪਾਰ ਹੈ ॥
ਸਬਦ ਸੁਰਤਿ ਅਵਗਾਹਨ ਬਿਸਾਹਨ ਕੈ,
ਪਰਮ ਨਿਧਾਨ ਪ੍ਰੇਮ ਨੇਮ ਗੁਰਦ੍ਵਾਰ ਹੈ ॥
ਗੁਰਸਿਖ ਸੰਧਿ ਮਿਲਿ ਸੰਗਮ ਸਮਾਗਮ ਕੈ,
ਮਾਇਆ ਮੈ ਉਦਾਸ ਭਵ ਤਰਤ ਸੰਸਾਰ ਹੈ ॥੮੩॥੬੭॥

**ਪਦ ਅਰਥ** : ਰਤਨ ਪਾਰਖ- ਰਤਨਾਂ ਦਾ ਪਾਰਖੂ । ਪਰੀਖਾ-ਪਰਖ । ਹਾਟ-ਹੱਟੀ । ਸਾਟ-ਸੌਦਾ, ਲੈਣ ਦੇਣ । ਮਨਿ-ਮਣੀਆਂ । ਮੁਕਤਾਹਲ-ਮੋਤੀ । ਗਾਹਕ-ਵਪਾਰੀ । ਚਾਹਕ-ਚਾਹਵਾਨ । ਅਵਗਾਹਨ-ਚੁਭੀ ਮਾਰਨੀ, ਲੀਨ ਹੋਣਾ । ਬਿਸਾਹਨ-ਖ੍ਰੀਦਣਾ । ਪਰਮ ਨਿਧਾਨ-ਮਹਾਨ ਖ਼ਜ਼ਾਨਾ । ਗੁਰਦ੍ਵਾਰ-ਗੁਰੂ ਦਾ ਦਰ । ਸੰਧਿ-ਮੇਲ । ਸੰਗਮ-ਮਿਲਾਪ । ਸਮਾਗਮ-ਸਤਸੰਗੀਆਂ ਦਾ ਇਕੱਠ, ਸਤਸੰਗਤ । ਭਵਸਾਗਰ-ਡਰਾਉਣਾ ਸੰਸਾਰ ਸਮੁੰਦਰ ।

**ਅਰਥ** : ਰਤਨਾਂ ਦੇ ਪਾਰਖੂ ਨੂੰ ਮਿਲ ਕੇ ਹੀ ਰਤਨਾਂ ਦੀ ਪਰਖ ਹੋ ਸਕਦੀ ਹੈ, (ਇਸੇ ਤਰ੍ਹਾਂ) ਨਿਪੁੰਨ ਸੇਵਕ ਗੁਰਸਿਖ, (ਸਤਿਗੁਰੂ-ਸਰਾਫ ਦੀ) ਹੱਟੀ ਤੇ (ਨਾਮ-ਰਤਨ ਦੇ) ਲੈਣ ਦੇਣ ਦਾ ਵਿਉਪਾਰ ਕਰਦਾ ਹੈ ।

ਅਮੋਲਕ ਮਾਣਕਾਂ, ਹੀਰਿਆਂ, ਮਣੀਆਂ ਅਤੇ ਮੋਤੀਆਂ ਦਾ ਜਿਹੜਾ ਵਪਾਰੀ ਦਿਲੋਂ ਮਨੋਂ ਚਾਹਵਾਨ ਹੁੰਦਾ ਹੈ, (ਉਹੋ ਹੀ ਉਸ ਦੇ ਵਪਾਰ ਤੋਂ) ਬੇਅੰਤ ਲਾਭ ਖਟਦਾ ਹੈ । (ਇਸੇ ਤਰ੍ਹਾਂ ਸੱਚੇ ਸੁੱਚੇ ਗੁਰੂ ਕੇ ਸਿਖ ਨਾਮ-ਰਤਨ ਦਾ ਸੱਚਾ ਵਪਾਰ ਕਰਦੇ ਅਤੇ ਜੀਵਨ ਦਾ ਲਾਭ ਖਟਦੇ ਹਨ) ।

ਸ਼ਬਦ ਵਿਚ ਸੁਰਤ ਟਿਕਾਉਣ ਨਾਲ ਅਤੇ ਨਾਮ ਰੂਪੀ ਸ਼ਬਦ ਦਾ ਸੌਦਾ ਵਣਜਣ ਨਾਲ ਸਤਿਗੁਰੂ ਦੇ ਦਰ ਤੋਂ ਪ੍ਰੇਮ-ਨੇਮ ਨਿਭਾਉਣ ਵਾਲਾ ਮਹਾਨ ਖ਼ਜ਼ਾਨਾ ਪ੍ਰਾਪਤ ਹੁੰਦਾ ਹੈ ।

ਸਤਿਗੁਰੂ ਅਤੇ ਸੱਚੇ ਸੇਵਕ ਦੇ ਮੇਲ ਮਿਲਿਆਂ ਸਤਸੰਗਤ ਦੇ ਮਿਲਾਪ ਦੁਆਰਾ, ਗੁਰੂ ਦਾ ਸਨਮੁਖ ਸਿਖ, ਮਾਇਆ (ਵਿਚ ਵਿਚਰਦਾ ਹੋਇਆ ਵੀ ਉਸ) ਤੋਂ ਨਿਰਲੇਪ ਰਹਿੰਦਾ ਹੈ ਅਤੇ ਸੰਸਾਰ-ਸਾਗਰ ਨੂੰ ਤਰ ਜਾਂਦਾ ਹੈ, ਭਾਵ, ਜਨਮ-ਮਰਨ ਤੋਂ ਛੁਟ ਜਾਂਦਾ ਹੈ ।੩੩।੬੭।

---

[ਸਫ਼ਾ ੩੬ ਦੀ ਬਾਕੀ]

ਰਸ ਵਧ ਤੋਂ ਵਧ ਬਣਿਆ ਰਵ੍ਹੇ ਅਤੇ ਸੰਗਤਾਂ ਕੀਰਤਨ ਦਾ ਅਨੰਦ ਰਜਵਾਂ ਮਾਣਨ । ਇਸ ਮੰਤਵ ਲਈ ਇਹ ਜ਼ਰੂਰੀ ਹੈ ਕਿ ਸਿਖਿਆਰਥੀ ਸਰੇਣੀ ਵਾਲੇ ਕੀਰਤਨੀਆਂ ਨੂੰ ਸਮਾਗਮ ਦੇ ਅਰੰਭਕ ਦਿਨਾਂ ਵਿਚ ਹਾਜ਼ਰੀ ਲਵਾਉਣ ਦਾ ਮੌਕਾ ਦੇ ਦਿਤਾ ਜਾਇਆ ਕਰੇ । ਉਹਨਾਂ ਨੂੰ ਲੋਕਲ ਪਧਰ ਤੇ ਸਮਾਗਮਾਂ ਵਿਚ ਹੌਸਲਾ-ਅਫਜ਼ਾਈ ਦਾ ਅਉਸਰ ਮਿਲਦਾ ਰਹਿਣਾ ਚਾਹੀਦਾ ਹੈ, ਤਾਂ ਜੁ ਵਧ ਤੋਂ ਵਧ ਕੀਰਤਨੀਏ ਤਿਆਰ ਹੋਣ ਅਤੇ ਨਿਸ਼ਕਾਮ ਕੀਰਤਨ ਦੀ ਪ੍ਰਥਾ ਅਗੇ ਤੋਂ ਅਗੇ ਚਲਦੀ ਰਵ੍ਹੇ ।

ਕਈ ਵਾਰੀ ਪ੍ਰਬੰਧਕੀ ਵੀਰ ਆਪਣੇ ਮੂੰਹ ਮੁਲਾਹਜ਼ੇ ਪਾਲਣ ਲਈ ਸੰਗਤਾਂ ਦੇ ਅਨੰਦ ਵਲ ਗਹੁ ਨਹੀਂ ਕਰਦੇ, ਇਸ ਲਈ ਸਮੇਂ ਦੀ ਵੰਡ ਨੂੰ ਚੰਗੇ ਤੋਂ ਚੰਗੇਰਾ ਬਨਾਉਣ ਲਈ ਇਹ ਲਾਭਕਾਰੀ ਹੋਵੇਗਾ ਕਿ ਸਮਾਗਮ ਦੇ ਅਖ਼ੀਰਲੇ ਦਿਨ ਦੇ ਦੋਨਾਂ ਪ੍ਰੋਗਰਾਮਾਂ ਦੀ ਸਮੇਂ ਦੀ ਵੰਡ ਨੂੰ ਦੋ ਚਾਰ ਬੇਲਾਗ ਸਜਣ ਰਲ ਕੇ ਅੰਤਮ ਰੂਪ ਦੇਣ ਤੇ ਇਸ ਵਿਚ ਜੇ ਮੌਕੇ ਤੇ ਕੋਈ ਤਬਦੀਲੀ ਦੀ ਲੋੜ ਹੋਵੇ ਤਾ ਉਹਨਾਂ ਵਿਚੋਂ ਘਟੋ ਘਟ ਦੋ ਸਜਣਾਂ ਦੀ ਸੰਮਤੀ ਨਾਲ ਹੀ ਕੀਤੀ ਜਾਵੇ ।

[ਚਲਦਾ]

# ਤੇ ਸਿੱਖ ਫ਼ੌਜੀ ਨੇ ਮੈਨੂੰ ਬਚਾ ਲਿਆ

[ਡਾ: ਗੁਰਬਖ਼ਸ਼ ਸਿੰਘ ਜੀ]

ਅੱਜ ਤੋਂ ਲਗ ਪਗ ਤਿੰਨ ਦਹਾਕੇ ਪਹਿਲਾਂ ਅਮਰੀਕਾ ਵਿਚ ਪੀ-ਐਚ.ਡੀ. ਕਰਨ ਆਉਣਾ ਜਿੱਥੇ ਬੜੇ ਗੌਰਵ ਵਾਲੀ ਗੱਲ ਸੀ, ਉਥੇ ਪੰਜਾਬ ਛੱਡ ਕੇ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਪੜ੍ਹਾਈ ਕਰਨਾ ਵੀ ਬਹੁਤ ਔਖਾ ਸੀ। ਇਹ ਔਖਿਆਈ ਕੇਸਾਂ ਤੇ ਪਗੜੀ ਵਾਲੇ ਸਿੱਖ ਲਈ ਹੋਰ ਵੀ ਵੱਧ ਹੁੰਦੀ ਸੀ।

ਪਹਿਲੇ ਸਾਲ ਦੀ ਅਜੇ ਪੜ੍ਹਾਈ ਸ਼ੁਰੂ ਹੋਈ ਹੀ ਸੀ। ਇਕ ਗੋਰਾ ਨੌਜਵਾਨ ਨਵੀਂ ਸ਼ਕਲ ਦੇ ਪਗੜੀ ਦਾੜ੍ਹੀ ਵਾਲੇ ਵੱਲ ਕਾਫੀ ਦੇਰ ਤਕ ਦੇਖਦਾ ਰਿਹਾ। ਦੂਜੇ ਦਿਨ ਆ ਕੇ ਪੁੱਛਿਆ, 'ਕੀ ਤੁਸੀਂ ਸਿੱਖ ਹੁੰਦੇ ਹੋ ?' 'ਹਾਂ, ਮੈਂ ਸਿੱਖ ਹਾਂ।' ਸੁਣ ਕੇ ਗੋਰਾ ਲੜਕਾ ਬਹੁਤ ਖ਼ੁਸ਼ ਹੋ ਗਿਆ ਤੇ ਕਹਿਣ ਲੱਗਾ, 'ਕੀ ਤੁਸੀਂ ਮੇਰੇ ਨਾਲ ਘਰ ਚੱਲ ਸਕਦੇ ਹੋ ?' ਉੱਤਰ ਉਡੀਕਣ ਤੋਂ ਬਿਨਾਂ ਹੀ ਉਸ ਨੇ ਆਪਣੀ ਗੱਲ ਤੋਰੀ ਰੱਖੀ, 'ਜਦੋਂ ਕਹੋ ਤੁਹਾਨੂੰ ਘਰੋਂ ਲੈ ਲਵਾਂਗਾ ਅਤੇ ਜਦੋਂ ਕਹੋ ਵਾਪਸ ਘਰ ਛੱਡ ਜਾਵਾਂਗਾ। ਮਰੇ ਪਿਤਾ ਜੀ ਤੁਹਾਡੇ ਬਾਰੇ ਕੁਝ ਜਾਨਣਾ ਚਾਹੁੰਦੇ ਹਨ।' ਸਿੱਖ ਨੂੰ ਇਸ ਗੱਲ ਦੀ ਬਹੁਤ ਖ਼ੁਸ਼ੀ ਹੋਈ ਕਿ ਕੋਈ ਉਸ ਦੇ ਧਰਮ ਬਾਰੇ ਜਾਨਣਾ ਚਾਹੁੰਦਾ ਹੈ। ਉਸ ਤੋਂ ਪਹਿਲਾਂ ਟੀ.ਵੀ. ਤੇ ਪੰਜਾਬ ਤੋਂ ਆਏ ਵਿਦਿਆਰਥੀਆਂ ਬਾਰੇ ਖ਼ਬਰ ਦਿੱਤੀ ਜਾ ਚੁੱਕੀ ਸੀ। ਯੂਨੀਵਰਸਿਟੀ ਵਿਚ ਤਾਂ ਸਾਰੇ ਮੁੰਡੇ ਕੁੜੀਆਂ ਅੱਖਾਂ ਪਾੜ-ਪਾੜ ਕੇ ਦੇਖਦੇ ਤੇ ਕਈ ਵਾਰੀ ਉਨ੍ਹਾਂ ਦੀ ਸ਼ਕਲ ਦੇਖ ਕੇ ਹੱਸ ਵੀ ਪੈਂਦੇ। ਉਸ ਹਾਸੇ ਨੂੰ ਜਰਨ ਲਈ ਬਹੁਤ ਮਨੋ-ਬਲ ਦੀ ਲੋੜ ਸੀ। ਕਈ ਲੜਕੇ ਇਸ ਝਾਕਣੀ ਤੇ ਹਾਸੇ ਨੂੰ ਨਾ ਝੱਲ ਸਕਦੇ ਤੇ ਕੇਸ ਕਤਲ ਕਰਵਾ ਦਿੰਦੇ ਸਨ।

ਅਜਿਹੇ ਹਾਲਾਤ ਵਿਚ, ਜੇ ਕੋਈ ਲੜਕਾ ਤੁਹਾਡੇ ਨਾਲ ਹੀ ਕੋਈ ਕੋਰਸ ਲੈ ਰਿਹਾ ਹੈ, ਤੁਹਾਨੂੰ ਆਪਣਾ ਮਿੱਤਰ ਬਨਾਉਣਾ ਚਾਹੇ, ਇਹ ਇਕ ਪਿਆਸੇ ਨੂੰ ਪਾਣੀ ਮਿਲਣ ਵਾਂਗ ਹੈ।

ਆਉਣ ਵਾਲੇ ਸ਼ੁੱਕਰਵਾਰ ਨੂੰ ਸ਼ਾਮ ਨੂੰ ਉਹਨਾਂ ਦੇ ਘਰ ਜਾਣ ਦਾ ਸਮਾਂ ਨੀਯਤ ਹੋ ਗਿਆ। ਗੋਰਾ ਲੜਕਾ ਉਸ ਸਿੱਖ ਦੀ ਅਪਾਰਟਮੈਂਟ ਵਿਚ ਆ ਕੇ ਉਸ ਨੂੰ ਨਾਲ ਲੈ, ਘਰ ਪਹੁੰਚ ਗਿਆ। ਅੰਦਰ ਵੜਦਿਆਂ ਸਾਰ ਉਸ ਦਾ ਪਿਤਾ ਜਲੰਧਰ ਸ਼ਹਿਰ ਦੇ ਲਾਗੇ ਇਕ ਪਿੰਡ ਤੇ ਉਂਗਲ ਰੱਖ ਕੇ ਕਹਿਣ ਲੱਗਾ, '*Where is your house from this Village?*' (ਇਸ ਪਿੰਡ ਤੋਂ ਤੁਹਾਡਾ ਘਰ ਕਿੰਨਾ ਕੁ ਪਰੇ ਹੈ ?) ਸਿੱਖ ਨੇ ਤਾਂ ਅਜੇ 'ਹੈਲੋ, ਗਲੈਡ ਟੂ ਸੀ ਯੂ' ਵੀ ਨਹੀਂ ਕਿਹਾ ਸੀ। ਉਸ ਨੂੰ ਉਸ ਗੋਰੇ ਦੀ ਗੱਲ ਪੂਰੀ ਤਰ੍ਹਾਂ ਸਮਝ ਨਹੀਂ ਲੱਗੀ ਸੀ। ਬਿਨਾਂ ਉੱਤਰ ਦਿੱਤੇ, ਉਹ ਕੁਰਸੀ ਤੇ ਕੋਲ ਬੈਠ ਗਿਆ। ਗੋਰੇ ਨੇ ਫਿਰ ਓਹੀ ਸਵਾਲ ਪੁੱਛਿਆ, 'ਤੁਹਾਡਾ ਪਿੰਡ ਕਿਹੜਾ ਹੈ', ਤੇ ਨਾਲੇ ਪੰਜਾਬ ਦਾ ਨਕਸ਼ਾ ਅੱਗੇ ਕਰ ਦਿੱਤਾ। ਸਿਖ ਦਾ ਉੱਤਰ ਸੁਣ ਕੇ ਉਸ ਗੋਰੇ ਨੇ ਆਪਣੀ ਕਥਾ ਸੁਣਾਈ :

'ਦੂਜੀ ਵਰਲਡ ਜੰਗ ਵੇਲੇ ਅਸੀਂ ਸਿੱਖ ਫ਼ੌਜੀਆਂ ਨਾਲ ਸਾਂ। ਉੱਤਰੀ ਅਫ਼ਰੀਕਾ ਤੇ ਜਰਮਨ ਨੇ ਬਹੁਤ ਜ਼ਬਰਦਸਤ ਹਮਲਾ ਕੀਤਾ ਸੀ। ਅੰਗਰੇਜ਼ਾਂ ਦਾ ਬਹੁਤ ਨੁਕਸਾਨ ਹੋਇਆ। ਉਸ ਹਮਲੇ ਵਿਚ ਮੇਰੇ ਵੀ ਗੋਲੀਆਂ ਲੱਗੀਆਂ। ਮੈਂ ਤੁਰ ਨਹੀਂ ਸੀ ਸਕਦਾ। ਮੇਰੇ ਨਾਲ ਦੇ ਇਕ ਸਿੱਖ-ਸਾਥੀ ਨੇ ਵਰ੍ਹਦੀਆਂ ਗੋਲੀਆਂ ਦੀ ਪਰਵਾਹ ਨਾ ਕਰਦੇ ਹੋਏ ਮੈਨੂੰ ਆਪਣੀ ਪਿੱਠ ਤੇ ਲੈ ਕੇ, ਉਸ ਮੋਰਚੇ ਤੋਂ ਕੱਢ ਕ ਬਚਾਅ ਵਾਲੀ ਥਾਂ ਤੇ ਲੈ ਆਂਦਾ। ਜੇਕਰ ਮੈਂ ਅੱਜ ਜੀਉਂਦਾ ਹਾਂ, ਇਹ ਮੇਰੇ ਬੱਚੇ ਹਨ, ਇਹ ਸਭ ਇਕ ਸਿੱਖ ਦੀ ਬਹਾਦਰੀ ਦਾ ਫਲ ਹੈ। ਮੈਨੂੰ ਸਿੱਖ ਬਹੁਤ ਪਿਆਰੇ ਲੱਗਦੇ ਹਨ। ਜੇਕਰ ਉਹ ਸਿੱਖ ਮੇਰੀ ਜਾਨ ਨਾ ਬਚਾਉਂਦਾ ਤਾਂ ਹੋਰ ਕਿਸੇ ਨੇ ਉਸ ਭਿਅੰਕਰ ਗੋਲੀਆਂ ਦੇ ਮੀਂਹ ਤੋਂ ਚੁੱਕਣਾ ਨਹੀਂ ਸੀ, ਮੈਂ ਉਥੇ ਪਿਆ ਹੀ ਰਹਿੰਦਾ ਤੇ ਮਰ ਜਾਂਦਾ।'

ਅਮਰੀਕਾ ਦੀ ਧਰਤੀ, ਜੋ ਤਿੰਨ ਮਹੀਨੇ ਓਪਰੀ-ਓਪਰੀ ਤੇ ਬੇਗਾਨੀ ਗੋਰਿਆਂ ਦੀ ਧਰਤੀ ਲੱਗਦੀ ਰਹੀ ਸੀ, ਅੱਜ ਸਿੱਖ ਲਈ ਉਹ ਆਪਣਾ ਦੇਸ਼ ਲੱਗਣ ਲੱਗ ਗਈ ਸੀ। ਸਿੱਖੀ ਅਸੂਲਾਂ ਤੇ ਚੱਲਣ ਨਾਲ ਹੀ ਸਿੱਖ ਧਰਮ ਬਾਰੇ ਦੁਨੀਆ ਵਿਚ ਅਸੀਂ ਆਪਣਾ ਸਤਿਕਾਰ ਵਧਾ ਸਕਦੇ ਹਾਂ। ਕਿਸੇ ਸਿੱਖ ਦੀ ਕਈ ਸਾਲ ਪਹਿਲਾਂ ਕੀਤੀ ਸੇਵਾ ਦਾ ਫਲ ਕਿਤਨੀ ਦੂਰ ਤਕ ਫੈਲ ਗਿਆ ਸੀ। ਅੱਗੋਂ ਉਸ ਦੇ ਪੁੱਤਰ ਨੇ ਵੀ ਆਪਣੇ ਮਿੱਤਰਾਂ ਨੂੰ ਇਸ ਬਾਰੇ ਜ਼ਰੂਰ ਦੱਸਿਆ ਹੋਵੇਗਾ।

['ਸਾਡਾ ਵਿਰਸਾ-ਸਾਡਾ ਗੌਰਵ', ਜੁਲਾਈ ੯੧

www.AKJ.Org

# ਭਾਈ ਬਹਿਲੋ ਜੀ

[ਡਾ. ਸ਼ਮਸ਼ੇਰ ਸਿੰਘ ਜੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ]

**ਸਖੀ ਸਰਵਰ** ਮੁਸਲਮਾਨਾਂ ਦੇ ਪੀਰ ਦਾ ਨਾਮ ਹੈ। ਇਸ ਨੂੰ ਲਖ-ਦਾਤਾ, ਲਾਲਾਂ ਵਾਲਾ, ਸੁਲਤਾਨ ਤੇ ਧੋਕਲੀਆ ਵੀ ਆਖਦੇ ਹਨ। ਇਸ ਦਾ ਅਸਲ ਨਾਮ ਸਯਦ ਅਹਿਮਦ ਸੀ। ਮੁਲਤਾਨ ਤੋਂ ੧੨ ਕੋਹ ਪੂਰਬ ਵਲ ਸ਼ਾਰ-ਕੋਟ ਨਾਮ ਪਿੰਡ ਦੇ ਰਹਿਣ ਵਾਲਾ ਸੀ। ਇਸ ਦੀ ਕਬਰ ਡੇਰਾ ਗ਼ਾਜ਼ੀ ਖ਼ਾਂ ਕੋਲ ਨਗਾਹੇ ਪਿੰਡ ਵਿਚ ਹੈ।

ਸਖੀ ਸਰਵਰ ਨੂੰ ਮੰਨਣ ਵਾਲੇ ਸੁਲਤਾਨੀਏ ਅਖਵਾਂਦੇ ਹਨ। ਇਹ ਨਗਾਹੇ ਨਗਰ ਵਿਚ ਇਕੱਠੇ ਹੋ ਕੇ ਇਕ ਰੋਟ ਪਕਾ ਕੇ ਭੇਟਾ ਦਿੰਦੇ ਹਨ। ਇਹ ਰੋਟ ਸਵਾ ਦੋ ਮਣ ਦਾ ਜ਼ਮੀਨ ਨੂੰ ਤਪਾ ਕੇ ਪਕਾਇਆ ਜਾਂਦਾ ਹੈ ਅਤੇ ਇਸ ਨੂੰ ਗੁੜ ਨਾਲ ਚੋਪੜਦੇ ਹਨ। ਭਰਾਈ ਆ ਕੇ ਦਰੂਦ ਪੜ੍ਹਦਾ ਹੈ। ਕੁਝ ਹਿੱਸਾ ਆਪ ਰਖ ਕੇ ਬਾਕੀ ਸੁਲਤਾਨੀਆਂ ਵਿਚ ਵੰਡ ਦਿੰਦਾ ਹੈ। ਸੁਲਤਾਨ ਦੀ ਕਬਰ ਤੇ ਚੜ੍ਹਨ ਵਾਲਾ ਚੜ੍ਹਾਵਾ ਉਸ ਦੇ ਤਿੰਨ ਸੇਵਕਾਂ ਦੀ ਉਲਾਦ ਲੈਂਦੀ ਹੈ ਅਤੇ ਫਿਰ ਇਸ ਨੂੰ ੧੬੫੦ ਹਿਸਿਆਂ ਵਿੱਚ ਵੰਡਿਆ ਜਾਂਦਾ ਹੈ।

ਨਗਾਹੇ ਤੋਂ ਇਲਾਵਾ ਵਜ਼ੀਰਾਬਾਦ ਦੇ ਕੋਲ ਧੋਕਲ ਪਿੰਡ ਵਿਚ ਵੀ ਸੁਲਤਾਨ ਦਾ ਅਸਥਾਨ ਹੈ। ਕਈ ਸ਼ਰਧਾਲੂ ਆਪਣੇ ਘਰਾਂ ਵਿੱਚ ਵੀ ਸੁਲਤਾਨ ਦਾ ਥਾਂ ਬਣਾ ਲੈਂਦੇ ਹਨ, ਇਸ ਨੂੰ ਪੀਰ-ਖ਼ਾਨਾ ਆਖਦੇ ਹਨ।

ਨਗਾਹੇ ਦੀ ਯਾਤਰਾ ਲਈ ਲੋਕ ਢੋਲ ਵਜਾ ਕੇ ਚਲਦੇ ਹਨ। ਰਸਤੇ ਵਿਚ ਸ਼ਰਧਾਲੂ ਰਲਦੇ ਜਾਂਦੇ ਹਨ। ਇਨ੍ਹਾਂ ਦੇ ਆਗੂ ਖੂੰਡੀ, ਸੰਗਲੀ ਤੇ ਮੁਸੱਲਾ ਰਖਦੇ ਹਨ।

**ਭਾਈ ਬਹਿਲੋ**—ਭਾਈ ਬਹਿਲੋ ਦਾ ਜਨਮ ੧੬੪੦ ਈ: ਅਤੇ ਦਿਹਾਂਤ ੧੭੦੦ ਈ: ਲਿਖਿਆ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਜਨਮ ੧੬੧੦ ਈ: ਲਿਖਿਆ ਹੈ। ਆਪ ੧੬੬੦ ਵਿਚ ਲਗਪਗ ੨੦ ਸਾਲ ਦੀ ਉਮਰ ਵਿਚ ਗੁਰੂ ਅਰਜਨ ਦੇਵ ਜੀ ਦੀ ਸਰਨ ਆਏ ਅਤੇ ੪੦ ਸਾਲ ਤਕ ਗੁਰੂ ਘਰ ਦੀ ਸੇਵਾ ਕਰਦੇ ਰਹੇ।

ਭਾਈ ਬਹਿਲੋ ਮਾਲਵੇ ਦੀ ਰਿਆਸਤ ਪਟਿਆਲਾ, ਤਹਿਸੀਲ ਮਾਨਸਾ ਦੇ ਫਫੜੇ ਭਾਈਕੇ ਨਾਮ ਦੇ ਇਕ ਪਿੰਡ, ਜੋ ਨਰਿੰਦਰਪੁਰੇ ਤੋਂ ਉਤਰ ਪੂਰਬ ਵਲ ਦੋ ਕੁ ਮੀਲ ਹੈ, ਦੇ ਰਹਿਣ ਵਾਲੇ ਸਨ। ਆਪ ਸੰਧੂ ਜੱਟ ਸਨ ਅਤੇ ਸਖੀ ਸਰਵਰ ਦੇ ਪੁਜਾਰੀ ਸਨ। ਉਨ੍ਹਾਂ ਨੇ ਘਰ ਵਿਚ ਹੀ ਪੀਰ-ਖ਼ਾਨਾ ਬਣਾਇਆ ਹੋਇਆ ਸੀ। ਹਰ ਵੀਰਵਾਰ ਪੀਰ ਦੀ ਪੂਜਾ ਕਰਦੇ, ਰੋਟ ਬਣਾਉਂਦੇ, ਭਰਾਈ ਨੂੰ ਲਿਆ ਕੇ ਦਰੂਦ ਪੜ੍ਹਾ ਕੇ ਰੋਟ ਸੇਵਕਾਂ ਵਿਚ ਵੰਡ ਦਿੰਦੇ ਸਨ। ਉਹ ਸਾਲ ਦੇ ਸਾਲ ਸੁਲਤਾਨੀਆਂ ਦਾ ਇਕ ਟੋਲਾ ਨਗਾਹੇ ਦੀ ਯਾਤਰਾ ਨੂੰ ਲੈ ਜਾਂਦੇ। ਵੀਹ ਕੁ ਸਾਲ ਦੀ ਉਮਰ ਵਿਚ ਜਦੋਂ ਨਗਾਹੇ ਦੀ ਯਾਤਰਾ ਜਥਾ ਲੈ ਜਾ ਰਹੇ ਸਨ ਤਾਂ ਉਨ੍ਹਾਂ ਨੇ ਗਲ ਵਿਚ ਲੰਬਾ ਚੋਲਾ, ਹੱਥ ਵਿਚ ਖੂੰਡੀ ਤੇ ਸੰਗਲੀ, ਮੋਢੇ ਉਤੇ ਮੁਸੱਲਾ ਅਤੇ ਸਿਰ ਤੇ ਟੋਪੀ ਪਹਿਨੀ ਹੋਈ ਹੈ।

ਇਸ ਜਥੇ ਨੂੰ ਅੰਮ੍ਰਿਤਸਰ ਪਹੁੰਚ ਕੇ ਰਾਤ ਪੈ ਗਈ। ਸ਼ਹਿਰ ਤੋਂ ਬਾਹਰ ਡੇਰਾ ਲਾਇਆ। ਸਵੇਰੇ ਮਨ ਵਿਚ ਆਇਆ ਕਿ ਸਬੱਬ ਨਾਲ ਆਏ ਹੋਏ ਹਾਂ। ਸੁਣਿਆ ਹੈ ਕਿ ਗੁਰੂ ਨਾਨਕ ਦੀ ਗੱਦੀ ਤੇ ਪੰਜਵੇਂ ਗੁਰੂ ਅਰਜਨ ਦੇਵ ਜੀ ਇਥੇ ਬਿਰਾਜ ਰਹੇ ਹਨ ਅਤੇ ਮੰਦਰ ਬਣਾ ਰਹੇ ਹਨ। ਜੱਥੇ ਸਮੇਤ ਢੋਲ ਵਜਾਉਂਦੇ ਸ਼ਹਿਰ ਵਿਚ ਆ ਗਏ। ਹਰਿਮੰਦਰ ਸਾਹਿਬ ਦੀ ਸੇਵਾ ਹੋ ਰਹੀ ਸੀ। ਸੇਵਕਾਂ ਦੇ ਚਿਹਰੇ ਖਿੜੇ ਹੋਏ ਸਨ, ਮਨ ਵਿਚ ਸ਼ਾਂਤੀ ਸੀ, ਸੇਵਾ ਦੀ ਲਗਨ ਡਾਢੀ ਸੀ ਅਤੇ ਹਰ ਪਾਸੇ ਸ਼ਾਂਤ ਵਾਤਾਵਰਨ ਸੀ। ਭਾਈ ਬਹਿਲੋ ਦੇ ਮਨ ਉਤੇ ਇਕ ਅਨੋਖਾ ਅਸਰ ਹੋਇਆ। ਗੁਰੂ ਅਰਜਨ ਦੇਵ ਜੀ ਸੇਵਾ ਕਰਵਾ ਰਹੇ ਸਨ। ਰੱਬੀ ਜੋਤ ਵਲ ਮਨ ਖਿਚਿਆ ਗਿਆ। ਲਗਨ ਤੇ ਜਗਿਆਸਾ ਤਾਂ ਪਹਿਲਾਂ ਹੀ ਮਨ ਵਿਚ ਸੀ, ਉਨ੍ਹਾਂ ਨੂੰ ਟੇਕ ਮਿਲ ਗਈ, ਸਦੀਵੀ ਸੁਖ ਦਾ ਅਨੁਭਵ ਹੋਇਆ ਅਤੇ ਸੀਸ ਚਰਨਾਂ ਤੇ ਝੁਕ ਗਿਆ। ਗੁਰੂ ਜੀ ਨੇ ਮੋਢਿਆਂ ਤੋਂ ਫੜ ਉਠਾਇਆ, 'ਧਾਵਤ ਵਰਜੇ ਠਾਕਿ ਰਹਾਏ'* ਦੀ ਦਸ਼ਾ ਬਣਾ ਦਿਤੀ। ਨਗਾਹੇ ਜਾਣ ਜੋਗਾ ਨਾ ਰਿਹਾ। 'ਪਾਵਹੁ ਤੇ ਪਿੰਗੁਲੁ ਭਇਆ'†, ਸਾਥੀਆਂ ਨੂੰ ਅਗੇ ਜਾਣ

* ਗਉੜੀ ਗੁਆ: ਮ: ੩, ਪੰਨਾ ੧੫੯/੧੪ †ਸਲੋਕ ਕਬੀਰ ਜੀ, ਪੰਨਾ ੧੩੭੪/੧੭

ਲਈ ਛੁੱਟੀ ਦਿੱਤੀ। ਆਪ ਹਰਿਮੰਦਰ ਸਾਹਿਬ ਹੀ ਟਿਕ ਗਏ। ਕੁਝ ਇਤਿਹਾਸਕਾਰਾਂ ਦਾ ਕਥਨ ਹੈ ਕਿ ਗੁਰੂ ਜੀ ਨੇ ਭਾਈ ਬਹਿਲੋ ਨੂੰ ਹੁਕਮਨਾਮਾ ਭੇਜ ਕੇ ਬੁਲਾਇਆ ਸੀ। ਪ੍ਰੰਤੂ ਪ੍ਰਚਲਤ ਵਿਚਾਰ ਜੋ ਪਹਿਲਾਂ ਦਿੱਤਾ ਗਿਆ ਹੈ, ਉਹੀ ਠੀਕ ਮੰਨਿਆ ਜਾਂਦਾ ਹੈ।

ਬਹਿਲੋ ਜੀ ਸਰੋਵਰ ਦੀ ਸੇਵਾ ਵਿਚ ਲਗ ਗਏ। ਉਹ ਗਭਰੂ ਸਨ, ਇਸ ਲਈ ਸਭ ਤੋਂ ਵੱਡੀ ਟੋਕਰੀ ਚੁੱਕਦੇ ਸਨ, ਜੋ ਦੋ ਤਿੰਨ ਸੇਵਾਦਾਰ ਚੁਕਾਉਂਦੇ ਸਨ—ਭਰਨ ਵਾਲੇ ਵੀ ਖ਼ੂਬ ਭਰ ਦਿੰਦੇ, ਚੁੱਕ ਕੇ ਹਸਦੇ ਹਸਦੇ ਜਾਂਦੇ, ਨਾਲ ਹੀ ਗੁਰੂ ਵਲ ਮੁਖ ਰੱਖਦੇ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ—

ਬਹਿਲੋ ਧਰਹਿ ਟੋਕਰਾ ਆਗੈ। ਖਨਹਿੰ ਸਿੱਖ ਇਕ ਭਰਬੇ ਲਾਗੈ।
ਬਹੁਤ ਮ੍ਰਿੱਤਕਾ ਪਾਵਹਿ ਤਾਂਹਿ। ਇਹੁ ਤਿਨ ਕੋ ਕਿਮ ਬਰਜਿਤ ਨਾਹੀ।......
ਸਤਿਗੁਰ ਮੁਖ ਕੋ ਦੇਖਤਿ ਰਹੈ। ਚੁਕਹੁ ਸੀਸ ਪਰ ਜਬਿ ਨਰ ਬਹੈ।
ਹਸਨ ਹੇਤੁ ਨਰ ਭਰੈਂ ਬਿਸਾਲ। ਕੇਤਕ ਮਣ ਮ੍ਰਿਤਕਾ ਕੇ ਨਾਲ।

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸ ੨, ਅੰਸੂ ੪੭)

ਜਿਤਨਾ ਚਿਰ ਗੁਰੂ ਜੀ ਸਰੋਵਰ ਦੀ ਸੇਵਾ ਵਿਚ ਦੇਖ ਭਾਲ ਵਿਚ ਰਹਿੰਦੇ ਉਤਨਾ ਚਿਰ ਭਾਈ ਬਹਿਲੋ ਦੀਆਂ ਅੱਖਾਂ ਗੁਰੂ ਜੀ ਵਲ ਇਸ ਤਰ੍ਹਾਂ ਦਰਸ਼ਨਾਂ ਵਿਚ ਟਿਕੀਆਂ ਰਹਿੰਦੀਆਂ ਜਿਸ ਪ੍ਰਕਾਰ ਚੰਦ ਵਿਚ ਚਕੋਰ ਦੀਆਂ। ਇਸ ਨੂੰ ਭਾਈ ਸੰਤੋਖ ਸਿੰਘ ਜੀ ਨੇ ਬਹੁਤ ਸੁੰਦਰ ਢੰਗ ਨਾਲ ਬਿਆਨ ਕੀਤਾ ਹੈ।

ਗੁਰੂ ਜੀ ਜਿਸ ਵਕਤ ਹੋਰ ਉਪਕਾਰ ਵਿਚ ਰੁੜ ਜਾਂਦੇ ਤਾਂ ਭਾਈ ਬਹਿਲੋ ਆਵਿਆਂ ਦੀ ਸੇਵਾ ਵਿਚ ਆ ਜਾਂਦੇ। ਇਕ ਦਿਨ ਇੱਟਾਂ ਜੋੜਦਿਆਂ ਉਨ੍ਹਾਂ ਨੇ ਇਕ ਘੁਮਿਹਾਰ ਕੋਲੋਂ ਸੁਣਿਆ ਕਿ ਜੇਕਰ ਆਵੇ ਵਿਚ ਮੈਲਾ ਪਾਇਆ ਜਾਵੇ ਤਾਂ ਇੱਟਾਂ ਪੱਕੀਆਂ ਨਿਕਲਦੀਆਂ ਹਨ। ਇਹ ਸੁਣ ਕੇ ਭਾਈ ਬਹਿਲੋ ਭੂਰੇ ਦਾ ਝੁੰਬ ਮਾਰ ਕੇ ਹੱਥ ਵਿਚ ਫਹੁੜੀ ਤੇ ਛੱਜ ਲੈ ਕੇ ਮੈਲਾ ਇਕੱਠਾ ਕਰਕੇ ਆਵੇ ਵਿਚ ਪਾਉਣ ਲਗ ਪਏ। ਇਸ ਨੂੰ ਭਾਈ ਸੰਤੋਖ ਸਿੰਘ ਜੀ ਨੇ ਹੇਠ ਲਿਖੇ ਅਨੁਸਾਰ ਅੰਕਿਤ ਕੀਤਾ ਹੈ:—

ਤੌ ਆਛੀ ਪਾਕਹਿਂ ਹੁਇ ਲਾਲ। ਘਸੈਂ ਨ [illegible]ਹਿੰ ਸੋ ਤਤਕਾਲ॥੩੧॥
[illegible] ਪੇਰੇ ਸੁਪਚ ਬਤੇਰੇ [illegible]ਰੇ ਸੂਪ ਲਦ ਰਾਸਭ ਪ੍ਰੇਰੇ॥ [ਰਾਸ ੨, ਅੰਸੂ ੪੭

ਇਹ ਸੇਵਾ ਭਾਈ ਬਹਿਲੋ ਜੀ [illegible]ਲੀ ਸਿਦਕ ਨਾਲ ਕਰਦੇ ਸਨ। ਉਹਨਾਂ ਨੂੰ ਗੁਰੂ ਰੀਝਾਣ ਦੀ ਰੀਝ ਸੀ ਅਤੇ ਲੋਕ-ਲਾਜ ਦੀ ਪ੍ਰਵਾਹ ਨਹੀਂ ਸੀ। ਇਸ ਸੇਵਾ ਨਾਲ ਕਪੜੇ ਮੈਲੇ ਹੋਣ ਤੇ ਗੁਰੂ ਜੀ ਦੀ ਹਜ਼ੂਰੀ ਵਿਚ ਆਉਣ ਲਈ ਮਨ ਵਿਚ ਸੰਕੋਚ ਸੀ। ਦਰਸ਼ਨ ਬਿਨਾ ਚੈਨ ਵੀ ਨਹੀਂ ਸੀ ਆਉਂਦੀ। ਮਨ ਵਿਚ ਸੰਕਲਪ ਸੀ ਕਿ ਗੁਰੂ ਜੀ ਆਵੇ ਵੇਖਣ ਆਉਣ ਤਾਂ ਦੂਰੋਂ ਦਰਸ਼ਨ ਕਰ ਲਵਾਂ। ਰੋਮ ਰੋਮ ਵਿਚੋਂ ਇਹੀ ਅਰਦਾਸ ਦੇ ਸ਼ਬਦ ਨਿਕਲਦੇ। ਗੁਰੂ ਜੀ ਜਾਣੀ ਜਾਣ ਸਨ, ਆਵੇ ਵੇਖਣ ਆ ਗਏ। ਭਾਈ ਬਹਿਲੋ ਜੀ ਕਪੜੇ ਗੰਦੇ ਹੋਣ ਕਰਕੇ ਦੂਰੋਂ ਹੀ ਦਰਸ਼ਨ ਕਰਦੇ ਅਤੇ ਮਨ ਵਿਚ ਬੜੇ ਖੁਸ਼ ਹੋ ਰਹੇ ਸਨ।

ਗੁਰੂ ਜੀ ਨੇ ਅਵਾਜ਼ ਦਿਤੀ, ਆਵਿਆਂ ਦਾ ਕੀ ਹਾਲ ਹੈ? ਟਹਿਲੀਏ ਸਮੇਤ ਗੁਰੂ ਜੀ ਨੂੰ ਆਪਣੇ ਵਲ ਆਉਂਦਿਆਂ ਦੇਖ ਕੇ ਰਸਤਾ ਛੱਡ ਕੇ ਇਕ ਪਾਸੇ ਹੋ ਗਏ। ਗੁਰੂ ਜੀ ਉਸ ਪਾਸੇ ਵਲ ਹੋ ਤੁਰੇ। ਭਾਈ ਜੀ ਨੇ ਪੈਰਾਂ ਉਤੇ ਸਿਰ ਰਖ ਦਿੱਤਾ। ਗੁਰੂ ਜੀ ਨੇ ਮੋਢਿਆਂ ਤੋਂ ਫੜ ਕੇ ਉਠਾਇਆ ਅਤੇ ਛਾਤੀ ਨਾਲ ਲਾਇਆ 'ਉਲਟਾ ਖੇਲੁ ਪਿਰੰਮ ਦਾ'* ਵਰਤਿਆ। ਇਸ ਮਿਲਾਪ ਦਾ ਸੁਖ ਸੰਸਾਰ ਦੇ ਸਾਰੇ ਸੁਖਾਂ ਨਾਲੋਂ ਅਨੰਦਮਈ ਸੀ। ਗੁਰੂ ਦੀ ਪਾਰਸ-ਛੂਹ ਨੇ ਲੋਹੇ ਨੂੰ ਕੰਚਨ ਬਣਾ ਦਿੱਤਾ। ਗੁਰੂ ਜੀ ਨੇ ਵਰ ਦਿੱਤਾ— "ਭਾਈ ਬਹਿਲੋ ਤੂ ਸਭ ਤੋਂ ਪਹਿਲੋ"

ਭਾਈ ਬਹਿਲੋ ਤੇਰੀ ਘਾਲਿ ਥਾਏ ਪਈ ਹੈ। ਭਾਈ ਬਹਿਲੋ ਤੂੰ ਬੜੀ ਗਾਖੜੀ ਕਾਰ ਕਮਾਈ ਹੈ।
ਭਾਈ ਬਹਿਲੋ ਤੂ ਮੇਰੇ ਮਨ ਨੂੰ ਮੋਹ ਲਿਆ ਹੈ। ਭਾਈ ਬਹਿਲੋ ਤੂ ਮੇਰਾ ਹੋਇਆ ਮੈਂ ਤੇਰਾ ਹਾਂ।

*ਭਾਈ ਗੁਰਦਾਸ ਜੀ, ਵਾਰਾਂ ੧/੨੩

ਗੁਰੂ ਜੀ ਭਾਈ ਬਹਿਲੋ ਨੂੰ ਨਾਲ ਲੈ ਆਏ ਅਤੇ ਇਸ਼ਨਾਨ ਕਰਵਾਇਆ। ਉਨ੍ਹਾਂ ਨੂੰ ਸਾਫ਼ ਕਪੜੇ ਪਹਿਨਾਏ ਅਤੇ ਘਰ ਵਿਚ ਗੁਪਤ ਸ੍ਰਿਸ਼ਟੀ ਦੇ ਅਧੀਨ ਰਹਿਣ ਦਾ ਵਰ ਦਿਤਾ, ਨਿਵਾਜਿਆ ਤੇ ਦਾਤਾਂ ਸਿਰ ਦਾਤ ਦੀ ਖੁਸ਼ੀ ਪ੍ਰਦਾਨ ਕੀਤੀ।

ਗੁਰੂ ਜੀ ਨੇ ਹੁਕਮ ਕੀਤਾ ਕਿ ਫਫੜੇ ਜਾ ਕੇ ਨਿਵਾਸ ਕਰੋ ਅਤੇ ਮਾਲਵੇ ਦੀ ਸੰਗਤ ਨੂੰ ਨਿਹਾਲ ਕਰੋ। ਗੁਰੂ ਨਾਨਕ ਜੀ ਦੇ ਭੰਡਾਰੇ ਵਿਚੋਂ ਜੀਵਨ-ਬੂਟੀ ਪ੍ਰਦਾਨ ਕੀਤੀ ਅਤੇ ਕਿਹਾ ਕਿ ਰੋਗੀਆਂ ਦਾ ਰੋਗ ਦੂਰ ਕਰੋ। ਭਾਵ—

'ਆਪਿ ਜਪੈ ਅਵਰਹ ਨਾਮੁ ਜਪਾਵੈ' (੧੨੦੬|੯)

ਭਾਈ ਬਹਿਲੋ ਜੀ ਫਫੜੇ ਪਿੰਡ ਆ ਗਏ। ਪਿੰਡ ਦਾ ਨਾਮ 'ਫਫੜੇ ਭਾਈ ਕੇ' ਮਸ਼ਹੂਰ ਹੋਇਆ। ਪੁੱਤਰ 'ਨਾਨੂੰ' ਬੜਾ ਖੁਸ਼ ਹੋਇਆ। ਉਸ ਦੇ ਅਗੇ ਤਿੰਨ ਪੁਤਰ ਸਨ। ਭਾਈ ਜੀ ਨੇ ਆਪਣਾ ਮੰਜਾ ਚੁਬਾਰੇ ਵਿਚ ਲਾ ਲਿਆ। ਹੋਲੀ ਹੋਲੀ ਕੀਰਤੀ ਸਾਰੇ ਮਾਲਵੇ ਵਿੱਚ ਪਸਰ ਗਈ। ਭਾਈ ਸਾਹਿਬ ਵੈਸਾਖੀ ਤੇ ਹੁਣ ਸੰਗਤਾਂ ਨੂੰ ਨਾਲ ਲੈ ਕੇ ਅੰਮ੍ਰਿਤਸਰ ਗੁਰੂ ਦਰਸ਼ਨਾਂ ਲਈ ਲੈ ਜਾਂਦੇ।

ਇਕ ਵੇਰ ਸੰਗਤ ਇਕੱਠੀ ਹੋ ਕੇ ਆਈ, ਭਾਈ ਜੀ ਉਨ੍ਹਾਂ ਦੇ ਚਰਨ ਧੋਣ ਲਈ ਅਗੇ ਵਧੇ। ਇਕ ਸੇਵਕ ਨੂੰ 'ਨਾਨੂੰ' ਕੋਲੋਂ ਪਰਾਤ ਲਿਆਉਣ ਲਈ ਕਿਹਾ। ਨਾਨੂੰ ਦੀ ਘਰ ਵਾਲੀ ਤਿੰਨਾਂ ਪੁੱਤਰਾਂ ਨੂੰ ਪਰਾਤ ਵਿਚ ਨੁਹਾ ਰਹੀ ਸੀ। ਇਸ ਲਈ ਉਸ ਨੇ ਪਰਾਤ ਦੇਣ ਤੋਂ ਨਾਂਹ ਕਰ ਦਿਤੀ ਤੇ ਕਿਹਾ ਕਿ ਪਰਾਤ ਖ਼ਾਲੀ ਨਹੀਂ ਹੈ। ਭਾਈ ਬਹਿਲੋ ਜੀ ਨੇ ਸਰਾਪ ਦੇ ਦਿਤਾ ਕਿ ਹੁਣ ਇਹ ਪਰਾਤ ਖ਼ਾਲੀ ਹੀ ਰਹੇਗੀ। ਸਮਾਂ ਪਾ ਕੇ ਤਿੰਨੇ ਪੁੱਤਰ ਮਰ ਗਏ। ਨਾਨੂੰ ਨੇ ਬੜਾ ਪਛਤਾਵਾ ਕੀਤਾ, ਸਾਰੇ ਕੰਮ ਤਿਆਗ ਦਿੱਤੇ, ਪਿਤਾ (ਭਾਏ ਬਹਿਲੋ) ਜੀ ਦੀ ਸੇਵਾ ਵਿਚ ਆਪ ਆ ਗਏ। ਉਨ੍ਹਾਂ ਨੇ ਬੜੀ ਸੇਵਾ ਕੀਤੀ। ਇਕ ਦਿਨ ਭਾਈ ਬਹਿਲੋ ਨੇ ਖੁਸ਼ ਹੋ ਕੇ ਕੁਝ ਮੰਗਣ ਲਈ ਕਿਹਾ। ਪੁਤਰ ਦੀ ਦਾਤ ਮੰਗੀ ਕਿ ਵੰਸ ਵਧੇ। ਭਾਈ ਬਹਿਲੋ ਨੇ ਤਿੰਨ ਵਾਰ ਕਿਹਾ ਕੁਝ ਹੋਰ ਮੰਗ ਲਉ, ਪਰ ਨਾਨੂੰ ਨੇ ਵੰਸ ਵਧਾਉਣ ਲਈ ਹੀ ਬੇਨਤੀ ਕੀਤੀ। ਵਰ ਮਿਲਿਆ ਤੇ ਕਿਹਾ, ਪੁੱਤਰ ਦਾ ਨਾਂ 'ਭਗਤਾ' ਰੱਖਣਾ। ਭਾਈ ਬਹਿਲੋ ਨੇ ਪ੍ਰਤਾਪ-ਸ਼ੀਲ ਪੁਤਰ ਤੇ ਬਲੀ ਪੋਤਰਿਆਂ ਦਾ ਵਰ ਦਿਤਾ। ਇਸ ਪੁੱਤਰ ਦੀ ਦਾਤ ਨਾਲ ਨਾਨੂੰ ਦੇ ਸਭ ਦੁੱਖ ਭੁਲ ਗਏ।

ਭਾਈ ਭਗਤਾ ਜੀ ਨੇ ਭਗਤਾ ਪਿੰਡ ਵਸਾਇਆ। ਇਹ ਰਾਜ ਫ਼ਰੀਦਕੋਟ ਦੇ ਥਾਣਾ ਕੋਟ ਕਪੂਰੇ ਜੈਤੋ ਤੋਂ ੧੬ ਮੀਲ ਪੂਰਬ ਰਾਮਪੁਰ ਫੂਲ ਤੋਂ ੨੨ ਮੀਲ ਉਤਰ ਪੱਛਮ ਵਲ ਹੈ।

ਭਾਈ ਭਗਤਾ ਜੀ ਬੜੀ ਕਰਣੀ ਵਾਲੇ ਸਿਖ ਹੋਏ ਹਨ, ਕਲਗੀਧਰ ਪਿਤਾ ਦੀ ਬੜੀ ਸੇਵਾ ਕੀਤੀ। ਇਕ ਵੇਰ ਲਾਹੌਰ ਨਿਵਾਸੀ ਦੀਵਾਨ ਰਾਮੂ ਦੀ ਇਕੱਲੀ ਬੇਟੀ ਬੜੀ ਬਿਮਾਰ ਸੀ। ਉਸ ਨੇ ਬੇਨਤੀ ਕੀਤੀ ਕਿ ਕੋਈ ਗੁਰੂ ਵਰੋਸਾਇਆ ਸਿੱਖ ਉਸ ਦੀ ਬੇਟੀ ਨੂੰ ਰਾਜ਼ੀ ਕਰੇ ਤਾਂ ਸਾਰੇ ਸਿੱਖਾਂ ਨੇ ਭਾਈ ਭਗਤਾ ਵਲ ਤੱਕਿਆ। ਗੁਰੂ ਬਖਸ਼ਿਸ਼ ਹੋਈ, ਦੀਵਾਨ ਰਾਮੂ ਨੇ ਖੁਸ਼ ਹੋ ਕੇ ਕੋਈ ਸੇਵਾ ਆਖੀ। ਦੀਵਾਨ ਰਾਮੂ ਦੇ ਭੱਠੇ ਸਨ। ਭਗਤਾ ਜੀ ਨੇ ਇਕ ਭੱਠੇ ਦੀਆਂ ਇੱਟਾਂ ਮੰਗ ਲਈਆਂ। ਦੀਵਾਨ ਨੇ ਕਿਹਾ ਕਿ ਇੱਟਾਂ ਤਾਂ ਲੈ ਲਉ, ਪਰ ਇਹ ਪਿੰਡ ਭਗਤੇ ਪਹੁੰਚਣਗੀਆਂ ਕਿਸ ਤਰ੍ਹਾਂ? ਇਸ ਬਾਰੇ ਭਗਤ ਜੀ ਚੁੱਪ ਰਹੇ। ਭਗਤਾ ਜੀ ਨੇ ਗੁਪਤ ਜੀਵਾਂ ਦੇ ਰਾਹੀਂ ਸਾਰੀਆਂ ਇੱਟਾਂ ਇਕੋ ਰਾਤ ਵਿਚ ਪਿੰਡ ਪਹੁੰਚਾ ਦਿੱਤੀਆਂ, ਜਿਨ੍ਹਾਂ ਦਾ ਅੱਜ ਖੂਹ ਬਣਿਆ ਹੋਇਆ ਹੈ।

ਭਾਈ ਭਗਤਾ ਜੀ ਦੇ ਦੋ ਵਿਆਹ ਹੋਏ। ਪਹਿਲੇ ਵਿਆਹ ਵਿਚੋਂ ਗੁਰਦਾਸ ਨਾਮੀ ਪੁਤਰ ਜਨਮਿਆ, ਦੂਸਰੇ ਵਿਚੋਂ ਤਾਰਾ, ਭਾਰਾ, ਮੋਹਰਾ ਤੇ ਬਖਤਾ ਚਾਰ ਪੁੱਤਰ ਹੋਏ। ਇਹ ਸਭ ਭਗਤਾ ਜੀ ਦੇ ਪੁਤਰ, ਨਾਨੂੰ ਦੇ ਪੋਤਰੇ ਅਤੇ ਭਾਈ ਬਹਿਲੋ ਦੇ ਪੜਪੋਤਰੇ ਉਹੀ ਸਨ ਜੋ ਪਹਿਲਾਂ ਰਾਮ ਰਾਇ ਜੀ ਦੇ ਪਾਸ ਹੁੰਦੇ ਸਨ ਅਤੇ ਪਿਛੋਂ ਦਸਮੇਸ਼ ਜੀ ਦੀ ਸੇਵਾ ਵਿਚ ਆ ਗਏ। ਭਾਈ ਤਾਰਾ ਧਨੁਸ਼ ਵਿਦਿਆ ਦੇ ਬੜੇ ਮਾਹਰ ਸਨ।

ਭਗਤੇ ਪਿੰਡ ਵਿਚ ਛੇਵੇਂ ਗੁਰੂ ਜੀ ਨੇ ਚਰਨ ਪਾਏ ਅਤੇ ਦਸਮੇਸ਼ ਜੀ ਨੇ ਤਿੰਨ ਦਿਨ ਨਿਵਾਸ ਕੀਤਾ। ਉਦੋਂ ਹੀ ਗੁਰੂ ਜੀ ਨੇ ਗੁਪਤ ਜੀਵਾਂ ਨੂੰ ਅਜ਼ਾਦ ਕੀਤਾ ਸੀ। ਭਗਤਾ ਪਿੰਡ ਵਿਖੇ ਗੁਰਦੁਆਰਾ ਹੈ। ਫਰੀਦਕੋਟ ਰਿਆਸਤ ਵਲੋਂ ੯੮ ਘੁਮਾਂ ਜ਼ਮੀਨ ਲਗੀ ਹੋਈ ਹੈ। ਮਾਘੀ ਨੂੰ ਮੇਲਾ ਲਗਦਾ ਹੈ। ਭਾਈ ਬਹਿਲੋ ਦਾ ਵੰਸ਼ ਇਨ੍ਹਾਂ ਦੋਵਾਂ *



www.AKJ.Org

# ਖਾਲਸ ਹਲੇਮੀ ਰਾਜ ਕਦੋਂ ਕਿਵੇਂ ਹੋਵੇਗਾ ?

[ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਨਰ ਪ੍ਰਾਣੀਆਂ ਦੇ ਜੁਗਾਂ-ਜੁਗਾਂਤਰੀ ਕੀਤੇ ਕਰਮਾਂ ਦਾ ਨਿਬੇੜਾ ਹੁਣ ਇਸ ਕਲਜੁਗ ਅੰਦਰਿ ਹੋਣਾ ਹੈ। ਹੋਣ ਵਾਲਾ ਹੀ ਹੈ। ਨਾਮ-ਨਿਧਾਨੀ ਗੁਰਮੁਖ ਪਰਧਾਨ ਕਰਮ ਵਾਲਿਆਂ ਦੀ ਹੀ ਹਰੇਕ ਕਰਮ-ਛੇਤਰ ਅੰਦਰ ਜੈ ਬਿਜੈ ਹੋਣੀ ਹੈ, ਹਰ ਮੈਦਾਨ ਫ਼ਤਹ ਹੋਣੀ ਹੈ। ਜਿਸ ਜਿਸ ਨੂੰ ਭੀ ਇਹ ਨਾਮ-ਨਿਧਾਨੁ ਮਿਲ ਗਿਆ, ਉਸੇ ਦੀ ਹੀ ਹਰੇਕ ਕਰਮ-ਛੇਤਰ ਵਿਚਿ ਕਾਮਯਾਬੀ ਹੋਵੇਗੀ। ਆਚਾਰ ਬਿਉਹਾਰੀ ਅਰਥ ਪ੍ਰਮਾਰਥੀ ਸਮਾਜਸੀ ਰਾਜਸੀ ਮੈਦਾਨ ਵਿਚਿ ਓੜਕ ਜੈ-ਬਿਜਈ ਸੇਹਰਾ ਨਾਮ-ਨਿਸ਼ਾਨੀਆਂ ਨੂੰ ਹੀ ਮਿਲਣਾ ਹੈ। ਖਾਲਸਾ ਕੌਮ ਨਾਮ-ਨਿਧਾਨੀ ਕਰਮ-ਪਰਧਾਨੀ ਗੁਰਮੁਖਾਂ ਦੀ ਹੀ ਹੈ। ਤੇਜ ਪ੍ਰਤਾਪ ਸਾਰਾ ਨਾਮ ਨਿਧਾਨ ਦੀ ਬਰਕਤ-ਕਮਾਈਆਂ ਵਿਚਿ ਹੀ ਹੈ। ਨਾਮ ਦੀ ਬਰਕਤ ਕਮਾਈ ਵਾਲੇ ਖਾਲਸਾ ਜਨ ਓਹ ਹਨ ਜਿਨ੍ਹਾਂ ਨੇ ਜਾਗਤ ਜੋਤਿ ਨੂੰ ਨਿਸ ਬਾਸਰ ਜਪ ਕੇ ਪੂਰਨ ਜੋਤਿ ਨੂੰ ਆਪਣੇ ਘਟਾਂ ਵਿਚਿ ਜਗਾ ਲਿਆ ਹੈ। ਤਾਂ ਤੇ ਚਹੁੰਆਂ ਜੁਗਾਂ ਦਾ ਨਿਬੇੜਾ ਹੋਣਾ ਹੁਣ ਅਤਿ ਨੇੜੇ ਹੈ, ਕਸਰ ਹੈ ਤਾਂ ਘਟ-ਜੋਤਿ-ਜਗੰਤਰੇ ਗੁਰਮੁਖ ਜਨਾਂ ਨੂੰ ਪੰਥ ਅੰਦਰਿ ਪਰਗਟ ਰੂਪ ਵਿਚਿ ਪਰਧਾਨਤਾ ਮਿਲਣ ਦੀ ਹੈ।

ਮਲੇਛ ਰਾਜ ਦੇ ਸਦੀਆਂ ਬੱਧੇ ਉਲਟ ਪ੍ਰਭਾਵ ਪੈਣ ਕਰਕੇ ਅਤੇ ਮਲੇਛੀ ਹਕੂਮਤ ਦੀ ਗ਼ੁਲਾਮੀ ਕਰਨ ਕਰਕੇ, ਇਸ ਮਲੇਛੀ ਹਕੂਮਤ ਦੀ ਗ਼ੁਲਾਮੀ ਕਰਨਹਾਰੇ ਸਿਖ ਸ਼ਕਲ ਦੇ ਗ਼ੁਲਾਮਾਂ ਅੰਦਰਿ ਮਲੇਛਤਾ ਛਾ ਗਈ ਹੈ, ਮਲੇਛਤਾ ਘਰ ਕਰ ਗਈ ਹੋਈ ਹੈ, ਜਿਨ ਕਰਕੇ ਖਾਲਸਈ ਤੱਤ ਓਹਨਾਂ ਵਿਚਿ ਨਹੀਂ ਰਹਿਆ। ਮਲੇਛਤਾ ਦਾ ਮਿਲਗੋਭਾਪਨ ਵਰਤ ਗਿਆ। ਇਹ ਮਲੇਛੀ ਮਿਲਗੋਭਾਪਨ-ਅੰਸੀਏ ਦੇਖਣ ਪਾਖਣ ਨੂੰ ਸਿਖ ਦਿਸਣ ਵਾਲੇ ਸਾਣੂ ਮਲੇਛ ਸਿਖ ਬਣ ਗਏ ਹਨ, ਜਿਨ੍ਹਾਂ ਦੇ ਕਰਮ ਧਰਮ ਚੱਜ ਆਚਾਰ ਸਭ ਮਲੇਛਾਂ ਵਾਲੇ ਹੀ ਹਨ। ਸਿਰਫ਼ ਬੁਰਕਾ ਹੀ ਬੁਰਕਾ ਸਿੱਖੀ ਦਾ ਹੈ। ਨਾਮ ਨਿਧਾਨ ਤਿਨ੍ਹਾਂ ਦੇ ਨੇੜੇ ਨਹੀਂ। ਨਾਮ-ਨਿਧਾਨੀ ਪਰਧਾਨ-ਕਮਾਈਆਂ ਤਾਂ ਓਹਨਾਂ ਤੋਂ ਕੀ ਹੋਣੀਆਂ ਸਨ। ਅਹੰਮਤ ਮਤਸਰੀ ਬਣੇ ਹੋਏ ਆਪਣੀ ਕੌਮ ਦੇ ਅੰਗਾਂ ਨੂੰ ਹੀ ਵੱਢ ਵੱਢ ਖਾ ਰਹੇ ਹਨ। ਇਕ ਦੂਜੇ ਦੇ ਵੈਰੀ ਹੋ ਗਏ ਹਨ। ਖਾਲਸਈ ਗ਼ੈਰਤ ਅਣਖ ਤਿਨ੍ਹਾਂ ਦੇ ਅੰਦਰਿ ਰਾਈ ਮਾਤਰ ਭੀ ਨਹੀਂ ਰਹੀ। ਨਿਪੁੰਸਕ ਆਨਮਤੀ ਹਕੂਮਤ ਦੀ ਚਾਕਰੀ ਗ਼ੁਲਾਮੀ ਕਰਨਾ ਬੜਾ ਭਾਰੀ ਫ਼ਖ਼ਰ ਸਮਝਦੇ ਹਨ। ਪੰਥ ਵਿਚਿ ਫੋਕੀ ਚੌਧਰਤਾ ਹੀ ਭਾਲਦੇ ਹਨ। ਪੰਥ ਅੰਦਰਿ ਇਹ ਜੋ ਫੋਕਟ ਚੌਧਰਤਾ ਦੇ ਧੜੇ ਬਣ ਰਹੇ ਹਨ, ਇਹ ਸਭ ਏਸ ਕਰਕੇ ਹਨ ਕਿ ਏਹਨਾਂ ਅੰਦਰਿ ਮਹਾਂ ਮਲੇਛਤਾ ਛਾਈ ਹੋਈ ਹੈ, ਜੋ ਮਿਟਾਈ ਮਿਟਦੀ ਨਹੀਂ। ਖ਼ੁਦ ਮਿਟ ਜਾਣਗੇ ਤਾਂ ਮਿਟੈਗੀ, ਪੰਥ ਵਿਚੋਂ ਇਹ ਮਲੇਛ ਅੰਸ ਖੈ ਹੋ ਜਾਵੇਗੀ। ਅਤੇ ਨਿਰੋਲ ਖਾਲਸਈ ਰੂਹਾਂ, ਤੱਤ ਨਾਮ ਨਿਧਾਨੀ ਰੂਹਾਂ ਨਿਖਰ ਅਤੇ ਨਿੱਤਰ ਆਉਣਗੀਆਂ। ਅਜਿਹੀਆਂ ਰੂਹਾਂ ਦੇ ਪੁੰਜਾਂ ਦੇ ਪੁੰਜ ਪੈਦਾ ਹੋ ਜਾਣਗੇ, ਜੋ ਦਬਾ ਦਬ ਗੁਰੂ ਨੇਤ ਅਨੁਸਾਰ ਪੈਦਾ ਹੋ ਰਹੇ ਹਨ, ਅਤੇ ਪੈਦਾ ਹੁੰਦੇ ਚਲੇ ਜਾ ਰਹੇ ਹਨ। ਫੇਰ ਖਾਲਸੇ ਦਾ ਹਲੇਮੀ ਰਾਜ ਸੰਸਾਰ ਅੰਦਰਿ ਵਰਤੇਗਾ।

ਓੜਕ ਨਾਮ-ਨਿਧਾਨੀਆਂ ਦੀ ਹੀ ਹਰ ਮੈਦਾਨ ਫ਼ਤਹ ਹੋਣੀ ਹੈ। ਨਾਮ ਨਿਧਾਨ ਕਮਾਈ ਵਾਲੇ ਪੰਜਾਂ ਦੇ ਹਥਿ ਜਦੋਂ ਪੰਥ ਦੀ ਡੋਰ ਆਵੇਗੀ ਤਦੋਂ ਇਹ ਮਲੇਛੀ ਅੰਸ ਖਾਲਸਾ ਕੌਮ ਵਿਚੋਂ ਆਪੇ ਖੈ ਹੋ ਜਾਵੇਗੀ।† "ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ"* ਗੁਰਵਾਕ ਦੇ ਭਾਵ ਅਨੁਸਾਰ ਖਾਲਸਾ ਕੌਮ ਸੱਚੇ

†ਪੁਰਾਣੀਆਂ ਸਾਖੀਆਂ ਵਿਚ ਇਹ ਬਚਨ ਆਉਂਦੇ ਹਨ—ਮਲੇਛ ਖਾਲਸਾ ਹੋਸੀ ਨਾਸ ॥ ਸੰਤ ਖਾਲਸਾ ਹੋਸੀ ਪ੍ਰਕਾਸ਼ ॥
*ਧਨਾਸਰੀ ਮ: ੫, ਪੰਨਾ ੬੮੦

---

* ਥਾਵਾਂ ਪੁਰ ਹੈ, ਫਫੜੇ ਭਾਈ ਕੇ ਗੁਰੂ ਕਲਗੀਧਰ ਪਾਤਸ਼ਾਹ ਦੀਆਂ ਹੇਠ ਲਿਖੀਆਂ ਵਸਤਾਂ ਦਰਸ਼ਨ ਯੋਗ ਹਨ:

ਇਕ ਪਜਾਮਾ ਕਕੜੇਲ (ਕੱਕੜ ਮ੍ਰਿਗ ਦੇ ਚੰਮ ਦਾ), ਦੋ ਅੰਗਰਖੇ ਚੋਲੇ, ਇਕ ਮਲਮਲ ਦਾ ਰੁਮਾਲ, ਇਕ ਸੋਨੇ ਦੀ ਮੁਹਰ, ਅਤੇ ਇਕ ਕਟਾਰ। ਇਹ ਪੰਜੇ ਵਸਤਾਂ ਭਾਈ ਦਸੌਂਧਾ ਜੀ ਦੇ ਖ਼ਾਨਦਾਨ ਪਾਸ ਹਨ।


www.AKJ.Org

ਸੂਰਮਿਆਂ ਸੂਰਬੀਰਾਂ ਦੀ ਕੌਮ ਹੈ। ਸੱਚੀ ਸੂਰਮਤਾ ਸੂਰਬੀਰਤਾ ਆਤਮ ਰੰਗ ਵਾਲੇ ਨਾਮ-ਨਿਧਾਨੀ ਗੁਰਮੁਖਾਂ ਅੰਦਰਿ ਹੀ ਆ ਸਕਦੀ ਹੈ। ਇਸ ਜੁਗ, ਕਲਜੁਗ ਅੰਦਰ ਨਾਮ ਨਿਧਾਨ ਹੀ ਪਰਧਾਨ ਕਰਮ ਹੈ। ਅਤੇ ਪਰਧਾਨ-ਕਰਮੀ ਗੁਰਮੁਖ ਜਨ ਖਾਲਸਾ ਕੋਮ ਅੰਦਰਿ ਹੀ ਵਿਦਮਾਨ ਹਨ। ਅਤੇ ਦੂਜੀ ਕੋਈ ਸੂਰਤ ਹੀ ਨਹੀਂ ਜਿਸ ਕਰਕੇ ਕਿ ਸਾਰੇ ਸੰਸਾਰ ਦੇ ਮਜ਼ਲੂਮਾਂ ਉਤੇ ਜ਼ੁਲਮ ਹੋਣੇ ਹਟ ਜਾਣ। ਚਹੁੰਆਂ ਜੁਗਾਂ ਦਾ ਨਿਬੇੜਾ ਇਸ ਬਿਧਿ ਹੀ ਹੋਵੇਗਾ, ਜਦ ਨਾਮ-ਰਸੀਏ ਸਿੰਘ ਖੁੰਬਾਂ ਵਾਂਗੂ ਖਾਲਸਾ ਕੌਮ ਅੰਦਰਿ ਉਗਵ ਖਲੋਣਗੇ, ਅਤੇ ਉਗਵਣਗੇ ਨਾਮ-ਨਿਧਾਨੀ ਸੂਰਮੱਤ ਪਰਧਾਨ ਸਪਿਰਟ ਦੇ ਤਾਣ। ਖਾਲਸਈ ਸਪਿਰਟ ਵਿਥਾਰੂ ਸਤਿਗੁਰੂ ਸੂਰਮਾ ਸਦਾ ਖਾਲਸਾ ਜੀ ਦੇ ਸੀਸ ਉਤੇ ਸੁਭਾਇਮਾਨ ਹੈ, ਸਪਿਰਟੋਂ ਘੁੱਥਿਆਂ ਨੂੰ ਦਿਸਦਾ ਨਹੀਂ।

ਸਿਰ ਊਪਰਿ ਠਾਢਾ ਗੁਰੁ ਸੂਰਾ ॥ ਨਾਨਕ ਤਾ ਕੇ ਕਾਰਜ ਪੂਰਾ ॥੭॥੨੨॥ (ਪੰਨਾ ੨੯੩)

ਸਪਿਰਟ-ਜੋਤੀਸ਼ਰਾਂ ਦੇ ਸਾਰੇ ਹੀ ਕਾਰਜ ਪੂਰੇ ਹੋ ਜਾਣੇ ਹਨ। ਸਭ ਤੋਂ ਵਡ ਮਨੋਰਥੀ ਕਾਰਜ ਖਾਲਸਾ ਜੀ ਦਾ ਇਹ ਹੈ, ਸਾਰੇ ਸੰਸਾਰ ਅੰਦਰਿ ਸੱਚੜਾ ਧਰਮ ਨਿਆਇੰ ਵਾਲਾ ਹਲੇਮੀ ਰਾਜ ਵਰਤ ਜਾਵੇ ਜਾਂ ਤੇ ਪਰਜਾ ਭੀ ਸੁਖੀ ਵਸੇ ਅਤੇ ਪਰਜਾ-ਪਤੀ ਭੀ ਸੁਖੀਏ ਸੁਹੇਲੇ ਦੋਹੀਂ ਲੋਕੀਂ ਹੋਣ। ਮਜ਼ਲੂਮਾਂ ਅਨਾਥਾਂ ਉਤੇ ਜ਼ੁਲਮ ਹੋਣਾ ਹਟ ਜਾਵੇ। ਇਹ ਹਲੇਮੀ ਰਾਜ ਦਾ ਖਾਲਸਈ ਆਦਰਸ਼ ਹੈ। ਅਜੇ ਮਲੇਛੀ ਬੁਰਕਾ-ਪੋਸ਼ ਸਿਖ ਅੱਜ ਦੀ ਧਰਮ ਨਿਆਇੰ ਤੋਂ ਹੀਣ ਹੀਜੜੀ ਸਰਕਾਰ ਦੀ ਗੁਲਾਮੀ ਚਾਕਰੀ ਵਿਚਿ ਆਏ ਹੋਏ ਹਨ। ਸੱਚੀ ਖਾਲਸਈ ਸਪਿਰਟ ਤੋਂ ਖ਼ਾਲੀ ਅਤੇ ਖ਼ਾਰਜ ਹੋ ਰਹੇ ਹਨ। ਇਹ ਪੰਥ ਅੰਦਰੋਂ ਭੀ ਛੇਤੀ ਖਾਰਜ ਹੋ ਜਾਣਗੇ। ਏਹਨਾਂ ਅੰਦਰਿ ਏਤਨਾ ਭੀ ਸਾਹਸ ਨਹੀਂ ਰਿਹਾ ਕਿ ਮਜ਼ਲੂਮਾਂ ਉਤੇ ਹੋਏ ਜ਼ੁਲਮ ਦਾ 'ਆਹ ਦਾ' ਨਾਅਰਾ ਹੀ ਮਾਰ ਛਡਣ। ਏਹਨਾਂ ਮਲੇਛੀ ਮਤ ਵਾਲੇ ਯਰਕਈ ਸਿੱਖਾਂ ਦੀ ਹਕੂਮਤ ਪੁਰਜ਼ਈ ਰੁਕਨਾਵਾਂ ਵਲੋਂ ਏਹਨਾਂ ਦੇ ਸਾਹਮਣੇ ਨਾਮ-ਨਿਧਾਨੀ ਸ਼ਬਦ-ਸੁਰਤਿ-ਨੇਸ਼ਾਨੀ ਨਿਹੰਗ ਸਿੰਘਾਂ ਉਤੇ ਦਿਨ ਦਿਹਾੜੇ ਮਾਰ-ਧਾੜੀ ਜ਼ੁਲਮ ਹੋਏ, ਪਰ ਏਹਨਾਂ ਹਕੂਮਤ ਦੇ ਪੁਰਜ਼ੇ, ਹਕੂਮਤ ਦੇ ਰੁਕਨ ਅਖਾਉਣ ਵਾਲੇ ਬੇਗੈਰਤ ਨਾਮ ਨਿਹਾਦ ਸਿੱਖਾਂ, ਗੈਰ ਹਕੂਮਤ ਦੀ ਚਾਕਰੀ ਵਾਲੇ ਗੁਲਾਮਾਂ ਦੇ ਬੇਦਰਦ ਹਿਰਦਿਆਂ ਅੰਦਰਿ ਭੋਰਾ ਦਰਦ ਨਾ ਆਇਆ। ਤਰਸ ਤੇ ਦਰਦ ਤਾਂ ਕੀ ਆਉਣਾ ਸੀ, ਸਗੋਂ ਓਹਨਾਂ ਨੇ ਨਿਸੰਗ ਹੋ ਕੇ ਬਿਚਾਰੇ ਸ਼ਹੀਦ ਹੋਏ ਪੰਥ ਦੇ ਸੇਵਕਾਂ ਨੂੰ ਅਣਿਆਈ ਕੋਸਣੀ ਕੋਸਿਆ। ਏਹਨਾਂ ਨੂੰ ਕਮਿਊਨਿਸਟ ਦਸਣ ਦੀ ਕੁਹਜੀ ਕਰਤੂਤ ਕੀਤੀ ਤੇ ਉਲਟੀ ਖ਼ੁਸ਼ੀ ਮਨਾਈ। ਪਰ ਇਹ ਸ਼ਹੀਦੀ ਏਹਨਾਂ ਨਾਪਾਕੀਆਂ ਦੇ ਰਾਜ ਉਲਟਾਉਣ ਲਈ ਹੋਈ ਹੈ। ਜਿਸ ਰਾਜ ਅੰਦਰ ਅਜਿਹੇ ਜ਼ੁਲਮ ਹੋਣ, ਉਹ ਰਾਜ ਚੰਦ ਦਿਨਾਂ ਦਾ ਪ੍ਰਾਹੁਣਾ ਹੀ ਹੋਇਆ ਕਰਦਾ ਹੈ। ਇਹ ਸ਼ਹੀਦ ਨਿਹੰਗਾਂ ਸਿੰਘਾਂ ਦੀਆਂ ਆਤਮਾਵਾਂ ਤਾਂ ਪਰਲੋਕੀ ਗੁਰ ਦਰਬਾਰ ਵਿਚਿ ਜਾ ਸੁਰਖਰੂ ਹੋਈਆਂ। ਸਾਨੂੰ ਮੁਸੱਰਤ (ਖ਼ੁਸ਼ੀ) ਏਸ ਗੱਲ ਦੀ ਹੈ ਕਿ ਜ਼ੁਲਮ ਦੇ ਰਾਜ ਨੂੰ ਏਹਨਾਂ ਦੀਆਂ ਸ਼ਹੀਦੀਆਂ ਜੜ੍ਹੋਂ ਉਖੇੜ ਗਈਆਂ। ਅਜਿਹੀਆਂ ਸਤੋਗੁਣੀ ਰੂਹਾਂ ਨਿਸ਼ਕਾਮ ਪੰਥ ਸੇਵਕਾਂ ਦੀਆਂ ਵਧ ਤੋਂ ਵਧ ਪੰਥ ਅੰਦਰਿ ਪਰਗਟ ਹੋਣਗੀਆਂ ਅਤੇ ਪੰਥ ਦਾ ਵਾਲੀ ਖ਼ੁਦ ਆਪਣੇ ਪੰਥ ਨੂੰ ਅਜਿਹੀਆਂ ਆਤਮਾਵਾਂ ਸੇਤੀ ਸਰਸ਼ਾਰ ਕਰੇਗਾ। ਅਸਾਡੇ ਸਿਰ ਤੇ ਖੜ ਕੇ ਸੱਚੀ ਸੂਰਮਤਾ ਦੀ ਸਪਿਰਟ ਸੜੀਆਂ ਬੁਝੀਆਂ ਰੂਹਾਂ ਅੰਦਰਿ ਭੀ ਭਰੇਗਾ। ਅਜਿਹੀ ਆਤਮ-ਤੱਤੀ ਆਤਮਾਵਾਂ ਦਾ ਤਾਂਤੇ ਦਾ ਤਾਂਤਾ ਸ਼ੀਘਰ ਹੀ ਉਠ ਖਲੋਏਗਾ ਅਤੇ ਹੱਕੋ ਹੱਕ ਨਿਆਉ ਨਿਬੇੜਾ ਕਰੇਗਾ। ਚਹੁੰਆਂ ਜੁਗਾਂ ਦਾ ਨਿਬੇੜਾ ਹੋਣ ਦੇ ਇਹ ਤੱਤ-ਫੜੱਤੀ ਆਸਾਰ ਹਨ।

ਚਹੁੰਆਂ ਜੁਗਾਂ ਦਾ ਨਿਬੇੜਾ ਕਰਨਹਾਰ ਇਕੋ ਇਕ ਨਿਧਾਨ, ਜੋ ਵਿਰਲੀਆਂ ਰੂਹਾਂ ਦੇ ਵਿਰਸੇ ਵਿਚਿ ਆਇਆ ਹੋਇਆ ਹੈ, ਗੁਰੂ ਕਲਗੀਆਂ ਵਾਲੇ ਦੀ ਕਿਰਪਾ ਨਾਲਿ ਵਾਛੜ ਵਾਲਾ ਮੀਂਹ ਸਾਰੀ ਖਾਲਸਾ ਕੌਮ ਅੰਦਰਿ ਵਰਸੇਗਾ। ਇਸ ਵਿਚਿ ਹੀ ਕਲਜੁਗੀ ਜੀਵਾਂ ਦਾ ਉਧਾਰ ਹੈ। ਤਿਹਾਂ ਪਿਛਲੇ ਜੁਗਾਂ ਦੇ ਕਰਮ-ਕਾਂਡੀਆਂ ਨੂੰ ਭੀ ਇਸ ਜੁਗ ਅੰਦਰ ਗੁਰੂ ਖਾਲਸਾ ਜੀ ਦੀ ਛਤਰ-ਛਾਇਆ ਹੇਠ ਉਧਰਨ ਦੀ ਮੁਹਲਤ ਮਿਲੇਗੀ। ਇਹ ਮੁਹਲਤ ਜਿਨ੍ਹਾਂ ਜਿਨ੍ਹਾਂ ਨੂੰ ਨਹੀਂ ਨਸੀਬ ਹੋਵੇਗੀ, ਓਹ ਆਪਣੀ ਮਰਨੀ ਫੇਰ ਮਰਨਗੇ ਅਤੇ ਚੌਰਾਸੀ ਦੇ ਗੇੜ ਵਿਚਿ ਪੈਕੇ ਫੇਰ ਜੁਗਾਂ ਜੁਗੰਤਰੀ ਘੁੰਮਣਘੇਰੀ ਦੀ ਲਪੇਟ ਵਿਚਿ ਆਵਣਗੇ। ਪ੍ਰੰਤੂ ਸਤਿਗੁਰੂ ਦੀ ਨਦਰ ਮੇਹਰ ਨਾਲਿ *

 www.AKJ.Org 

# ਕੀ, ਇਹ ਸਿੱਖੀ ਹੈ ?

[ਗਿਆਨੀ ਗੋਪਾਲ ਸਿੰਘ ਜੀ ਮਿੱਤਰ, 96-ਬਸਤੀ ਰੋਡ, ਗੁੜਗਾਵਾਂ]

ਕੀ, ਇਹ ਸਿੱਖੀ ਹੈ, ਸਿੱਖੀ ਰਿਵਾਇਤਾਂ ਤੇ; ਆਪੂੰ ਸਿਖ ਬਣ ਕੇ ਪਰਦਾ ਪਾਈ ਜਾਣਾ ?
ਕੀ, ਇਹ ਸਿੱਖੀ ਹੈ, ਗੁਰਮਤਿ ਅਸੂਲ ਸਾਰੇ, ਛਿੱਕੇ ਟੰਗ ਕੇ ਸਿੱਖ ਅਖਵਾਈ ਜਾਣਾ ?
ਕੀ, ਇਹ ਸਿੱਖੀ ਹੈ, ਮੁਜਰੇ ਤੇ ਨਾਚ-ਰੰਗ ਦੀ ਭ੍ਰਿਸ਼ਟ-ਵਾਦੀ ਨੂੰ ਦਿਨ ਦਿਨ ਵਧਾਈ ਜਾਣਾ ?
ਕੀ, ਇਹ ਸਿੱਖੀ ਹੈ, ਜੀਵਨ ਅਮੋੱਲ ਵਿਰਸਾ, ਰੋਜ਼ ਭੰਗ ਦੇ ਭਾੜੇ ਲੁਟਾਈ ਜਾਣਾ ?
ਸਿੱਖੀ ਗੁਰੂ ਦੇ ਹੁਕਮ ਦੀ ਪਾਲਨਾ ਏ, ਹੋਰ ਵਿਚ ਸੰਸਾਰ ਦੇ ਨਹੀਂ ਸਿੱਖੀ।
ਗੁਰ-ਸ਼ਬਦ ਫ਼ੁਰਮਾਨ ਹੈ ਸਤਿਗੁਰੂ ਦਾ, ਬਿਨਾ ਸ਼ਬਦ-ਵੀਚਾਰ ਦੇ ਨਹੀਂ ਸਿੱਖੀ।
ਗੁਰ-ਫੁਰਮਾਨ ਹੈ, ਕੋਡ ਤਮਾਸ਼ਿਆਂ ਦੇ, ਕੌਤਕ ਵੇਖਣੇ, ਨਰਕ ਸੰਸਾਰ ਜੀਵਨ।
ਗੁਰ-ਆਦੇਸ਼ ਹੈ ਰੂਪ ਤੇ ਰੰਗ ਤਕ ਤਕ, ਬਣ ਜਾਂਦਾ ਏ ਮੰਦ-ਆਚਾਰ ਜੀਵਨ।
ਗੁਰੂ ਕਹਿੰਦੇ ਨੇ ਨਾਟਕਾਂ ਚੇਟਕਾਂ ਦੀ, ਭੈੜੀ ਦ੍ਰਿਸ਼ਟੀ ਤੋਂ ਲਵੋ ਸੁਧਾਰ ਜੀਵਨ।
ਗੁਰੂ-ਹੁਕਮ ਹੈ, ਰੱਖੋ ਸੰਤੁਲਤ ਜੀਵਨ, ਵਿਸ਼ਿਆਂ ਵਿਚ ਨਾ ਕਰੋ ਉਲਾਰ ਜੀਵਨ।
ਆਪ ਬਚੋ ਤੇ ਕੌਮ ਬਚਾਓ ਸਿੰਘੋ, ਫ਼ਿਲਮਾਂ ਸਿਨਮਿਆਂ ਵਾਲੇ ਬਦਰੰਗ ਕੋਲੋਂ।
ਕਈ ਜਨਮ 'ਮਿੱਤਰ' ਮੈਲ ਉਤਰਨੀ ਨਹੀਂ, ਦੂਰ ਰਹੋ ਸਦ ਏਸ ਕੁਸੰਗ ਕੋਲੋਂ।

### ਗ਼ਜ਼ਲ

ਗੁਰਸਿੱਖੀ ਦੇ ਸਿੱਖਣ ਲਈ, ਸਤਿਗੁਰ-ਉਪਦੇਸ਼ ਕਮਾਈਦੇ;
ਪੱਲਾ ਸਿਦਕ ਭਰੋਸੇ ਦਾ ਫੜ, ਇਸ ਰਾਹ ਪੈਰ ਟਿਕਾਈਦੇ।
"ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ. ਤੂੰ ਮੇਰਾ ਬੰਧਪ ਤੂ ਮੇਰਾ ਭ੍ਰਾਤਾ;
ਤੂੰ ਮੇਰਾ ਰਾਖਾ ਸਭਨੀ ਥਾਈ" ਮਿੱਠੀ ਸੁਰ ਵਿਚ ਗਾਈਦੇ।
ਦ੍ਰਿੜ੍ਹ ਵਿਸ਼ਵਾਸ, ਯਕੀਨ ਮੁਕੰਮਲ, ਲੈ ਕੇ ਸੰਗੀ ਸਾਥੀ ਨਾਲ;
ਖੇੜੇ ਤੇ ਉਤਸ਼ਾਹ ਦਸ਼ਾ ਵਿਚ 'ਵਾਹਿਗੁਰੂ' 'ਵਾਹਿਗੁਰੂ' ਗਾਈਦੈ।
ਮੈਂ ਮੇਰੀ ਦਾ ਗਲੋਂ ਗਲਾਵਾਂ, ਲਾਹ ਕੇ ਸੁਰਖ਼ਰੂ ਹੋਈਦੈ;
ਕਾਣ ਜਗਤ ਦੀ ਤਜ ਕੇ ਸਿੱਖਾ ! ਸਤਿਗੁਰ ਦੇ ਦਰ ਜਾਈਦੇ।
ਸਿਰ ਦੇ ਕੇ ਹੈ ਸਿੱਖੀ ਮਿਲਦੀ, ਆਸ਼ਕ ਸਾਦਕ ਕਹਿੰਦੇ ਨੇ;
ਸੀਸ ਤਲੀ ਤੇ ਧਰ ਕੇ ਹੀ 'ਮਿੱਤਰ'; ਨਿਰਭਉ ਪਦ ਪਾਈਦੇ।

---

✱ ਹੁਣ ਦੇ ਨਿਆਉਂ-ਨਿਬੜੇ ਕਲਜੁਗ ਜ਼ਮਾਨੇ ਅੰਦਰਿ ਸਰਬੱਤਰ ਨਰ ਮਨੁਖਾਂ ਨੂੰ ਇਹ ਨਿਧਾਨ ਖੁਲ੍ਹਮ ਖੁਲ੍ਹਾ ਪ੍ਰਾਪਤਿ ਹੈ। "ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ"* ਦਾ ਧੁਰਿ ਧੁਰੰਦਰੀ ਉਚਰਿਆ ਹੋਇਆ ਭਵਿਖਤੀ ਗੁਰਵਾਕ, ਪ੍ਰਾਣੀ ਮਾਤਰ ਦੇ ਉਧਾਰ ਲਈ ਹੈ, ਹਰੇਕ ਪਿਛਲੇ ਜੁਗਾਂ ਵਿਚਿ ਠੇਡੇ ਖਾਂਦੇ ਇਸਤ੍ਰੀ ਮਰਦ ਲਈ ਹੈ। "ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ"* ਪਿਛਲੇ ਜੁਗਾਂ ਸਤਿਜੁਗ ਤ੍ਰੇ ਤਾ ਦੁਆਪਰੀ ਜੁਗਾਂ ਦਾ ਧਰਮ ਕਰਮ ਸਤਿ ਸੰਜਮ ਤੀਰਥ ਆਦਿ ਹੀ ਹੈ। ਜਿਸ ਧਰਮ ਕਰਮ ਦੁਆਰਾ ਜਿਹੜਾ ਜੁਗਾਂ ਦਾ ਨਿਸਤਾਰਾ ਨਹੀਂ ਹਇਆ, ਨਾ ਹੋਣਾ ਹੈ, ਜਦ ਹੋਣਾ ਹੈ ਤਾਂ ਨਾਮ-ਨਿਧਾਨੀ ਪਰਧਾਨ ਕਰਮ ਦੇ ਕੀਤਿਆਂ ਹਾ ਹੋਣਾ ਹੈ, ਚਾਹੇ ਕਿਤਨੀਆਂ ਭੁਆਟਣੀਆਂ ਖਾ ਖਾ ਕੇ ਜੁਗਾਂ ਜੁਗੰਤਰੀ ਜੀਵ ਆਨਮਤ ਕਰਮ ਕਰਿ ਕਰਿ ਥਕ ਲੈਣ। "ਕਲਿ ਮਹਿ ਕੀਰਤਿ ਹਰਿ ਨਾਮਾ ॥"* ਸੋ ਤੱਤ-ਨਿਧਾਨੀ ਕਰਮ ਧਰਮ ਪਰਧਾਨ ਕਰਮ ਨੇ ਹੀ ਸਾਰੇ ਜੁਗਾਂ ਦੇ ਜਮ-ਭਵੰਤਰੀ ਜੀਵਾਂ ਦਾ ਉਧਾਰ ਨਿਸਤਾਰਾ ਕਰਨਾ ਹੈ !

['ਗੁਰਮਤਿ ਕਰਮ ਫ਼ਿਲਾਸਫ਼ੀ' ਵਿਚੋਂ]

*ਬਿਲਾਵਲੁ ਮ: ੩, ਪੰਨਾ ੭੯੭



www.AKJ.org

# ਅੰਮ੍ਰਿਤ ਦੀ ਸ਼ਕਤੀ

[ਸ: ਸੁਰਜੀਤ ਸਿੰਘ 'ਸਾਜਨ', 629-ਈ, ਭਾ: ਰਣਧੀਰ ਸਿੰਘ ਨਗਰ, ਲੁਧਿਆਣਾ]

ਤੇਰੇ ਅੰਮ੍ਰਿਤ ਦਾ ਘੁੱਟ ਪੀ ਕੇ ਤੇ, ਚਿੜੀਆਂ ਜਾ ਢਾਹਿਆ ਬਾਜ਼ਾਂ ਨੂੰ।
ਸਿਦਕੀ ਸਿੰਘਾਂ ਨੇ ਸ਼ਹੀਦੀਆਂ ਪਾ ਲਈਆਂ, ਠੁਕਰਾ ਗਏ ਤਖ਼ਤਾਂ ਤਾਜਾਂ ਨੂੰ।
ਸੁੰਦਰ ਹੂਰਾਂ ਦੇ ਡੋਲੇ, ਬਹਿਸ਼ਤਾਂ ਦੇ ਲਾਲਚ, ਉਨ੍ਹਾਂ ਨੂੰ ਸਿਦਕੋਂ ਨਾ ਡੁਲਾ ਸਕੇ,
ਉਨ੍ਹਾਂ ਹੱਸ ਹੱਸ ਜਿੰਦਾਂ ਵਾਰ ਦਿੱਤੀਆਂ, ਉਨ੍ਹਾਂ ਠੋਕਰਾਂ ਮਾਰੀਆਂ ਰਾਜਾਂ ਨੂੰ।
ਉਨ੍ਹਾਂ ਸ਼ਸਤਰ ਚੁੰਮੇ ਮੱਥੇ ਲਾ, ਤੇ ਲਾਵਾਂ ਮੌਤ ਦੇ ਨਾਲ ਲਈਆਂ,
ਉਨ੍ਹਾਂ ਚੁਪਕੇ ਪਰ੍ਹਾਂ ਖਿਸਕਾ ਦਿੱਤਾ, ਮੋਹ-ਮੱਮਤਾ ਦੀਆਂ ਅਵਾਜ਼ਾਂ ਨੂੰ।
ਉਨ੍ਹਾਂ ਬਿਨ ਸਿਰ ਤੋਂ ਖੰਡੇ ਵਾਹੇ, ਦੁਸ਼ਮਨ ਦੰਦ ਟੁਕਦਾ ਦੰਗ ਹੋਇਆ,
ਉਹ ਬੰਦ ਬੰਦ ਕਟਵਾ ਗਏ, ਤੇਰੀ ਕੌਮ ਪੰਥ ਦੇ ਕਾਜਾਂ ਨੂੰ।
ਸਿਰ ਧੜ ਦੀ ਬਾਜੀ ਲਾਵਣ ਨੂੰ, ਹਰ ਸਿੰਘ ਸੂਰਾ ਹੀ ਤਿਆਰ ਰਿਹਾ,
ਉਹ ਸੱਚ ਦੀ ਦੁਨੀਆ ਸਿਰਜਣ ਲਈ, ਢਾਹੁੰਦੇ ਗਏ ਝੂਠ-ਸਮਾਜਾਂ ਨੂੰ।
ਉਹ ਰੂੰ ਦੇ ਫੰਬੇ ਬੰਨ੍ਹ ਬੰਨ੍ਹ ਕੇ, ਸਾੜੇ ਗਏ, ਕੀਮਾ ਕੀਤੇ ਗਏ,
ਉਹ ਚਰਖੜੀਆਂ ਚੜ੍ਹੇ ਵੀ ਹੱਸਦੇ ਰਹੇ, ਉਹ ਭੁੱਲ ਗਏ ਸਭ ਅਜ਼ਾਬਾਂ ਨੂੰ।
ਵਾਹ ! ਮਾਂ ਦੀ ਮਮਤਾ ਵੀ ਨਹੀਂ ਡੋਲੀ, ਝੋਲੀਆਂ ਵਿਚ ਟੁਕੜੇ ਪੁੱਤਰਾਂ ਦੇ,
ਭੁੱਖੀਆਂ ਤ੍ਰਿਹਾਈਆਂ ਰਹਿ ਕੇ ਵੀ, ਉਨ੍ਹਾਂ ਬਖ਼ਸ਼ਿਆ ਮਾਣ ਸਿਰਤਾਜਾਂ ਨੂੰ।
ਉਥੇ ਉਮਰ ਦਾ ਕੋਈ ਸੁਆਲ ਨਹੀਂ, ਸਿਰ ਰੱਖ ਤਲੀ ਸਭ ਫਿਰਦੇ ਸਨ,
ਉਥੇ ਮੌਤ ਵਿਆਹੁਣ ਦਾ ਚਾਅ ਬੜਾ, ਤਜ ਆਏ ਨੇ ਝੂਠੇ ਰਿਵਾਜਾਂ ਨੂੰ।
ਕਦੇ ਕਾਤੀ ਨਾ ਫੜ ਜਾਨਣ ਵਾਲੇ, ਸਭ ਧਨੀ ਤੇਗ ਦੇ ਹੋ ਨਿਬੜੇ,
ਕਲਗੀਧਰ ਨੇ ਸਰਦਾਰ ਬਣਾ ਦਿੱਤਾ, ਜੱਟ ਛੀਂਬੇ ਤੇ ਝਿਊਰ ਬਜਾਜਾਂ ਨੂੰ।
ਉਹ ਭੁੱਖਣ-ਭਾਣੇ ਲੜਦੇ ਰਹੇ, ਕਈ ਕਈ ਦਿਨ ਜੰਗ ਜੁਧ ਚਲਦੇ ਰਹੇ,
ਆਪੇ ਦੀ ਕਿਸੇ ਨੂੰ ਸੁੱਧ ਨ ਰਹੀ, ਭੁੱਲੇ ਉਹ ਮਾਣ ਮਿਜ਼ਾਜਾਂ ਨੂੰ।
ਜੋ ਕੌਮ ਲਈ ਮਰ ਮਿਟਦੇ ਨੇ, ਉਹ ਅੰਜਾਮ ਕਦੇ ਵੀ ਵੇਂਹਦੇ ਨਹੀਂ,
ਉਨ੍ਹਾਂ ਨੂੰ ਹਮੇਸ਼ਾ ਇਹ ਫ਼ਿਕਰ ਰਹੇ, ਲੱਭਣ ਪਏ ਸੋਹਣੇ ਅਗਾਜ਼ਾਂ ਨੂੰ।
ਪੰਥ ਖਾਲਸਾ ਸਾਜ ਕੇ ਦਾਤੇ ਨੇ, ਆਜ਼ਾਦੀ ਦੇ ਮਹਿਲ ਦੀ ਨੀਂਹ ਧਰੀ,
ਰੱਜ ਖੁਲ੍ਹ ਫਿਰਨ ਦਾ ਵਕਤ ਮਿਲਿਆ, ਸਭ ਕੌਮਾਂ ਤੇ ਜ਼ਾਤ ਸਮਾਜਾਂ ਨੂੰ।
"ਸਾਜਨ" ਇਸ ਅੰਮ੍ਰਿਤ-ਸ਼ਕਤੀ ਦਾ, ਸਾਰੀ ਦੁਨੀਆ ਲੋਹਾ ਮੰਨਦੀ ਹੈ,
ਸਿੰਘ ਸਜ ਜਾਓ ਅੰਮ੍ਰਿਤ ਛਕ ਕੇ ਹੀ, ਤਜੋ ਸਭ ਰੀਤੀ-ਰਿਵਾਜਾਂ ਨੂੰ।

---

# ਪਾਠਕ ਨੋਟ ਕਰਨ

੧. ਪਰਚਾ ੧੫ ਤਰੀਕ ਤਕ ਨਾ ਮਿਲੇ ਤਾਂ ਗੁੰਮ ਸਮਝੋ ਅਤੇ ਹੋਰ ਭੇਜਣ ਲਈ ਕਾਰਡ ਪਾਓ।
੨. ਤੁਹਾਡਾ ਚਿੱਟ ਨੰਬਰ ਹਰ ਮਹੀਨੇ ਐਡਰੈਸ ਤੋਂ ਪਹਿਲਾਂ ਲਿਖ ਭੇਜਦੇ ਹਾਂ। ਚਿੱਟ ਨੰਬਰ ਨੋਟ ਕਰੋ। ਚੰਦਾ ਜਮ੍ਹਾ ਕਰਾਉਣ ਲਈ ਚਿੱਟ ਨੰਬਰ ਜ਼ਰੂਰ ਦਸੋ, ਨਹੀਂ ਤਾਂ ਚੰਦਾ ਗਲਤ ਖਾਤੇ ਵਿਚ ਜਮ੍ਹਾ ਹੋ ਸਕਦਾ ਹੈ।
੩. ਛਪਣ ਵਾਲੇ ਪ੍ਰੋਗਰਾਮ ਹਰ ਮਹੀਨੇ ੨੦ ਤਰੀਕ ਤਕ ਪੁਜਣੇ ਜ਼ਰੂਰੀ ਹਨ।



www.AKJ.Org

# ਦੂਜਿਆਂ ਦੀਆਂ ਨਜ਼ਰਾਂ ਵਿਚ ਖਾਲਸਾ (੨)

[ਸ: ਅਤਰ ਸਿੰਘ 'ਨੀਰ', 95 ਸ਼ੀਤਲ ਅਪਾਰਟਮੈਂਟ, ਸੈਕਟਰ-14, ਰੋਹਣੀ, ਦਿਲੀ—85]

ਤੇਰੀ ਕਿਰਪਾ ਸਿੱਖਾਂ ਤੇ, ਮੇਰੇ ਕਲਗੀਆਂ ਵਾਲੇ !
ਕਰ ਰਹੀ ਹੈ ਜਗਤ ਵਿਚ, ਹਰ ਥਾਂ ਉਜਿਆਲੇ।

ਦੁਸ਼ਮਨ ਦੋਸਤ ਕਰਦਾ, ਝੁਕ ਝੁਕ ਸਲਾਮਾਂ।
ਨਿਉਂ ਨਿਉਂ ਸੁਆਗਤ ਕਰਦੀਆਂ,ਸਭਨਾਂ ਹੀ ਲਾਹਮਾਂ।

ਸਤਾਰਾਂ ਸੋ ਚੌਠ ਇਤਿਹਾਸਕਾਰ, ਨੂਰਦੀਨ ਕਾਜ਼ੀ।
ਸਿੱਖਾਂ ਬਾਰੇ ਲਿਖਿਆ, ਹੋ ਅੰਦਰੋਂ ਰਾਜ਼ੀ।

ਨਾਲ ਹੱਥਾਂ ਦੇ ਆਪਣੇ, ਹੈ ਉਸ ਨੇ ਲਿਖਿਆ।
ਨਾਲ ਅੱਖਾਂ ਦੇ ਵੇਖਿਆ, ਤੇ ਜੋ ਕੁਝ ਦਿਖਿਆ।

ਵਿਚ ਮੁਤਅਸਬਪੁਣੇ ਦੇ, ਪਹਿਲੋਂ ਉਸ ਪਾਪੀ।
ਸੱਗ ਲਫ਼ਜ਼ ਸੀ ਵਰਤਿਆ, ਸਿੱਖਾਂ ਲਈ ਸਰਾਪੀ।

ਪਰ ਕਦਮ ਕਦਮ ਤੇ ਤੱਕ ਲਈ, ਸ਼ਖ਼ਸੀਅਤ ਭਾਰੀ।
ਉਗਲ ਸੱਚਾਈ ਆਖਿਆ, ਉਸ ਆਖ਼ਰਕਾਰੀ।

ਸੱਗ ਨਾ ਆਖਿਓ ਕਦੇ ਵੀ, ਇਨ੍ਹਾਂ ਸਰਦਾਰਾਂ।
ਬਹਾਦਰ ਸ਼ੇਰ ਮੈਦਾਨ ਦੇ, ਜਗ ਗਾਊ ਵਾਰਾਂ।

ਹੋਵਨ ਜਾਣਨੇ ਜੰਗ ਦੇ. ਜੇ ਤੁਸਾਂ ਤਰੀਕੇ।
ਵਿਚ ਮੈਦਾਨ ਦੇ ਲੜਨ ਦ,ਢੰਗ ਅਕਲ ਸਲੀਕੇ।

ਸਿਖੋ ਇਨ੍ਹਾਂ ਬਹਾਦਰਾਂ, ਤੋਂ ਨੇੜੇ ਜਾ ਕੇ।
ਕਰਤਬ ਖ਼ੂਬੀ ਯੋਗਤਾ, ਤਕੋ ਨੀਝਾਂ ਲਾ ਕੇ।

ਧਨੀ ਬੜੇ ਤਲਵਾਰ ਦੇ, ਜਦ ਜੰਗ ਵਿਚ ਜਾਂਦੇ।
ਵੈਰੀ ਦਲਾਂ ਨੂੰ ਬਿਨ ਝਿਜਕ, ਹਨ ਚੀਰਦੇ ਜਾਂਦੇ।

ਚਿਲਾ ਜਦੋਂ ਕਮਾਨ ਦਾ, ਹਨ ਖਿਚ ਚੜ੍ਹਾਂਦੇ।
ਦੁਸ਼ਮਨਾਂ ਦੀਆਂ ਛਾਤੀਆਂ, ਵਿਚ ਭੜਥੂ ਪਾਂਦੇ।

ਜਦ ਇਹ ਬਰਛੇ ਪਕੜ ਕੇ, ਵੈਰੀ ਤੇ ਪੈਂਦੇ।
ਚੀਰਦੇ ਵਾਂਗੂ ਖੀਰਿਆਂ, ਤੇ ਉਚੀ ਕਹਿੰਦੇ !

ਬਚ ਕੇ ਜਾ ਨਹੀਂ ਸਕਦਾ, ਤੂੰ ਕਦੇ ਜਵਾਨਾ !
ਸੰਭਲ ਜਾ ਤੇਰੀ ਮੌਤ ਦਾ, ਆਇਆ ਪਰਵਾਨਾ।

ਬੜੇ ਗਜ਼ਬ ਦੀ ਗੱਲ ਹੈ, ਵਾਹ ਵਾਹ ਮੇਰੇ ਅਲਾ !
ਸੌ ਸੌ ਨੂੰ ਹੈ ਚੀਰਦਾ, ਖੜ ਕੱਲਾ ਕੱਲਾ !

ਵੜਦੇ ਜਦੋਂ ਮੈਦਾਨ ਵਿਚ, ਨੇ ਫੜ ਕੇ ਬੰਦੂਕਾਂ।
ਵੈਰੀਆਂ ਦੀਆਂ ਛਾਤੀਆਂ, ਚੋਂ ਉਠਣ ਕੂਕਾਂ।

ਖਾੜ ਖਾੜ ਤੇ ਤਾੜ ਤਾੜ ਦੇ ਬੜੇ ਧਮਾਕੇ।
ਰੰਗੀ ਜਾਂਦੀ ਧਰਤੀ ਵਿਚ ਲਹੂ ਨਹਾ ਕੇ।

ਗੋਲਾ ਬਾਰੀ ਕਰਨ ਵਿਚ, ਪਰਪੱਕ ਨੇ ਰਜ ਕੇ।
ਹਰ ਪਾਸੇ ਤੇ ਵਸਦੇ, ਵਾਂਗ ਬਦਲ ਗੱਜ ਕੇ।

ਟਕਰਨ ਤੀਹ ਤੀਹ ਹਜ਼ਾਰ ਨੂੰ, ਨਹੀਂ ਡਰ ਭੈ ਖਾਂਦੇ।
ਸ਼ੀਹਾਂ ਵਾਂਗੂ ਬੁਕਦੇ, ਤੇ ਖਿਲੀਆਂ ਪਾਂਦੇ।

ਹਰ ਢੰਗ ਉਨ੍ਹਾਂ ਦਾ ਵਖਰਾ, ਹਰ ਗੱਲ ਨਿਰਾਲੀ।
ਅਚਨਚੇਤੀ ਨਠਣਾ ਨਹੀਂ ਦਾਅ ਤੋਂ ਖ਼ਾਲੀ।

ਪਿਛਾ ਕਰਦੇ ਵੈਰੀਆਂ, ਨੂੰ ਮਾਰਨ ਮੁੜ ਕੇ।
ਕਟਣ ਵਾਂਗ ਹਿੰਦਵਾਣਿਆਂ,ਨਾਲ ਹਿਕਮਤ ਜੁੜ ਕੇ।

ਅਹਿਮਦਸ਼ਾਹ ਨੂੰ ਘੇਰਿਆ, ਇਨ੍ਹਾਂ ਇਸੇ ਤਰੀਕੇ।
ਜਾਨ ਬਚਾਈ ਭਜ ਕੇ, ਉਸ ਨੀਵਾਂ ਥੀ ਕੇ।

ਸਭ ਤੋਂ ਚੰਗਾ ਸਿੱਖਾਂ ਵਿਚ, ਹੈ ਇਕ ਗੁਣ ਭਲਾ।
ਨਸਦੇ ਹੋਏ ਵੈਰੀਆਂ ਤੇ ਨਹੀਂ ਕਰਦੇ ਹਲਾ।

ਹੱਥ ਉਠਾਵਣ ਕਦੇ ਨਾ, ਉਹ ਤੀਵੀਆਂ ਉਤੇ।
ਚੋਰੀ ਯਾਰੀ ਵਿਭਚਾਰ ਤੋਂ, ਇਹ ਬਿਲਕੁਲ ਮੁਕਤੇ।

ਹੋਵੇ ਔਰਤ ਜੁਆਨ ਜਾਂ ਹੋਏ ਕੋਈ ਵਡੇਰੀ।
ਸਭ ਨੂੰ ਬੁੱਢੀ ਆਖਦੇ, ਬੜੀ ਗੱਲ ਚੰਗੇਰੀ।

ਲੁਚ ਲਫੰਗੇ ਨਾਲ ਇਹ, ਨਹੀਂ ਰਖਦੇ ਯਾਰੀ।
ਜੀਵਨ ਜੀਣ ਇਹ ਅਣਖ ਦਾ, ਜੋਧੇ ਬਲਕਾਰੀ।

ਬਹਿਰਮ ਗੋਰ ਜੇ ਤਕਦਾ, ਇਨ੍ਹਾਂ ਦੀਆਂ ਕਾਰਾਂ।
ਕਰਦਾ 'ਨੀਰ' ਸਲਾਮੀਆਂ, ਝੁਕ ਝੁਕ ਕਈ ਵਾਰਾਂ।



www.AKJ.Org

## ਰਿਸ਼ਤੇ ਨਾਤੇ

ਨੋਟ (1) ਚਿਠੀ ਵਾਲੇ ਲਫਾਫੇ ਤੇ ਬਾਹਰ ਲਿਖੋ ਫਾਰਮ ਨੰ:...........c/o ਸੂਰਾ ਮੰਡਲੀ 390 ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ

(2) ਕੇਵਲ ਅੰਮ੍ਰਿਤਧਾਰੀ ਤੇ ਸਾਕਾਹਾਰੀ ਬੱਚਿਆਂ ਲਈ ਹੀ ਚਿਠੀ ਪੱਤਰ ਕਰੋ।

(3) ਰਿਸ਼ਤੇ ਨਾਤੇ ਫਾਰਮ 'ਸੂਰਾ' ਦਫਤਰ ਤੋਂ ਟਿਕਟਾਂ ਲਗਾ ਲਫਾਫਾ ਭੇਜ ਕੇ ਮੁਫਤ ਮੰਗਾਓ।

**ਫਾਰਮ ਨੰ:** 445 -ਇਕ 22 ਸਾਲਾ 10+2 *I.T.I.* ਪਾਸ ਸਿੰਘ ਕੱਦ 5'-8'' ਲਈ ਯੋਗ ਰਿਸ਼ਤੇ ਦੀ ਲੋੜ ਹੈ।

**ਫਾਰਮ ਨੰ:** 447—ਇਕ 19 ਸਾਲਾ ਦਸਵੀਂ ਪਾਸ ਬੀਬੀ ਕੱਦ 5'-2'' ਲਈ ਵਰ ਦੀ ਲੋੜ ਹੈ।

**ਫਾਰਮ ਨੰ:** 448—ਇਕ 24 ਸਾਲਾ ਇਲੈਕਟ੍ਰੀਕਲ ਇੰਜਨੀਅਰ ਸਿੰਘ ਕੱਦ 5'-11'' ਆਪਣੀ ਕੰਪਨੀ ਦਾ ਮੈਨੇਜਿੰਗ ਡਾਇਰੈਕਟਰ ਲਈ ਯੋਗ ਰਿਸ਼ਤੇ ਦੀ ਲੋੜ।

**ਫਾਰਮ ਨੰ:** 449—ਇਕ 22 ਸਾਲਾ ਬੀ.ਏ. ਪਾਸ ਕੰਪਿਊਟਰ ਸਿਲਾਈ ਪਾਸ ਬੀਬੀ ਕੱਦ 5'-2'' ਲਈ ਯੋਗ ਵਰ ਦੀ ਲੋੜ।

**ਫਾਰਮ ਨੰ:** 450—ਇਕ 36 ਸਾਲਾ ਦਸਵੀ ਪਾਸ ਪ੍ਰਾਪਰਟੀ ਡੀਲਰ ਸਿੰਘ ਕਦ 5'-10'' ਲਈ ਯੋਗ ਰਿਸ਼ਤੇ ਦੀ ਲੋੜ।

**ਫਾਰਮ ਨੰ:** 451—ਇਕ 33 ਸਾਲਾ ਬੀ-ਕਾਮ ਪਾਸ ਸਿੰਘ ਬੈਟਰੀ ਦੀ ਦੁਕਾਨ ਲਈ ਰਿਸ਼ਤੇ ਦੀ ਲੋੜ।

**ਫਾਰਮ ਨੰ:** 452—ਇਕ 29 ਸਾਲਾ, ਬੀ-ਕਾਮ ਟਾਈਪਿਸਟ ਕਲਰਕ ਲਈ ਯੋਗ ਰਿਸ਼ਤੇ ਦੀ ਲੋੜ।

**ਫਾਰਮ ਨੰ:** 453—ਇਕ 28 ਸਾਲਾ ਬੀਬੀ ਪੀ.ਐਚ.ਡੀ. ਐਮ ਫਿਲ ਟੀਚਰ ਲਈ ਯੋਗ ਵਰ ਦੀ ਲੋੜ।

**ਫਾਰਮ ਨੰ:** 454—ਇਕ ਸਾਢੇ 24 ਸਾਲਾ ਬੀ.ਈ. ਸਿਵਲ ਇੰਜੀਨੀਅਰ ਸਿੰਘ ਕੱਦ 5'-10'' ਲਈ ਯੋਗ ਰਿਸ਼ਤੇ ਦੀ ਲੋੜ

**ਫਾਰਮ ਨੰ:** 455—ਇਕ 33-34 ਸਾਲਾ ਮਕੈਨੀਕਲ ਐਸ.ਓ. ਦੁਹਾਜੂ ਸਿੰਘ ਦੋ ਬਚੇ ਕੱਦ 6' ਲਈ ਯੋਗ ਰਿਸ਼ਤ ਦੀ ਲੋੜ।

**ਫਾਰਮ ਨੰ:** 456—ਇਕ 28 ਸਾਲਾ ਬੀ.ਏ. ਪਾਸ ਬੀਬੀ *I.T.I* ਸਿਲਾਈ ਕਢਾਈ ਪਾਸ ਕੱਦ 5'-2'' ਲਈ ਯੋਗ ਵਰ ਦੀ ਲੋੜ।

**ਫਾਰਮ ਨੰ:** 457—ਇਕ 19 ਸਾਲਾ 10+2 ਪਾਸ ਬੀਬੀ ਕੱਦ 5'-3'' ਲਈ ਵਰ ਦੀ ਲੋੜ।

**ਫਾਰਮ ਨੰ:** 458—ਇਕ 23 ਸਾਲਾਂ ਮੈਟਰਿਕ ਪਾਸ ਬੀਬੀ ਕੱਦ 5' 3'' ਲਈ ਵਰ ਦੀ ਲੋੜ।

**ਫਾਰਮ ਨੰ:** 459 ਇਕ 25 ਸਾਲਾ ਬੀ.ਈ. ਇਲੈਕਟ੍ਰਾਨਿਕਸ ਇੰਜੀਨੀਅਰ ਕੱਦ 6' ਲਈ ਪ੍ਰਦੇਸਾਂ ਵਿਚ ਵਸਦੀ ਲੜਕੀ ਦੀ ਲੋੜ।

**ਫਾਰਮ ਨੰ:** 460—ਇਕ 27 ਸਾਲਾ ਨੇਤਰ ਹੀਨ ਰਾਗੀ ਸਿੰਘ ਮੈਟਰਿਕ ਪਾਸ ਕੱਦ 5'-10' ਲਈ ਰਿਸ਼ਤੇ ਦੀ ਲੋੜ।

**ਫਾਰਮ ਨੰ:** 461—ਇਕ 24 ਸਾਲਾ ਐਮ.ਏ.,ਐਮ. ਫਿਲ. ਸੰਗੀਤ ਵਾਦਨ ਬੀਬੀ ਕੱਦ 5', ਆਰਜ਼ੀ ਲੈਕਚਰਾਰ ਲਈ ਯੋਗ ਵਰ ਦੀ ਲੋੜ।

---

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਗੁਰਮਤਿ ਗੌਰਵਤਾ | ੩੨-੦੦ | ਗੁਰਮਤਿ ਸ਼ੱਚ ਨਿਰਣੈ | ੧੫-੦੦ |
| ਅਨਹਦ ਸ਼ਬਦ ਦਸਮ ਦੁਆਰ | ੧੫-੦੦ | ਅਣਡਿਠੀ ਦੁਨੀਆ | ੧੯-੦੦ |
| ਕਥਾ ਕੀਰਤਨ | ੧੬-੦੦ | ਸੱਚਖੰਡ ਦਰਸ਼ਨ | ੭-੫੦ |
| ਗੁਰਮਤਿ ਪ੍ਰਕਾਸ਼ | ੧੧-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ? | ੭-੫੦ |
| ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਅੰਮ੍ਰਿਤ ਕੀ ਹੈ | ੩-੦੦ | ਆਸਤਕ ਤੇ ਨਾਸਤਕ | ੦-੭੫ |
| ਅੰਮ੍ਰਿਤ ਕਲਾ ੧-੫੦ ਗੁਰਮਤਿ ਰਮਜ਼ਾਂ | ੨-੫੦ | ਨਾਮ ਸੰਬੰਧੀ ਵਿਚਾਰ | ੧-੭੫ |
| ਰੰਗਲੇ ਸੱਜਣ | ੨੦- ੦ | ਬਾਬਾ ਵੈਦ ਰੋਗੀਆਂ ਦਾ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧੁ ਹੈ | ੧-੦੦ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਤਿਮਰ ਅਗਿਆਨ ਤੋਂ ਉਜਿਆਰਾ | ੧-੦੦ |



www.AKJ.Org

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥ ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥ ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥ ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥ ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥ ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥ ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥ ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ । ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥

## ਛੁੱਟੀਆਂ ਤੇ ਦਿਨ ਦਿਹਾਰ

ਲੋਹੜੀ ਤੇ ਮੇਲਾ ਮਾਘੀ ਮੁਕਤਸਰ ੧੨-੧੩ਜਨਵਰੀ
ਰਿਪਬਲਿਕ (ਡੇ ਗਣਤੰਤਰ ਦਿਵਸ) ੨੬ ਜਨਵਰੀ
ਬਸੰਤ ਪੰਚਮੀ ੨੮ ਜਨਵਰੀ

## ਗਿਆਨੀ ਭਜਨ ਸਿੰਘ ਲਿਖਤ

### ਸਾਡੇ ਸ਼ਹੀਦ

ਲਹੂ-ਵੀਟਵੇਂ ਇਤਿਹਾਸ ਦੇ ਉਨ੍ਹਾਂ ਮਹਾਨ ਸਿੰਘਾਂ ਦੀਆਂ ਬੇਮਿਸਾਲ ਸ਼ਹਾਦਤਾਂ ਦੀ ਦਾਸਤਾਨ ਜਿਨ੍ਹਾਂ ਨੇ ਸਿੱਖੀ ਦੀ ਆਨ-ਸ਼ਾਨ ਲਈ ਆਪਾ ਕੁਰਬਾਨ ਕਰ ਦਿੱਤਾ, ਪਰ ਸਿਦਕੋਂ ਨਾ ਡੋਲੇ ।
ਸੁੰਦਰ ਰੂਪ ਵਿਚ, ੬੫ ਰੁਪਏ

## ਕਰਕ ਕਲੇਜੇ ਮਾਹਿ

ਨਾਵਲ ਕਲਗੀਧਰ ਪਿਤਾ ਤੋਂ ਬਾਦ ਦੇ ਸੰਘਰਸ਼ਸ਼ੀਲ ਇਤਿਹਾਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦਾ ਹੈ। ਨਾਇਕ ਕਰਮ ਸਿੰਘ ਦੀ ਹਰ ਸੰਕਟ ਦੀ ਘੜੀ ਸਮੇਂ ਸਹੀ ਫੈਸਲਾ ਲੈਣ ਦੀ ਯੋਗਤਾ ਅੱਝੜੇ ਕੌਮ ਨੂੰ ਠੀਕ ਰਸਤਾ ਵਿਖਾਂਦੀ ਹੈ ਤੇ ਆਪਣੇ ਟੀਚੇ ਦੀ ਪੂਰਤੀ ਲਈ ਸਹਾਈ ਹੁੰਦੀ ਹੈ। 'ਅਜੀਤ' ਅਖ਼ਬਾਰ ਵਿਚ ੧੦੦ ਹਫ਼ਤਾਵਾਰੀ ਕਿਸ਼ਤਾਂ ਵਿਚ ਛਪ ਚੁੱਕੇ ਇਸ ਨਾਵਲ ਦੀ ਰੋਚਿਕਤਾ ਏਨੀ ਹੈ ਕਿ ਪਾਠਕ ਇਸ ਨਾਵਲ ਦੀ ਕਿਸ਼ਤ ਨੂੰ ਉਡੀਕਦੇ ਰਹਿੰਦੇ।
ਪ੍ਰਭਾਵਸ਼ਾਲੀ ਰੂਪ ਵਿਚ, ੧੨੦ ਰੁਪਏ

# ਜਨਵਰੀ ੯੩

## JANUARY 93

| | | | |
|---|---|---|---|
| ਸੰਮਤ ਬਿਕ੍ਰਮੀ | ੨੦੪੯ | ਸੰਗਰਾਂਦ | ੧੩ ਜਨਵਰੀ |
| ਸੰ: ਨਾਨਕਸ਼ਾਹੀ | ੫੨੪ | ਪੂਰਨਮਾਸ਼ੀ | ੮ ਜਨਵਰੀ |
| ਸੰਮਤ ਖਾਲਸਾ | ੨੯੪ | ਮਸਿਆ | ੨੨ ਜਨਵਰੀ |
| ਸੰਮਤ ਸ਼ਾਕਾ | ੧੯੧੪ | ਪੰਚਮੀ | ੨੮ ਜਨਵਰੀ |

| | | | | | |
|---|---|---|---|---|---|
| ਐਤ SUNDAY | ੩੧ ੧੯ ਮਾਘ ਮਾਘ ਸੁਦੀ ੮ | ੩ ੨੦ ਪੋਹ ਪੋਹ ਸੁਦੀ ੧੦ | ੧੦ ੨੭ ਪੋਹ ਮਾਘ ਵਦੀ ੨ | ੧੭ ੫ ਮਾਘ ਮਾਘ ਵ:੧੦ | ੨੪ ੧੨ ਮਾਘ ਮਾਘ ਸੁਦੀ ੨ |
| ਸੋਮ MONDAY | | ੪ ੨੧ ਪੋਹ ਪੋਹ ਸੁਦੀ ੧੧ | ੧੧ ੨੮ ਪੋਹ ਮਾ: ਵ: ੩-੪ | ੧੮ ੬ ਮਾਘ ਮਾਘ ਵਦੀ ੧੧ | ੨੫ ੧੩ ਮਾਘ ਮਾਘ ਸੁਦੀ ੩ |
| ਮੰਗਲ TUESDAY | | ੫ ੨੨ ਪੋਹ ਪੋਹ ਸੁਦੀ ੧੨ | ੧੨ ੨੯ ਪੋਹ ਮਾਘ ਵਦੀ ੫ | ੧੯ ੭ ਮਾਘ ਮਾਘ ਵ: ੧੨ | ੨੬ ੧੪ ਮਾਘ ਮਾਘ ਸੁਦੀ ੪ |
| ਬੁਧ WEDNESDAY | | ੬ ੨੩ ਪੋਹ ਪੋਹ ਸੁਦੀ ੧੩ | ੧੩ ੧ ਮਾਘ ਮਾਘ ਵ: ੬ | ੨੦ ੮ ਮਾਘ ਮਾਘ ਵ: ੧੩ | ੨੭ ੧੫ ਮਾਘ ਮਾਘ ਸੁਦੀ ੪ |
| ਵੀਰ THURSDAY | | ੭ ੨੪ ਪੋਹ ਪੋਹ ਸੁਦੀ ੧੪ | ੧੪ ੨ ਮਾਘ ਮਾਘ ਵਦੀ ੭ | ੨੧ ੯ ਮਾਘ ਮਾਘ ਵ: ੧੪ | ੨੮ ੧੬ ਮਾਘ ਮਾਘ ਸੁਦੀ ੫ |
| ਸ਼ੁਕਰ FRIDAY | ੧ ੧੮ ਪੋਹ ਪੋਹ ਸੁਦੀ ੮ | ੮ ੨੫ ਪੋਹ ਪੂਰਨਮਾਸ਼ੀ | ੧੫ ੩ ਮਾਘ ਮਾਘ ਵਦੀ ੮ | ੨੨ ੧੦ ਮਾਘ ਮਸਿਆ | ੨੯ ੧੭ ਮਾਘ ਮਾਘ ਸੁਦੀ ੬ |
| ਸ਼ਨੀ SATURDAY | ੨ ੧੯ ਪੋਹ ਪੋਹ ਸੁਦੀ ੯ | ੯ ੨੬ ਪੋਹ ਮਾਘ ਵਦੀ ੧ | ੧੬ ੪ ਮਾਘ ਮਾਘ ਵਦੀ ੯ | ੨੩ ੧੧ ਮਾਘ ਮਾਘ ਸੁਦੀ ੧ | ੩੦ ੧੮ ਮਾਘ ਮਾਘ ਸੁਦੀ ੭ |

## ਜ਼ਰੂਰੀ ਬੇਨਤੀਆਂ

੧. ਅਸੀਂ ਆਪ ਦੀ ਲੋੜ ਅਨੁਸਾਰ ਸਾਫ਼ ਸੁਥਰਾ ਮਾਲ ਠੀਕ ਮਾਰਕੀਟ ਰੇਟਾਂ ਨਾਲ ਭੇਜਦੇ ਹਾਂ।
੨. ਕੋਈ ਗਲਤੀ ਹੋਵੇ ਤਾਂ ਸਦਾ ਜ਼ਿੰਮੇਵਾਰ ਹੁੰਦੇ ਹਾਂ।
੩. ਚੰਗੀਆਂ ਧਾਰਮਿਕ, ਇਤਿਹਾਸਕ ਤੇ ਸਾਹਿਤਕ ਪੁਸਤਕਾਂ ਅਤੇ ਗੁਰਬਾਣੀ ਦੇ ਗੁਟਕੇ, ਪੋਥੀਆਂ ਸਾਡੇ ਸਟਾਕ ਵਿਚ ਮੌਜੂਦ ਹੁੰਦੀਆਂ ਹਨ।
੪. ਪਟਿਆਲਾ, ਚੰਡੀਗੜ੍ਹ ਤੇ ਅੰਮ੍ਰਿਤਸਰ ਯੂਨੀਵਰਸਿਟੀਆਂ ਅਤੇ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਅਤੇ ਲੁਧਿਆਣਾ ਤੇ ਦਿੱਲੀ ਅਕਾਡਮੀਆਂ ਆਦਿ ਸੰਸਥਾਵਾਂ ਵਲੋਂ ਛਪੀਆਂ ਪੁਸਤਕਾਂ ਸਾਥੋਂ ਮਿਲਦੀਆਂ ਹਨ।
੫. ਸਿੱਖ ਧਰਮ ਤੇ ਸਿੱਖ ਇਤਿਹਾਸ ਦੀਆਂ ਅੰਗਰੇਜ਼ੀ ਤੇ ਹਿੰਦੀ ਪੁਸਤਕਾਂ ਅਸੀਂ ਵੱਧ ਤੋਂ ਵੱਧ ਰੱਖਦੇ ਹਾਂ।
੬. ਪੁਸਤਕਾਂ ਤੋਂ ਇਲਾਵਾ ਕੰਘੇ, ਕੜੇ, ਕ੍ਰਿਪਾਨਾਂ ਛੋਟੀਆਂ ਤੇ ਵਡੀਆਂ, ਕਛਹਿਰੇ, ਸਿਮਰਨੇ, ਮਾਲਾ, ਵਾਜੇ ਅਤੇ ਜੋੜੀਆਂ ਆਦਿ ਆਰਡਰ ਅਨੁਸਾਰ ਬਜ਼ਾਰ ਤੋਂ ਤਿਆਰ ਕਰਵਾ ਕੇ ਪਰਦੇਸਾਂ ਵਿਚ ਭੇਜਦੇ ਹਾਂ।
੭. ਕੇਂਦਰੀ ਸਿਖ ਅਜਾਇਬ ਘਰ, ਸ੍ਰੀ ਅੰਮ੍ਰਿਤਸਰ ਵਿਚਲੇ ਇਤਿਹਾਸਕ ਚਿਤਰਾਂ ਦੇ ਫੋਟੋਗ੍ਰਾਫ (ਬਹੁ-ਰੰਗੇ ਜਾਂ ਇਕ-ਰੰਗੇ) ਆਰਡਰ ਅਨੁਸਾਰ ਵਖ ਵਖ ਸਾਈਜ਼ਾਂ ਵਿਚ ਭਿਜਵਾਏ ਜਾ ਸਕਦੇ ਹਨ।
੮. ਆਪਣਾ ਐਡਰੇਸ ਬੜਾ ਸਾਫ਼ ਤੇ ਪੂਰਾ ਲਿਖੋ।
੯. ਆਰਡਰ ਨਾਲ ਕੁਝ ਰਕਮ ਪੇਸ਼ਗੀ ਭੇਜੋ।
੧੦. ਪਰਦੇਸੀ ਵੀਰ ਕਾਨੂੰਨੀ ਗੁੰਝਲਾਂ ਤੋਂ ਬਚਣ ਲਈ ਰਕਮ ਪੇਸ਼ਗੀ ਬੈਂਕ ਡਰਾਫ਼ਟ ਰਾਹੀਂ ਭੇਜਣ ਜਾਂ ਬੈਂਕ ਰਾਹੀਂ ਮਾਲ ਮੰਗਾਣ।
੧੧. ਧਾਰਮਿਕ, ਇਤਿਹਾਸਕ ਤੇ ਸਾਹਿਤਕ ਪੁਸਤਕਾਂ ਦੀਆਂ ਪੰਜਾਬੀ ਤੇ ਅੰਗਰੇਜ਼ੀ ਲਿਸਟਾਂ ਮੁਫ਼ਤ ਮੰਗਾਓ।

ਪੁਸਤਕਾਂ ਮੰਗਵਾਣ ਦਾ ਪਤਾ– **ਸਿੰਘ ਬ੍ਰਦਰਜ਼** ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਫ਼ੋਨ 45787
S. C. O. 98. ਸਿਟੀ ਸੈਂਟਰ, ਸਾਹਮਣੇ ਬੱਸ ਸਟੈਂਡ, ਅੰਮ੍ਰਿਤਸਰ ਫ਼ੋਨ 43965

www.AKJ.Org

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਮ-ਅਗਾਧ ਬਾਣੀ ਦੇ ਡੂੰਘੇ ਰਹੱਸਾਂ ਨੂੰ ਸਮਝਣ ਦਾ ਇਕ ਹੋਰ ਉਪਰਾਲਾ

# ਸਿਧਾਂਤਕ ਸਟੀਕ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

## ਪ੍ਰਸ਼ਨ-ਉਤਰ ਵਿਕਾਸ

## (ਮੁਕੰਮਲ ਟੀਕਾ ਅੱਠ ਹਿੱਸਿਆਂ ਵਿਚ)

ਟੀਕਾਕਾਰ : ਸਿੰਘ ਸਾਹਿਬ ਗਿਆਨੀ ਮਨੀ ਸਿੰਘ ਸਾਬਕਾ ਹੈੱਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ

### ਗਿਆਨੀ ਮਨੀ ਸਿੰਘ ਬਾਰੇ

ਆਪ ਨੇ ਗੁਰਮਤਿ-ਵਿਦਿਆ ਭਿੰਡਰਾਂ ਦੀ ਟਕਸਾਲ ਤੋਂ ਪ੍ਰਾਪਤ ਕੀਤੀ। ਆਪ ਜੀ ਸੰਤ ਗੁਰਬਚਨ ਸਿੰਘ ਜੀ 'ਖਾਲਸਾ' ਭਿੰਡਰਾਂ ਵਾਲਿਆਂ ਦੇ ਅਜ਼ੀਜ਼ ਵਿਦਿਆਰਥੀਆ ਵਿੱਚੋਂ ਸਨ। ਆਪ ਨੇ ਪਹਿਲੀ ਵੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਕਥਾ ਨੂੰ ਕਾਪੀਆਂ ਵਿੱਚ ਨੋਟ ਕਰ ਕੇ ਆਪਣੇ ਕੋਲ ਸਾਂਭ ਰੱਖਿਆ। ਜ਼ਹੀਨ ਦਿਮਾਗ ਤੇ ਕਾਟਵੀਂ ਦਲੀਲ ਵਿੱਚ ਮਾਹਿਰ ਗਿਆਨੀ ਮਨੀ ਸਿੰਘ ਕਥਾ ਤੇ ਕੀਰਤਨ ਦੋਹਾਂ ਵਿੱਚ ਹੀ ਪ੍ਰਬੁੱਧ ਹਨ। ਦੇਸ਼ਾਂ ਵਿਦੇਸ਼ਾਂ ਦੇ ਅਨੇਕਾਂ ਗੁਰਦੁਆਰਿਆਂ ਵਿੱਚ ਸੇਵਾ ਉਪਰੰਤ ਆਪ ਜੀ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਮੁਖ ਗ੍ਰੰਥੀ ਦੀ ਸੇਵਾ ਕਰਨ ਉਪਰੰਤ ਸੇਵਾ-ਮੁਕਤ ਹੋਏ ਹਨ।

### ❀ ਵਿਸ਼ੇਸ਼-ਪੱਖ ❀

- ਪਦ-ਅਰਥ, ਅਰਥ ਤੇ ਭਾਵ ਅਰਥ
- ਡੂੰਘੇ ਰਹੱਸਾਂ ਬਾਰੇ ਜਗਿਆਸੂ-ਮਨ ਦੇ ਪ੍ਰਸ਼ਨਾਂ ਦੇ ਬਾਣੀਰਾਹੀਂ ਉੱਤਰ
- ਸ਼ੈਲੀ ਸਰਲ ਅਤੇ ਸਧਾਰਣ ਪਾਠਕ ਦੀ ਸਮਝ-ਗੋਚਰੇ
- ਪੋਥੀਆਂ ਦਾ ਆਕਾਰ ਬਹੁਤ ਪ੍ਰਭਾਵ-ਸ਼ਾਲੀ ਤੇ ਸਜਾਵਟੀ ($11\frac{1}{2}' \times 9''$)

| | | | |
|---|---|---|---|
| ਪਹਿਲੀ ਸੈਂਚੀ | — ਟੀਕਾ | ੧ ਤੋਂ ੧੫੦ ਅੰਗ, | ਭੇਟਾ ੧੦੦ ਰੁ: |
| ਦੂਜੀ ਸੈਂਚੀ | — ,, | ੧੫੧ ਤੋਂ ੩੨੭ ਅੰਗ, | ਭੇਟਾ ੧੦੦ ਰੁ: |
| ਤੀਜੀ ਸੈਂਚੀ | — ,, | ੩੨੭ ਤੋਂ ੪੭੫ ਅੰਗ, | ਭੇਟਾ ੧੦੦ ਰੁ: |
| ਚੌਥੀ ਸੈਂਚੀ | — ,, | ੪੭੫ ਤੋਂ ੬੫੯ ਅੰਗ, | ਭੇਟਾ ੨੦੦ ਰੁ: |
| ਪੰਜਵੀਂ ਸੈਂਚੀ | — ,, | ੬੬੦ ਤੋਂ ੮੫੮ ਅੰਗ, | ਭੇਟਾ ੨੦੦ ਰੁ: |
| ਛੇਵੀਂ ਸੈਂਚੀ | — ,, | ੮੫੯ ਤੋਂ ੧੦੬੯ ਅੰਗ, | ਭੇਟਾ ੨੦੦ ਰੁ: |

ਸਤਵੀਂ ਤੇ ਅਠਵੀਂ ਪੋਥੀ ਵੀ ਜਲਦੀ ਹੀ ਛਪ ਕੇ ਮੁਕੰਮਲ ਹੋ ਜਾਵੇਗੀ।

ਗਿਆਨੀ ਮਨੀ ਸਿੰਘ ਜੀ ਲਿਖਤ

### ਹੋਰ ਗੁਰਮਤਿ ਸਾਹਿਤ

| | |
|---|---|
| ਗੁਰਬਾਣੀ ਪ੍ਰਬੋਧ ਸਾਗਰ | ੮੦-੦੦ |
| ਅਨਮੋਲ ਬੋਲ | ੨੪-੦੦ |
| ਜਨਮ ਪਦਾਰਥ | ੨੦-੦੦ |
| ਨਾਮੁ ਪਦਾਰਥ | ੩੦-੦੦ |
| ਪ੍ਰੇਮ ਪਦਾਰਥ | ੨੦-੦੦ |
| ਗਿਆਨ ਪਦਾਰਥ | ੧੫-੦੦ |
| ਮੁਕਤਿ ਪਦਾਰਥ | ੧੫-੦੦ |
| ਸੇਵਾ ਚਮਤਕਾਰ | ੨੦-੦੦ |
| ਅਨਮੋਲ ਰੁਬਾਈਆਂ | ੮-੦੦ |
| ਹੰਸਾਂ ਦੇ ਵਿਚਾਰ ਦਰਪਣ | ੮-੦੦ |
| ਮੁਨੀ ਜਨਾਂ ਦੇ ਵਿਚਾਰ ਸੋਮੇਂ | ੮-੦੦ |
| ਜਪੁਜੀ ਸਾਹਿਬ ਸਟੀਕ | ੧੫-੦੦ |
| ਸੁਖਮਨੀ ਸਾਹਿਬ ਸਟੀਕ | ੩੦-੦੦ |
| ਮੇਰਾ ਜੀਵਨ ਸਫ਼ਰ (ਦੋ ਭਾਗ) | ਛਪਾਈ-ਅਧੀਨ |

www.AKJ.Org

...ਅਨਦ ਉਪਾਰਜਨਾ ਹਰਿ ਸਜਣ ਆਇ ॥ ਸੰਤ ਸਹਾਈ ਰਾਮ ਕੇ ਕਰਿ ਕਿਰਪਾ ਮਿਲਾਇ ॥ ਸੇਜ ਸੁਹਾਵੀ ਸਰਬ ਸੁਖ ਹੁਣਿ ਨਾਹੀ ਜਾਇ ॥ ਇਛ ਪੁਨੀ ਵਡਭਾਗਣੀ ਵਰੁ ...ਆ ਹਰਿ ਰਾਇ ॥ ਮਿਲਿ ਸਹੀਆ ਮੰਗਲੁ ...ੀ ਗੀਤ ਗੋਵਿੰਦ ਅਲਾਇ ॥ ਹਰਿ ਜੇਹਾ ਅਵਰੁ ...ਸਈ ਕੋਈ ਦੂਜਾ ਲਵੈ ਨ ਲਾਇ ॥ ਹਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ । ...ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥ ...ਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ... ॥ ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲ ...ਾਇ ॥੧੩॥

## ...ਰਪੁਰਬ, ਦਿਨ ਦਿਹਾਰ ਤੇ ਛੁੱਟੀਆਂ

| | |
|---|---|
| ...੭ ਅਵਤਾਰ ਧਾਰਿਆ | ੫ ਫਰਵਰੀ |
| ...ਮ ਭਗਤ ਰਵਿਦਾਸ ਜੀ | ੬ ਫਰਵਰੀ |
| ...ਾ ਗੁਰੂ ਕਾ ਕੋਠਾ (ਅੰਮ੍ਰਿਤਸਰ) | ੬ ਫਰਵਰੀ |
| ...ਦੀ ਸਾਕਾ ਸ੍ਰੀ ਨਨਕਾਣਾ ਸਾਹਿਬ | ੨੧ ਫਰਵਰੀ |
| ...ਰਾ | ੧੯ ਫਰਵਰੀ |

...ਗੁਰੂ ਗ੍ਰੰਥ ਸਾਹਿਬ ਵਿਚ ਆਏ ਇਤਿਹਾਸਕ

### ...ਨਾਵਾਂ ਤੇ ਥਾਵਾਂ ਦਾ ਕੋਸ਼

ਮਾਸਟਰ ਮਹਿਤਾਬ ਸਿੰਘ

ਗੁਰੂ ਗ੍ਰੰਥ ਸਾਹਿਬ ਦੀ ਅੰਮ੍ਰਿਤ-ਮਈ ...ਦੇ ਡੂੰਘੇ ਰਹੱਸਾਂ ਨਾਲ ਜੁੜਨ ਲਈ ਮੁੱਢਲੀ ...—ਜਿਸ ਵਿੱਚ ਬਾਣੀ ਵਿੱਚ ਆਏ ਇਤਿਹਾਸਕ ...ਤੀਆਂ ਤੇ ਥਾਵਾਂ ਬਾਰੇ ਪਰਮਾਣਿਕ ਜਾਣਕਾਰੀ ...ਹੈ । ਵੱਡੇ ਅਕਾਰ ਵਿੱਚ, ੫੦-੦੦

### ਭਗਤੀ ਤੇ ਸ਼ਕਤੀ

ਡਾ. ਤਾਰਨ ਸਿੰਘ

...ਧਰਮ ਦੇ ਮੂਲ ਸੰਕਲਪਾਂ ਦੀ ਅਮਿਓਂ ...ਨੀ ਵਿਆਖਿਆ, ਜੋ ਪਾਠਕ ਦੀ ਰੂਹ ਨੂੰ ...ਵੀ ਕਰਦੀ ਹੈ ਤੇ ਉਸਦੇ ਗਿਆਨ ਦਾ ...ਵੀ । ਸੁੰਦਰ ਰੂਪ ਵਿੱਚ, ੫੦ ਰੁਪਏ

| | | | |
|---|---|---|---|
| ਸੰਮਤ ਬਿਕ੍ਰਮੀ | ੨੦੪੯ | ਸੰਗਰਾਂਦ | ੧੨ ਫਰਵਰੀ |
| ਸੰ: ਨਾਨਕਸ਼ਾਹੀ | ੫੨੪ | ਪੂਰਨਮਾਸ਼ੀ | ੬ ਫਰਵਰੀ |
| ਸੰਮਤ ਖਾਲਸਾ | ੨੯੪ | ਮਸਿਆ | ੨੧ ਫਰਵਰੀ |
| ਸੰਮਤ ਸ਼ਾਕਾ | ੧੯੧੪ | ਪੰਚਮੀ | ੨੬ ਫਰਵਰੀ |

# ਫ਼ਰਵਰੀ ੯੩

## FEBRUARY 93

| | | | | | |
|---|---|---|---|---|---|
| ਐਤ SUNDAY | * | ੭ ੨੬ ਮਾਘ ਫਗਣ ਵ: ੧ | ੧੪ ੩ ਫਗਣ ਫਗਣ ਵਦੀ ੮ | ੨੧ ੧੦ ਫਗਣ ਮਸਿਆ | ੨੮ ੧੭ ਫਗਣ ਫਗਣ ਸੁਦੀ ੬ |
| ਸੋਮ MONDAY | ੧ ੨੦ ਮਾਘ ਮਾਘ ਸੁਦੀ ੯ | ੮ ੨੭ ਮਾਘ ਫਗਣ ਵਦੀ ੨ | ੧੫ ੪ ਫਗਣ ਫਗਣ ਵਦੀ ੯ | ੨੨ ੧੧ ਫਗਣ ਫਗਣ ਸੁਦੀ ੧ | * |
| ਮੰਗਲ TUESDAY | ੨ ੨੧ ਮਾਘ ਮਾਘ ਸੁਦੀ੧੦ | ੯ ੨੮ ਮਾਘ ਫਗਣ ਵ: ੩ | ੧੬ ੫ ਫਗਣ ਫਗਣ ਵ: ੧੦ | ੨੩ ੧੨ ਫਗਣ ਫਗਣ ਸੁਦੀ ੨ | * |
| ਬੁਧ WEDNESDAY | ੩ ੨੨ ਮਾਘ ਮਾਘ ਸੁਦੀ੧੧ | ੧੦ ੨੯ ਮਾਘ ਫਗਣ ਵਦੀ ੪ | ੧੭ ੬ ਫਗਣ ਫਗਣ ਵ: ੧੧ | ੨੪ ੧੩ ਫਗਣ ਫਗਣ ਸੁਦੀ ੩ | * |
| ਵੀਰ THURSDAY | ੪ ੨੩ ਮਾਘ ਮਾਘ ਸੁਦੀ੧੨ | ੧੧ ੩੦ ਮਾਘ ਫਗਣ ਵਦੀ ੫ | ੧੮ ੭ ਫਗਣ ਫਗਣ ਵ: ੧੨ | ੨੫ ੧੪ ਫਗਣ ਫਗਣ ਸੁਦੀ ੪ | * |
| ਸ਼ੁਕਰ FRIDAY | ੫ ੨੪ ਮਾਘ ਮਾਘ ਸੁਦੀ੧੩ | ੧੨ ੧ ਫਗਣ ਫਗਣ ਵ: ੬ | ੧੯ ੮ ਫਗਣ ਫਗਣ ਵ: ੧੩ | ੨੬ ੧੫ ਫਗਣ ਫਗਣ ਸੁਦੀ ੫ | * |
| ਸ਼ਨੀ SATURDAY | ੬ ੨੫ ਮਾਘ ਮਾ:ਸੁ:੧੪,ਪੂ: | ੧੩ ੨ ਫਗਣ ਫਗਣ ਵਦੀ ੭ | ੨੦ ੯ ਫਗਣ ਫਗਣ ਵ: ੧੪ | ੨੭ ੧੬ ਫਗਣ ਫਗਣ ਸੁਦੀ ੬ | * |

ਗੋਵਿੰਦ ਸਿੰਘ ਨਿਰਮਲ ਉਦਾਸੀ ਕ੍ਰਿਤ

### ਇਤਿਹਾਸ ਗੁਰੂ ਖ਼ਾਲਸਾ

(ਅਨੁ: ਸੰਪਾ: ਪ੍ਰਿਥੀਪਾਲ ਸਿੰਘ ਕਪੂਰ)

ਗੁਰੂ ਨਾਨਕ ਸਾਹਿਬ ਤੋਂ ਸਿੱਖ ਮਿਸਲਾਂ ਤੱਕ ਦੇ ਸਿੱਖ-ਇਤਿਹਾਸ ਦਾ ਅਨੁਵਾਦਿਤ ਸੰਸਕਰਣ, ਜੋ ਇਕ ਨਿਰਮਲੇ-ਉਦਾਸੀ ਵਿਦਵਾਨ ਵੱਲੋਂ ੧੯੨੫ ਵਿੱਚ ਲਿਖਿਆ ਗਿਆ ਸੀ ।

ਵੱਡੇ ਅਕਾਰ ਤੇ ਸੋਹਣੀ ਦਿੱਖ ਵਿੱਚ, ੧੬੦ ਰੁਪਏ

### ਗੁਰ-ਸੰਦੇਸ਼

ਡਾ. ਰਤਨ ਸਿੰਘ ਜੱਗੀ

ਗੁਰੂ ਸਾਹਿਬ ਦੇ ਮਾਨਵ-ਕਲਿਆਣਕਾਰੀ ਉਪਦੇਸ਼ਾਂ ਦੀ ਪ੍ਰਭਾਵਸ਼ਾਲੀ ਵਿਆਖਿਆ ।

ਮੁੱਲ ੪੦ ਰੁਪਏ

### ਗੁਰਮਤੀ ਕਦਰਾਂ

ਪ੍ਰੋ. ਗੁਰਮੁਖ ਸਿੰਘ

ਗੁਰਮਤਿ ਦੀਆਂ ਸਰਵੁੱਚ ਕਦਰਾਂ-ਕੀਮਤਾਂ ਦੀ ਵਿਆਖਿਆ, ਜੋ ਮਾਦੀ ਦੁਨੀਆ ਦੇ ਤਪਦੇ ਹਿਰਦਿਆਂ ਵਿੱਚ ਠੰਢ ਵਰਤਾਂਦੀਆਂ ਹਨ ।

ਮੁੱਲ ੪੦ ਰੁਪਏ

### ਗੁਰੂ ਕੀਆਂ ਸਾਖੀਆਂ

(ਸੰ: ਪਿਆਰਾ ਸਿੰਘ ਪਦਮ)

ਗੁਰੂ ਹਰਿਗੋਬਿੰਦ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਤੱਕ ਦਾ ਭੱਟ-ਵਹੀਆਂ 'ਤੇ ਆਧਾਰਿਤ ਸਿਲਸਲੇਵਾਰ ਸੰਮਤ-ਮਿਤੀਆਂ ਸਹਿਤ ਇਤਿਹਾਸ, ਜੋ ਗੁਰ-ਇਤਿਹਾਸ ਦੀਆਂ ਅਨੇਕਾਂ ਗੁੰਝਲਾਂ ਹੱਲ ਕਰਦਾ ਹੈ । ਸੁੰਦਰ ਰੂਪ, ੫੦ ਰੁਪਏ

### ਬਚਿਤ੍ਰ ਨਾਟਕ ਸਟੀਕ

ਟੀਕਾਕਾਰ ਜੇ. ਪੀ. ਸੰਗਤ ਸਿੰਘ

ਗੁਰੂ ਗੋਬਿੰਦ ਸਿੰਘ ਜੀ ਦੀ 'ਅਪਨੀ ਕਥਾ' ਸੁਖੈਨ ਟੀਕੇ ਸਹਿਤ ।

ਪੇਪਰ-ਬੈਕ ੨੦-੦੦ ਡੀਲਕਸ ੫੦-੦੦

ਪੁਸਤਕਾਂ ਮੰਗਵਾਣ ਦਾ ਪਤਾ— **ਸਿੰਘ ਬ੍ਰਦਰਜ਼** ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਫ਼ੋਨ 45787
S. C. O. 98. ਸਿਟੀ ਸੈਂਟਰ, ਸਾਹਮਣੇ ਬੱਸ ਸਟੈਂਡ, ਅੰਮ੍ਰਿਤਸਰ ਫੋਨ 43965

www.AKJ.Org

## ...ੇ ਕਮਾਲ ਗੁਰੂ ਗੋਬਿੰਦ ਸਿੰਘ ਜੀ
(ਦੌਲਤ ਰਾਏ ਦੀਆਂ ਨਜ਼ਰਾਂ ਵਿਚ)

...ਖਿਤੀ ਵਲਵਲੇ ਭਰਪੂਰ ਹੈ, ਸ਼ਰਧਾ ਤੇ ...ਰ-ਭਰਪੂਰ ਹੈ । ਲਾ: ਦੌਲਤ ਰਾਏ ਨੇ ...ੀ ਦੇ ਜੀਵਨ ਦੇ ਵਧ ਤੋਂ ਵਧ ਪੱਖਾਂ ਨੂੰ ...ਮਿਹਨਤ ਦੇ ਨਾਲ ਚਿਤਰਿਆ ਹੈ। ਲਾਲਾ ... ਗੁਰੂ ਜੀ ਦੇ ਜੀਵਨ ਦੀਆਂ ਕਈ ...ਵਾਂ ਨੂੰ ਇਸ ਨਿਰਭੈਤਾ ਨਾਲ ਲਿਖਿਆ ...ਪੜ੍ਹ ਕੇ ਸਤਿਕਾਰ ਨਾਲ ਸਿਰ ਝੁਕ ਜਾਂਦਾ

ਪੰਜਾਬੀ ੧੨-੦੦

...੧੨-੦੦, ਉਰਦੂ ੯-੦੦ ਅੰਗ੍ਰੇਜ਼ੀ ੧੫-੦੦

## ਸਰਵੋਤਮ ਧਰਮ ਗ੍ਰੰਥ
## ਸ੍ਰੀ ਗੁਰੂ ਗ੍ਰੰਥ ਸਾਹਿਬ ਤੇ
## ...ਰਵੋਤਮ ਧਰਮ : ਖਾਲਸਾ ਪੰਥ

...ਤ ਆਚਾਰਯ ਵੇਦ-ਸ਼ਾਸਤਰੀ ਸਵਾਮੀ ...ਹਿਤ ਦੰਡੀ ਸੰਨਿਆਸੀ ਲਿਖਤ ਦੋ ਲੇਖਾਂ ...ਗੁਹਿ ਜਿਨ੍ਹਾਂ ਵਿਚ ਅਨੇਕਾਂ ਹਵਾਲਿਆਂ ...ਠਨਾਵਾਂ ਦੁਆਰਾ ਗੁਰੂ ਗ੍ਰੰਥ ਸਾਹਿਬ ਤੇ ... ਪੰਥ ਦੀ ਸਰਵੋਤਮਤਾ ਨੂੰ ਦ੍ਰਿੜ੍ਹਾਇਆ ਹੈ। ਪੰਨੇ ੧੨੦, ਭੇਟਾ ਕੇਵਲ ੪-੦੦

## ਸ੍ਰੀ ਹੇਮਕੁੰਟ ਦਰਸ਼ਨ

...ਤਾਰਾ ਸਿੰਘ ਜੀ ਦੀ ਇਹ ਛੋਟੀ ਜਿਹੀ ... ਰਚਨਾ ਆਪਣੀ ਭਾਂਤ ਦੀ ਇਕੋ ਇਕ ... ਹੈ, ਜੋ ਸ੍ਰੀ ਹੇਮਕੁੰਟ ਦੇ ਪਵਿੱਤਰ ਅਸਥਾਨ ... ਵੱਖ ਪੱਖਾਂ ਤੋਂ ਸਾਡੇ ਸਾਹਮਣੇ ਲਿਆਉਂਦੀ

ਪੰਜਾਬੀ ੩ ੦੦, ਹਿੰਦੀ ੩-੦੦
ਅੰਗਰੇਜ਼ੀ ੩-੦੦

...ਆਰਾ ਪਾ: ੬ ਸ੍ਰੀ ਨਗਰ ਦੇ ਦਰਸ਼ਨ ਅਤੇ

## ਸਮਾਜ ਸੁਧਾਰ

...ਰਤਾਰ ਸਿੰਘ ਜੀ ਕੋਮਲ ਲਿਖਤ ਪੁਸਤਕ ...ਗੁ: ਪਾ: ਛੇਵੀਂ ਨੂੰ ਮਹੰਤ-ਸ਼ਾਹੀ ਤੋਂ ਮੁਕਤ ...ਣ ਲਈ ਘੋਲ ਅਤੇ ਸਮਾਜ ਸੁਧਾਰ ਦੇ ਵਖ ...ਪਹਿਲੂਆਂ ਤੇ ਖੋਜ ਭਰੀ ਵਾਕਫ਼ੀ ਦਿਤੀ ਹੋਈ

ਮੁੱਲ ੨੫-੦੦, ਲਾ: ਐ: ੩੦-੦੦

## ਮੂਲ ਮੰਤਰ ਫ਼ਿਲਾਸਫ਼ੀ
(ਗਿਆਨੀ ਕਰਤਾਰ ਸਿੰਘ ਸਰਹੱਦੀ)

ਇਸ ਪੁਸਤਕ ਵਿਚ ਗੁਰਮਤਿ ਦ੍ਰਿੜਾਏ ਬ੍ਰਹਮ-ਸਰੂਪ ਦੀ ਸਰਲ ਤੇ ਪ੍ਰਭਾਵਸ਼ਾਲੀ ਵਿਆਖਿਆ ਕੀਤੀ ਗਈ ਹੈ। ਪੁਸਤਕ ਦੇ ਦੂਸਰੇ ਭਾਗ ਵਿਚ ਬਾਰਹਮਾਹ ਮਾਝ ਦੀ ਅਗੰਮੀ ਤੇ ਰਹੱਸਮਈ ਕਥਾ ਵੀ ਦਰਜ ਹੈ।

ਵੱਡਾ ਸਾਈਜ਼, ਸਜਿਲਦ, ਭੇਟਾ ੯੧ ਰੁਪਏ

## ਸਿੱਖ ਧਰਮ ਤੇ ਮਾਸ ਸ਼ਰਾਬ

ਸ: ਜੇ. ਪੀ. ਸੰਗਤ ਸਿੰਘ ਜੀ ਨੇ ਇਸ ਪੁਸਤਕ ਵਿਚ ਗੁਰਮਤਿ ਦੀ ਰੌਸ਼ਨੀ ਵਿਚ ਗੁਰਬਾਣੀ ਤੇ ਗੁਰ-ਇਤਿਹਾਸ ਦੇ ਆਧਾਰ ਤੇ ਬੜੇ ਸੁਚੱਜੇ ਢੰਗ ਨਾਲ ਸਿਧ ਕੀਤਾ ਹੈ ਕਿ ਮਾਸ ਤੇ ਸ਼ਰਾਬ ਦੀ ਸਿੱਖ ਧਰਮ ਵਿਚ ਕੀ ਥਾਂ ਹੈ ?

ਸਜਿਲਦ ੨੦-੦੦

## ਗੁਰਬਾਣੀ ਸੰਖਿਆ ਕੋਸ਼

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਅੰਕੜਿਆਂ ਵਾਲੀਆਂ ਤੁਕਾਂ ਦੇ ਸਰਲ ਅਰਥ ਇਸ ਕੋਸ਼ ਵਿਚ ਦਿਤੇ ਗਏ ਹਨ।

ਸਜਿਲਦ ੪-੫੦

## ਬੱਬਰ ਅਕਾਲੀ ਲਹਿਰ

(ਭਾ: ਸੁੰਦਰ ਸਿੰਘ ਬੱਬਰ ਤੇ ਗਿ: ਹੀਰਾ ਸਿੰਘ ਦਰਦ) ਬੱਬਰ ਲਹਿਰ ਦੇ ਸੂਰਬੀਰ ਯੋਧਿਆਂ ਤੇ ਅਮਰ ਸ਼ਹੀਦਾਂ ਦੇ ਖ਼ੂਨ ਉਬਾਲਣ ਵਾਲੇ ਸਹੀ ਹਾਲਾਤ। ਬੱਬਰਾਂ ਦੀ ਨਿਡਰਤਾ, ਬਹਾਦਰੀ, ਸਚਾਈ, ਦੇਸ਼ ਭਗਤੀ, ਕੁਰਬਾਨੀ ਤੇ ਉਚੇ ਆਚਰਨ ਦੇ ਮੂੰਹ-ਬੋਲਦੇ ਚਿਤਰ ਜਿਨ੍ਹਾਂ ਨੇ ਜ਼ੁਲਮ ਦੇ ਥੰਮ੍ਹ ਹਿਲਾ ਦਿਤੇ।

ਵਧੀਆ ਜਿਲਦ ਸਮੇਤ ੧੬-੫੦

## ਪ੍ਰੇਮ ਮਈ ਬੇਨਤੀ

ਵਾਹਿਗੁਰੂ ਸਾਡਾ ਸੱਚਾ ਪਿਤਾ ਹੈ ਤੇ ਅਸੀਂ ਸਾਰੇ ਉਸ ਦੇ ਬਾਲਕ ਹਾਂ। ਇਹ ਗੁਟਕਾ ਹੈ ਅਸਾਂ ਬਾਲਕਾਂ ਲਈ। ਇਸ ਵਿਚ ਪ੍ਰਭੂ ਪਿਤਾ ਪਾਸ ਪ੍ਰੇਮ-ਮਈ ਬੇਨਤੀ ਦੇ ੧੫੨ ਸ਼ਬਦ ਹਨ।

ਸਜਿਲਦ ੪-੫੦

## ਬਲੁ ਹੋਆ ਬੰਧਨ ਛੁਟੇ

ਬਲਬੀਰ ਸਿੰਘ ਸੰਧੂ ਅਤੇ ਚਰਨ ਸਿੰਘ ਗਿਲ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨੂੰ ਵਖ ਵਖ ਪਖਾਂ ਤੋਂ ਬੜੇ ਸੁਖੈਨ ਰੂਪ ਵਿਚ ੧੦ ਪ੍ਰਸੰਗਾਂ ਰਾਹੀਂ ਪੇਸ਼ ਕੀਤਾ ਹੈ। ਲਿਖਣ ਢੰਗ ਅਤੇ ਬੋਲੀ ਇੰਨੀ ਸਪਸ਼ਟ ਹੈ ਕਿ ਪੁਸਤਕ ਅਗੇ ਪੜ੍ਹਨ ਨੂੰ ਜੀਅ ਕਰਦਾ ਹੈ।

ਭੇਟਾ ੨੦)

## ਰਤੇ ਇਸ਼ਕ ਖੁਦਾਇ

ਸ: ਦਾਨ ਸਿੰਘ ਕੋਮਲ ਨੇ ਦਸ ਗੁਰੂ ਸਾਹਿਬਾਨ ਦੇ ਇਤਿਹਾਸ ਨੂੰ ਅਤੇ ਸ਼ਹੀਦੀ ਸਾਕਿਆਂ ਨੂੰ ਸਰਲ ਕਵਿਤਾਵਾਂ ਵਿਚ ਬੜੀ ਖ਼ੂਬੀ ਨਾਲ ਮਿਠੀ ਬੋਲੀ ਵਿਚ ਪੇਸ਼ ਕੀਤਾ ਹੈ।

ਸ: ਵਿਧਾਤਾ ਸਿੰਘ ਜੀ ਤੀਰ ਲਿਖਦੇ ਹਨ— ਮੈਨੂੰ ਮਾਣ ਹੈ ਕਿ ਮੇਰਾ ਸ਼ਿਸ਼ 'ਕੋਮਲ' ਕੋਮਲ ਨਾਮ ਵਾਲਾ, ਕੋਮਲ ਦਿਲ ਵਾਲਾ, ਪਵਿੱਤ੍ਰ ਭਾਵਨਾ ਨਾਲ, ਸਿਖੀ ਦੀ, ਪੰਥ ਦੀ ਤੇ ਦੇਸ਼ ਦੀ ਸੇਵਾ ਆਪਣੀ ਕਲਮ-ਕਲਾ ਰਾਹੀਂ ਕਰ ਰਿਹਾ ਹੈ।

ਸਫ਼ੇ ੧੪੪, ਸੁੰਦਰ ਜਿਲਦ, ਭੇਟਾ ੧੦-੦੦

## ਕਲਗੀ ਦੀਆਂ ਅਣੀਆਂ

ਪੰਜਾਬੀ ਦੇ ਸੁਪ੍ਰਸਿਧ ਕਹਾਣੀਕਾਰ ਸੁਜਾਨ ਸਿੰਘ ਨੇ ਕਲਗੀਧਰ ਪਾਤਸ਼ਾਹ ਦੀਆਂ ਜੀਵਨ-ਸਾਖੀਆਂ ਨੂੰ ਯਥਾਰਥਕ ਢੰਗ ਨਾਲ ਸ਼ਰਧਾ ਸਹਿਤ ਅੰਕਿਤ ਕੀਤਾ ਹੈ। ਕਹਾਣੀ-ਕਲਾ ਪੱਖੋਂ ਉੱਤਮ ਇਹ ਕਹਾਣੀਆਂ ਸਤਿਗੁਰੂ ਜੀ ਦੀ ਬਹੁ-ਪੱਖੀ ਸ਼ਖ਼ਸੀਅਤ ਦੇ ਨੇੜਿਓਂ ਦਰਸ਼ਨ ਕਰਨ ਵਿਚ ਸਹਾਈ ਹੁੰਦੀਆਂ ਹਨ।

ਸਜਿਲਦ ੧੫-੦੦

## ਅਮਰ-ਗੁਰ ਰਿਸ਼ਮਾਂ

ਪ੍ਰਿੰ: ਸੁਜਾਨ ਸਿੰਘ ਜੀ ਨੇ "ਅਮਰ ਗੁਰ ਰਿਸ਼ਮਾਂ" ਵਿਚ ਗੁਰੂ ਅਮਰਦਾਸ ਜੀ ਦੀਆਂ ਜੀਵਨ-ਸਾਖੀਆਂ ਨੂੰ ਬੜੇ ਸੁਚੱਜੇ ਤੇ ਸੁਆਦਲੇ ਢੰਗ ਨਾਲ ਪੇਸ਼ ਕੀਤਾ ਹੈ। ਪੁਸਤਕ ਪੜ੍ਹ ਕੇ ਪਾਠਕ ਦਾ ਸੀਸ ਅਦਬ ਨਾਲ ਝੁਕ ਜਾਂਦਾ ਹੈ।

ਸਜਿਲਦ ੬-੦੦

## ਗਿਆਨੀ ਤ੍ਰਿਲੋਕ ਸਿੰਘ ਰਚਿਤ
### ਇਤਿਹਾਸਕ ਨਾਵਲ

| | |
|---|---|
| ਗੁਰਦਾਸ ਨੰਗਲ ਦੇ ਸ਼ਹੀਦ | ੧੨-੦੧ |
| ਮਹਾਰਾਣੀ ਜਿੰਦਾਂ | ੧੫-੦੦ |
| ਮਹਾਰਾਣੀ ਚੰਦ ਕੌਰ | ੧੦-੦੦ |
| ਸਿੱਖ ਰਾਜ ਦੀਆਂ ਸ਼ਾਮਾਂ | ੧੫-੦੦ |
| ਭਾਈ ਤਾਰੂ ਸਿੰਘ ਸ਼ਹੀਦ | ੧੦-੦੦ |
| ਭਾਈ ਮਨੀ ਸਿੰਘ ਸ਼ਹੀਦ | ੧੦-੦੦ |
| ਜੰਗ ਚਮਕੌਰ | ੧੦-੦੦ |
| ਮਾਛੀਵਾੜਾ | ੧੦-੦੦ |
| ਮੁਕਤਸਰ | ੧੦-੦੦ |
| ਭਾਈ ਘਨਈਆ ਜੀ | ੧੦-੦੦ |
| ਲਹੂ ਸ਼ਹੀਦਾਂ ਦਾ | ੧੬-੦੦ |
| ਗੁਰੂ ਕਾ ਬਾਗ | ੧੦-੦੦ |
| ਸ਼ਹੀਦ ਸਿੰਘਣੀਆਂ | ੧੦-੦੦ |
| ਭਾਈ ਲਾਲੋ ਜੀ | ੧੦-੦੦ |
| ਦੁਖ ਭੰਜਨੀ | ੧੫-੦੦ |
| ਭਗਤ ਸਿੰਘ ਸ਼ਹੀਦ | ੨੦-੦੦ |
| ਜਲ੍ਹਿਆਂ ਵਾਲਾ ਬਾਗ | ੧੫-੦੦ |
| ਹਰਿਮੰਦਰ ਸਾਹਿਬ | ੧੦-੦੦ |
| ਯੁਧ ਭੰਗਾਣੀ | ੧੦-੦੦ |
| ਮਾਤਾ ਗੁਜਰੀ ਜੀ | ੨੦-੦੦ |
| ਸ਼ਮਸ਼ੇਰ ਕੌਰ | ੧੨-੦੦ |
| ਬਹਾਦਰ ਸਦਾ ਕੌਰ | ੧੫-੦੦ |
| ਅਣਖੀਲਾ ਜਰਨੈਲ | ੨੦-੦੦ |
| ਗੋਲੀ ਚਲਦੀ ਗਈ | ੩੫-੦੦ |
| ਬਹਾਦਰ ਸ਼ਰਨ ਕੌਰ | ੨੦-੦੦ |

## ਗਿਆਨੀ ਅਮਰ ਸਿੰਘ ਲਿਖਤ

| | | | |
|---|---|---|---|
| ਬਾਬਾ ਬੁੱਢਾ ਜੀ | ੧੦-੦੦ | | |
| ਬਹਾਦਰ ਬਘੇਲ ਕੌਰ | ੧੫-੦੦ | | |
| ਭਾਈ ਮੰਝ ਜੀ | ੧੦-੦੦ | | |
| ਪੂਰੇ ਗੁਰ ਕੀ ਵਡਿਆਈ | ੨੫-੦੦ | | |
| ਆਤਮਾ ਦੀ ਪੁਕਾਰ | ੨੦-੦੦ | | |
| ਬ੍ਰਹਮ ਗਿਆਨੀ | ੨੦-੦੦ | ਸੱਚੀ ਪਾਤਸ਼ਾਹ | ੧੦-੦੦ |
| ਕਲਜੁਗ | ੨੦-੦੦ | ਬੀਬੀ ਰਜਨੀ | ੧੦-੦੦ |

ਪੁਸਤਕਾਂ ਮੰਗਵਾਉਣ ਦਾ ਪਤਾ— **ਸਿੰਘ ਬ੍ਰਦਰਜ਼** ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਫ਼ੋਨ 45787


www.AKJ.Org

ਚਰ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥
ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥
ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥
ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ
॥ ਜਲਿ ਥਲਿ ਮਹੀਅਲਿ ਪੂਰਿਆ ਰਵਿਆ
ਵਣਾ ॥ ਸੋ ਪ੍ਰਭੁ ਚਿਤਿ ਨ ਆਵਈ ਕਿਤੜਾ
ਗਣਾ ॥ ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ
॥ ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ
ਸ ਮਨਾ ॥ ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ
ਲਗਾ ॥੨॥

## ਗੁਰਪੁਰਬ, ਦਿਨ ਦਿਹਾਰ ਤੇ ਛੁੱਟੀਆਂ

| | |
|---|---|
| : ੭ ਗੁਰਿਆਈ ਮਿਲੀ | ੨੦ ਮਾਰਚ |
| : ੩ ਗੁਰਿਆਈ ਮਿਲੀ | ੨੪ ਮਾਰਚ |
| : ੨ ਜੋਤੀ ਜੋਤਿ ਸਮਾਏ | ੨੭ ਮਾਰਚ |
| : ੬ ਜੋਤੀ ਜੋਤਿ ਸਮਾਏ | ੨੮ ਮਾਰਚ |
| ਲਾ ਮਹੱਲਾ | ੯ ਮਾਰਚ |
| ਦੁਲ ਫਿਤਰ | ੨੫ ਮਾਰਚ |
| ਤ ਬਿਕ੍ਰਮੀ ੨੦੫੦ ਸ਼ੁਰੂ | ੨੪ ਮਾਰਚ |

## ਵਡੇ ਕੀਆਂ ਵਡਿਆਈਆਂ

ਪ੍ਰਿੰਸੀਪਲ ਸੁਜਾਨ ਸਿੰਘ

ਵਿਚ ਗੁਰੂ-ਬਾਬੇ ਨਾਨਕ ਦੀਆਂ ਜੀਵਨ-ਸਾਖੀਆਂ ਤੀਆਂ ਰੌਚਿਕ ਤੇ ਪ੍ਰਭਾਵਸ਼ਾਲੀ ੨੦ ਕਹਾਣੀਆਂ ਰਾ ਪੇਸ਼ ਕੀਤਾ ਗਿਆ ਹੈ, ਜਿਨ੍ਹਾਂ ਨੂੰ ਪੜ੍ਹ ਕੇ ਬਾਬੇ ਦੀ ਅਦੁੱਤੀ ਸ਼ਖ਼ਸੀਅਤ ਅੱਗੇ ਸਿਰ ਜਾਂਦਾ ਹੈ। ਮੁੱਲ ੩੫-੦੦

## ਹਜ਼ੂਰੀ ਲੈਕਚਰ ੧

ਮਾਨ ਸਿੰਘ ਝੌਰ

ਸਿੱਖ-ਵਕਤਾ ਦੇ ਲੇਖਾਂ ਦਾ ਅਦੁੱਤੀ ; ਜੋ ਸਤਿਗੁਰੂ ਦੇ ਵਿਸ਼ਾਲ ਗੁਣਾਂ ਨੂੰ ਅਨੇਕਾਂ ਤਾਂ ਤੇ ਕਾਟਵੀਆਂ ਦਲੀਲਾਂ ਰਾਹੀਂ ਦਾ ਹੈ। ਮੁੱਲ ੩੫-੦੦

| | |
|---|---|
| ਸੰਮਤ ਬਿਕ੍ਰਮੀ | ੨੦੪੯-੫੦ |
| ਸੰ: ਨਾਨਕਸ਼ਾਹੀ | ੫੨੪ |
| ਸੰਮਤ ਖਾਲਸਾ | ੨੯੪ |
| ਸੰਮਤ ਸ਼ਾਕਾ | ੧੯੧੪-੧੫ |

# ਮਾਰਚ ੯੩
# MARCH 93

| | |
|---|---|
| ਸੰਗਰਾਂਦ | ੧੪ ਮਾਰਚ |
| ਪੂਰਨਮਾਸ਼ੀ | ੮ ਮਾਰਚ |
| ਮਸਿਆ | ੨੩ ਮਾਰਚ |
| ਪੰਚਮੀ | ੨੮ ਮਾਰਚ |

| | | | | | |
|---|---|---|---|---|---|
| ਐਤ SUNDAY | ※ | ੭ ੨੪ ਫਗਣ ਫਗਣ ਸੁ:੧੪ | ੧੪ ੧ ਚੇਤਰ ਚੇਤਰ ਵਦੀ ੭ | ੨੧ ੮ ਚੇਤਰ ਚੇਤਰ ਵ: ੧੩ | ੨੮ ੧੫ ਚੇਤਰ ਚੇਤਰ ਸੁਦੀ ੫ |
| ਸੋਮ MONDAY | ੧ ੧੮ ਫਗਣ ਫਗਣ ਸੁਦੀ ੭ | ੮ ੨੫ ਫਗਣ ਪੂਰਨਮਾਸ਼ੀ | ੧੫ ੨ ਚੇਤਰ ਚੇਤਰ ਵਦੀ ੮ | ੨੨ ੯ ਚੇਤਰ ਚੇਤਰ ਵ: ੧੪ | ੨੯ ੧੬ ਚੇਤਰ ਚੇਤਰ ਸੁਦੀ ੬ |
| ਮੰਗਲ TUESDAY | ੨ ੧੯ ਫਗਣ ਫਗਣ ਸੁਦੀ ੮ | ੯ ੨੬ ਫਗਣ ਚੇਤਰ ਵਦੀ ੧ | ੧੬ ੩ ਚੇਤਰ ਚੇਤਰ ਵਦੀ ੯ | ੨੩ ੧੦ ਚੇਤਰ ਮਸਿਆ | ੩੦ ੧੭ ਚੇਤਰ ਚੇਤਰ ਸੁਦੀ ੭ |
| ਬੁਧ WEDNESDAY | ੩ ੨੦ ਫਗਣ ਫਗਣ ਸੁਦੀ ੯ | ੧੦ ੨੭ ਫਗਣ ਚੇਤਰ ਵ: ੨-੩ | ੧੭ ੪ ਚੇਤਰ ਚੇਤਰ ਵ: ੧੦ | ੨੪ ੧੧ ਚੇਤਰ ਚੇਤਰ ਸੁਦੀ ੧ | ੩੧ ੧੮ ਚੇਤਰ ਚੇਤਰ ਸੁਦੀ ੮ |
| ਵੀਰ THURSDAY | ੪ ੨੧ ਫਗਣ ਫ: ਸੁ:੧੦-੧੧ | ੧੧ ੨੮ ਫਗਣ ਚੇਤਰ ਵਦੀ ੪ | ੧੮ ੫ ਚੇਤਰ ਚੇਤਰ ਵ: ੧੧ | ੨੫ ੧੨ ਚੇਤਰ ਚੇਤਰ ਸੁਦੀ ੨ | ※ |
| ਸ਼ੁਕਰ FRIDAY | ੫ ੨੨ ਫਗਣ ਫਗਣ ਸੁ: ੧੨ | ੧੨ ੨੯ ਫਗਣ ਚੇਤਰ ਵਦੀ ੫ | ੧੯ ੬ ਚੇਤਰ ਚੇਤਰ ਵ: ੧੨ | ੨੬ ੧੩ ਚੇਤਰ ਚੇਤਰ ਸੁਦੀ ੩ | ※ |
| ਸ਼ਨੀ SATURDAY | ੬ ੨੩ ਫਗਣ ਫਗਣ ਸੁ: ੧੩ | ੧੩ ੩੦ ਫਗਣ ਚੇਤਰ ਵਦੀ ੬ | ੨੦ ੭ ਚੇਤਰ ਚੇਤਰ ਵ: ੧੩ | ੨੭ ੧੪ ਚੇਤਰ ਚੇਤਰ ਸੁਦੀ ੪ | ※ |

## ਅਰਦਾਸ

(ਦਰਸ਼ਨ, ਰੂਪ ਤੇ ਅਭਿਆਸ)

ਡਾ. ਜਸਵੰਤ ਸਿੰਘ ਨੇਕੀ

ਵਿਦਵਾਨ ਲੇਖਕ ਨੇ ਇਸ ਪੁਸਤਕ ਵਿੱਚ ਸਿਖ ਅਰਦਾਸ ਸੰਬੰਧੀ ਦਾਰਸ਼ਨਿਕ ਤੇ ਇਤਿਹਾਸਕ ਪੱਖਾਂ ਤੋਂ ਵਿਸਤ੍ਰਿਤ ਵਿਚਾਰ ਦੇਣ ਉਪਰੰਤ ਅਰਦਾਸ ਦੀਆਂ ਮੰਜ਼ਲਾਂ ਤੇ ਮਾਨਸਿਕ ਗੁੰਝਲਾਂ ਵਰਗੇ ਅਹਿਮ ਤੇ ਸੂਖਮ ਨੁਕਤਿਆਂ 'ਤੇ ਵਿਚਾਰ ਦਰਜ ਕਰ ਕੇ ਸਿੱਖ-ਸਾਹਿਤ ਵਿੱਚ ਬੇਮਿਸਾਲ, ਠੋਸ ਤੇ ਨਿੱਗਰ ਵਾਧਾ ਕੀਤਾ ਹੈ। ਪੁਸਤਕ ਬਾਰੇ ਕੁਝ ਅਨੁਭਵੀ ਪਾਠਕਾਂ ਦੇ ਵਿਚਾਰ ਇਹ ਹਨ :

— ਇਹ ਪੁਸਤਕ ਹਰ ਸਿੱਖ ਘਰਾਣੇ ਵਿੱਚ ਪੁੱਜਣੀ ਚਾਹੀਦੀ ਹੈ।
— ਕਈ ਦਹਾਕਿਆਂ ਬਾਦ ਏਡੀ ਵਧੀਆ ਕਿਤਾਬ ਪੜ੍ਹਨ ਨੂੰ ਮਿਲੀ ਹੈ।
— ਇਸ ਪੁਸਤਕ ਦੀ ਸੇਧ ਵਿਚ ਸਿੱਖ-ਜਗਤ ਅਰਦਾਸ ਵਿੱਚ ਜੁੜ ਕੇ ਮੌਜੂਦਾ ਸੰਤਾਪ-ਸਥਿਤੀ ਤੋਂ ਮੁਕਤ ਹੋ ਸਕਦਾ ਹੈ।

ਪੰਨੇ ੩੫੭, ਵਡਾ ਸਾਈਜ਼, ਭੇਟਾ ੮੦-੦੦

## ਸਿੱਖ ਸਿਧਾਂਤ : ਸਰੂਪ ਤੇ ਸਮਰੱਥਾ

ਡਾ. ਜੋਧ ਸਿੰਘ

ਗੁਰਮਤਿ ਦੇ ਮੂਲ ਸੰਕਲਪਾਂ ਦੀ ਪ੍ਰੌਢ ਤੇ ਪ੍ਰਭਾਵਸ਼ਾਲੀ ਵਿਆਖਿਆ, ਜੋ ਭਾਰਤੀ ਪ੍ਰਸੰਗ ਵਿੱਚ ਸਿੱਖ ਧਰਮ ਦੀ ਸਰਵੁੱਚਤਾ ਨੂੰ ਵੀ ਸਥਾਪਤ ਕਰਦੀ ਹੈ। ਸੋਹਣੇ ਰੂਪ ਵਿੱਚ ੬੦ ਰੁਪਏ

## ਬਹੁ-ਮੁੱਲੇ ਇਤਿਹਾਸਕ ਲੇਖ

(ਸੰਪਾਦਕ : ਕਰਮ ਸਿੰਘ ਹਿਸਟੋਰੀਅਨ)

ਇਹ ਸੰਗ੍ਰਹਿ ਸਿੱਖ-ਇਤਿਹਾਸ ਦੀਆਂ ਉਲਝੀਆਂ ਤੰਦਾਂ ਨੂੰ ਸੁਲਝਾਣ ਦਾ ਪਹਿਲਾ ਵਸਤੂ-ਨਿਸ਼ਠ ਜਤਨ ਹੈ। ਪਰਮਾਣਿਕ ਹਵਾਲਿਆਂ ਨਾਲ ਭਰਪੂਰ ਇਹ ਲੇਖ ਇਤਿਹਾਸ-ਖੋਜੀਆਂ ਲਈ ਚਾਨਣ-ਮੁਨਾਰਾ ਹਨ ਅਤੇ ਨਵੇਂ ਦਿਲਚਸਪ ਵਿਚਾਰਾਂ ਨਾਲ ਭਰਪੂਰ ਹੋਣ ਕਰਕੇ ਆਮ ਪਾਠਕਾਂ ਨੂੰ ਸਿੱਖ ਇਤਿਹਾਸ ਪ੍ਰਤਿ ਜਾਗਰੂਕ ਕਰਦੇ ਹਨ। ਸੁੰਦਰ ਰੂਪ ਵਿਚ, ਭੇਟਾ ੧੨੫-੦੦

ਪੁਸਤਕਾਂ ਮੰਗਵਾਣ ਦਾ ਪਤਾ— **ਸਿੰਘ ਬ੍ਰਦਰਜ਼** ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਫ਼ੋਨ 45787
S. C. O. 98, ਸਿਟੀ ਸੈਂਟਰ, ਸਾਹਮਣੇ ਬੱਸ ਸਟੈਂਡ, ਅੰਮ੍ਰਿਤਸਰ ਫ਼ੋਨ 43965

www.AKJ.Org

## ...kh Gurdwaras Legislation

*(All India Perspective)*

Dr. Kashmir Singh

...contains the historical back-...nd, importance and desirability ...e All India Sikh Gurdwaras ...slation. It attempts to allay the ...unded apprehensions that such ...islation will be prejudicial to ...nterests of any individual or of ...community or of the country. ...proposed draft has been appen-... to give it wider publicity.

Well-bound. Price Rs 90-00

## SIKH IDEOLOGY

Daljit Singh I.A.S. (Retd)

...author compares the SiKh ...sophical thoughts with the ...emporary Religious Systems ...establishes most convincingly ...the idea of social responsi-... forms an integral part of the ...ual attributes of the ideal man ...ikhism which lacks in other ...ious systems. Rs. 50/-

## HYMNS FROM ... GURDAS'S COMPOSITIONS (...BIND SINGH MANSUKHANI)

...volume includes 100 Hymns ...e renowned Sikh Scholar along ... a treatise on his life and ...s The text of the Hymns is ... Gurmukhi and Roman scirpts ... with Its English translation.

Well-bound, Price Rs. 25/-

## ਪ੍ਰੋ: ਪਿਆਰਾ ਸਿੰਘ ਪਦਮ

ਪਦਮ ਜੀ ਨੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਗੌਰਵ-ਭਰੇ ਵਿਰਸੇ ਨੂੰ ਉਜਾਗਰ ਕਰਨ ਲਈ ਲਗਾਤਾਰ ਚਾਰ ਦਹਾਕਿਆ ਤੋਂ ਆਪਣੀ ਖੋਜ ਅਤੇ ਕਲਮ ਦੇ ਸਦਕੇ ਕਈ ਦਰਜਨਾਂ ਮਹੱਤਵ-ਪੂਰਨ ਅਨਮੋਲ ਪੁਸਤਕਾਂ ਪੰਜਾਬੀ ਜਗਤ ਨੂੰ ਭੇਟਾ ਕੀਤੀਆਂ ਹਨ। ਆਪ ਨੇ ਸਾਰੇ ਦੇਸ਼ ਦਾ ਭ੍ਰਮਣ ਕਰ ਕੇ ਦਰਜਨਾਂ ਲਾਇਬ੍ਰੇਰੀਆਂ ਵਿਚੋਂ ਸੈਂਕੜੇ ਪ੍ਰਾਚੀਨ ਹੱਥ-ਲਿਖਤਾਂ ਦਾ ਅਧਿਐਨ ਕਰ ਕੇ ਪੰਜਾਬੀ ਸਾਹਿਤ ਦੀ ਪੁਰਾਤਨ ਪਰੰਪਰਾ ਦੇ ਕਈ ਵੱਡ-ਮੁੱਲੇ ਗ੍ਰੰਥਾਂ ਦਾ ਸੰਪਾਦਨ ਕਰ ਕੇ ਮਹੱਤਵਪੂਰਣ ਯੋਗਦਾਨ ਦਿੱਤਾ ਹੈ। ਪ੍ਰੋਫੈਸਰ ਪਦਮ ਉਨ੍ਹਾਂ ਵਿਰਲੇ ਵਿਦਵਾਨਾਂ ਵਿਚੋਂ ਹਨ ਜਿਨ੍ਹਾਂ ਨੇ ਸਿੱਖ ਧਰਮ ਬਾਰੇ ਆਧੁਨਿਕ ਦ੍ਰਿਸ਼ਟੀਕੋਣ ਤੋਂ ਉੱਚ ਪੱਧਰ ਦੀ ਦਾਰਸ਼ਨਿਕ ਪੱਧਰ ਦੀ ਖੋਜ ਕੀਤੀ ਹੈ। ਆਪ ਦੀਆਂ ਕੁਝ ਮਹੱਤਵਪੂਰਨ ਪੁਸਤਕਾਂ ਇਹ ਹਨ :

| | |
|---|---|
| ਗੁਰੂ ਕੀਆਂ ਸਾਖੀਆਂ | ੫੦-੦੦ |
| ਸ੍ਰੀ ਗੁਰੂ ਗ੍ਰੰਥ ਪ੍ਰਕਾਸ਼ | ੧੦੦-੦੦ |
| ਸੰਖੇਪ ਸਿੱਖ ਇਤਿਹਾਸ | ੧੦੦-੦੦ |
| ਦਸਮ ਗ੍ਰੰਥ ਦਰਸ਼ਨ | ੮੦-੦੦ |
| ਗੋਬਿੰਦ ਸਾਗਰ | ੧੦੦-੦੦ |
| ਪੰਜਾਬੀ ਵਾਰਾਂ | ੪੦-੦੦ |
| ਰਹਿਤਨਾਮੇ | ੩੦-੦੦ |
| ਜ਼ਫਰਨਾਮਾ | ੧੦-੦੦ |
| ਕਲਾਮ ਭਾਈ ਨੰਦ ਲਾਲ | ੧੨-੦੦ |
| ਪਰਚੀ ਪਾਤਸ਼ਾਹੀ ੧੦ | ੧੫-੦੦ |
| ਸਾਡੇ ਗੁਰਦੇਵ | ੧੫-੦੦ |
| ਪ੍ਰਾਚੀਨ ਪੰਜਾਬੀ ਗੱਦ | ੧੫-੦੦ |
| ਪੰਜਾਬੀ ਸਾਹਿਤ ਦੀ ਰੂਪ ਰੇਖਾ | ੧੫-੦੦ |
| ਗੁਰਮੁਖੀ ਲਿੱਪੀ ਦਾ ਇਤਿਹਾਸ | ੧੨-੦੦ |
| ਕਲਮ ਦੇ ਚਮਤਕਾਰ | ੨੦-੦੦ |
| ਕਲਮ ਦੇ ਧਨੀ (ਦੋ ਭਾਗ) | ੩੦-੦੦ |
| ਪੰਜਾਬੀ ਮਹਾਰਾਜਾ | ੧੦-੦੦ |

## ਡਾ. ਤਾਰਨ ਸਿੰਘ

ਡਾਕਟਰ ਤਾਰਨ ਸਿੰਘ ਸਿੱਖ ਧਰਮ ਦੇ ਗੰਭੀਰ ਚਿੰਤਕ ਸਨ। ਆਪ ਨੇ ਆਪਣੀ ਲੇਖਣੀ ਰਾਹੀਂ ਅਧਿਆਤਮ ਖੇਤਰ ਦੇ ਬੜੇ ਪੇਚੀਦਾ ਅਤੇ ਮਹੱਤਵ-ਪੂਰਨ ਸੰਕਲਪਾਂ ਨੂੰ ਬੜੀ ਸਰਲ ਤੇ ਸਾਦਾ ਭਾਸ਼ਾ-ਸ਼ੈਲੀ ਵਿੱਚ ਸਪੱਸ਼ਟ ਕਰਨ ਦਾ ਯਤਨ ਕੀਤਾ। ਡਾਕਟਰ ਸਾਹਿਬ ਦੀ ਲਿਖਤ ਦਾ ਮੂਲ ਆਧਾਰ ਗੁਰਬਾਣੀ ਹੈ, ਅਧਿਐਨ-ਦ੍ਰਿਸ਼ਟੀ ਸਤਿਵਾਦੀ ਤੇ ਵਿਸ਼ਲੇਸ਼ਣੀ ਹੈ। ਕਾਵਿ-ਮਈ ਉਡਾਰੀਆਂ ਉਨ੍ਹਾਂ ਦੀ ਲਿਖਤ ਨੂੰ ਰੌਚਿਕ ਤੇ ਰਸਮਈ ਬਣਾਂਦੀਆਂ ਹਨ। ਉਨ੍ਹਾਂ ਦੀ ਵਿਸ਼ਲੇਸ਼ਣ-ਵਿਧੀ ਤਾਰਕਿਕ ਹੈ, ਪਰ ਕਿਤੇ ਵੀ ਅਸ਼ਰਧਕ ਨਹੀਂ। ਆਪ ਦੀਆਂ ਮਹੱਤਵਪੂਰਨ ਲਿਖਤਾਂ ਇਹ ਹਨ :

| | |
|---|---|
| ਭਗਤੀ ਤੇ ਸ਼ਕਤੀ | ੫੦-੦੦ |
| ਸਿੱਖ ਧਰਮ ਦੇ ਰਹਿਸ ਤੇ ਰਮਜ਼ | ੪੫-੦੦ |
| ਬਾਰਹਮਾਹਾ ਦਰਪਣ | ੩੦-੦੦ |
| ਨਾਮੁ ਨਿਧਾਨੁ | ੩੦-੦੦ |
| ਨੇਮ ਤੇ ਪ੍ਰੇਮ | ੪੫-੦੦ |
| ਗੁਰ ਦੀਪਕ | ੩੦-੦੦ |
| ਸਹਿਜ ਤੇ ਅਨੰਦ | ੩੦-੦੦ |
| ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ | ੬੨-੦੦ |
| ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ | ੬੦-੦੦ |
| ਗੁਰੂ ਨਾਨਕ ਬਾਣੀ ਪ੍ਰਕਾਸ਼ ਦੋ ਭਾਗ | ੧੫੦-੦੦ |
| ਅਨੰਦ ਜੁਗਤਿ ਤੇ ਜੁਗਤਿ | ੧੮-੦੦ |

## 'ਸੂਰਾ' ਮਾਸਕ ਪੱਤਰ, ਅੰਮ੍ਰਿਤਸਰ

ਇਸ ਨਿਰੋਲ ਧਾਰਮਕ ਪੱਤਰ ਵਿਚ ਦਸ ਗੁਰੂ ਸਾਹਿਬਾਨ ਦੇ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿਖਿਆਵਾਂ ਅਤੇ ਆਦਰਸ਼ਕ ਸਿੱਖੀ ਜੀਵਨ ਦੀ ਜਾਚ ਅਪਣਾਉਣ ਦੀ ਪ੍ਰੇਰਨਾ ਹੁੰਦੀ ਹੈ। ਨੌਜਆਨਾਂ ਨੂੰ ਕੁਸੰਗਤ ਤੋਂ ਬਚਣ ਤੇ ਸ਼ੁਭ ਗੁਣਾਂ ਦੇ ਧਾਰਨੀ ਹੋਣ ਦੀ ਪ੍ਰੇਰਨਾ ਮਿਲਦੀ ਹੈ। ਗੁਰਸਿਖੀ ਰਹਿਤ ਰਹਿਣੀ ਵਿਚ ਸੁਰਜੀਤ ਰਹਿ ਕੇ ਸੇਵਾ-ਸਿਮਰਨ ਲਈ ਪ੍ਰੇਰਨਾ ਮਿਲਦੀ ਹੈ।

ਸਾਲਾਨਾ ਚੰਦਾ ਭੇਜਣ ਲਈ ਪਤਾ :
'ਸੂਰਾ' ਮਾਸਕ ਪੱਤਰ
੩੯੦ ਦਸਮੇਸ਼ ਕਲਾਥ ਮਾਰਕੀਟ,
ਅਜੀਤ ਨਗਰ, ਅੰਮ੍ਰਿਤਸਰ

## ਕੀ ਤੁਹਾਡੇ

ਮਹਿਮਾਨ ਤੁਹਾਡੇ ਬਣਾਏ ਖਾਣੇ ਦੀ ਪ੍ਰਸ਼ੰਸਾ ਨਹੀਂ ਕਰਦੇ ?

## ਕੀ ਤੁਸੀਂ

ਚਾਹੁੰਦੇ ਹੋ ਕਿ ਤੁਹਾਡੇ ਬਣਾਏ ਖਾਣੇ ਮਹਿਮਾਨ ਉਂਗਲਾਂ ਟੁੱਕ-ਟੁੱਕ ਕੇ ਖਾਣ ?

## ਕੀ ਤੁਹਾਨੂੰ

ਖਾਣਾ ਬਣਾਣ ਲੱਗਿਆਂ ਹਮੇਸ਼ਾ ਝੁਰਨਾ ਪੈਂਦੇ ਕਿ ਹੋਰ ਕੀ ਬਣਾਵਾਂ ?

## ਤਾਂ ਫਿਰ

ਮਾਧਵੀ ਦੀਕਸ਼ਤ ਲਿਖਤ ੨੫੦ ਕਿਸਮ ਦੇ ਲਜ਼ੀਜ਼ ਸ਼ਾਕਾਹਾਰੀ ਖਾਣੇ ਬਣਾਣ ਦੀ ਕੁਕਰੀ-ਬੁਕ

## □ ਰਸੋਈ □

ਹਰ ਵੇਲੇ ਆਪਣੇ ਕੋਲ ਰਖੋ।
ਬਹੁ-ਰੰਗੇ ਚਿਤਰਾਂ ਸਹਿਤ ਪ੍ਰਭਾਵਸ਼ਾਲੀ ਦਿੱਖ ਵਿੱਚ
ਕੀਮਤ ੧੦੦-੦੦

## ਚਿੰਤਾ-ਰੋਗ : ਕਾਰਨ ਤੇ ਉਪਾਅ

(ਡਾਕਟਰ ਸਰੂਪ ਸਿੰਘ ਮਰਵਾਹ)

ਸੋਹਣੇ ਜੀਵਨ ਨੂੰ ਨਰਕ ਬਣਾਣ ਵਾਲੀਆਂ ਮਨ ਦੀਆਂ ਗੁੰਝਲਾਂ ਨੂੰ ਹੱਲ ਕਰਨ ਲਈ ਇਕ ਮਨੋ-ਚਕਿਤਸਕ ਵੱਲੋਂ ਲਿਖੀ ਪੁਸਤਕ, ਜੋ ਪੜ੍ਹਨ-ਸਮਝਣ ਤੇ ਅਮਲ ਵਿੱਚ ਲਿਆਉਣ ਲਈ ਬਹੁਤ ਆਸਾਨ ਹੈ। ਕੀਮਤ ੩੦ ਰੁਪਏ

ਪੁਸਤਕਾਂ ਮੰਗਵਾਣ ਦਾ ਪਤਾ— **ਸਿੰਘ ਬ੍ਰਦਰਜ਼** ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਫ਼ੋਨ 45787
S. C. O. 98, ਸਿਟੀ ਸੈਂਟਰ, ਸਾਹਮਣੇ ਬੱਸ ਸਟੈਂਡ, ਅੰਮ੍ਰਿਤਸਰ ਫ਼ੋਨ 43965

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ
ੁ ॥ ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ
ਆ ਧੋਹੁ ॥ ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ
ਨਾਥਾਂ ਓਹੁ । ਪਲਚਿ ਪਲਚਿ ਸਗਲੀ ਮੁਈ
ਧਿ ਮੋਹੁ ॥ ਇਕਸੁ ਹਰਿ ਕੇ ਨਾਮ ਬਿਨੁ ਅਗੈ
ਅਹਿ ਖੋਹਿ ॥ ਦਯੁ ਵਿਸਾਰਿ ਵਿਗੁਚਣਾ ਪ੍ਰਭ
ਅਵਰੁ ਨ ਕੋਇ ॥ ਪ੍ਰੀਤਮ ਚਰਣੀ ਜੋ ਲਗੇ
ਕੀ ਨਿਰਮਲ ਸੋਇ ॥ ਨਾਨਕ ਕੀ ਪ੍ਰਭ ਬੇਨਤੀ
ਮਲਹੁ ਪਰਾਪਤਿ ਹੋਇ ॥ ਵੈਸਾਖੁ ਸੁਹਾਵਾ ਤਾਂ
ਜਾ ਸੰਤੁ ਭੇਟੈ ਹਰਿ ਸੋਇ ॥੩॥

## ਰਪੁਰਬ, ਦਿਨ ਦਿਹਾਰ ਤੇ ਛੁੱਟੀਆਂ

| | |
|---|---|
| ੯ ਗੁਰਿਆਈ ਮਿਲੀ | ੫ ਅਪ੍ਰੈਲ |
| ੮ ਜੋਤੀ ਜੋਤਿ ਸਮਾਏ | ੫ ਅਪ੍ਰੈਲ |
| ੯ ਅਵਤਾਰ ਧਾਰਿਆ | ੧੧ ਅਪ੍ਰੈਲ |
| ੫ ਅਵਤਾਰ ਧਾਰਿਆ | ੧੩ ਅਪ੍ਰੈਲ |
| ੨ ਅਵਤਾਰ ਧਾਰਿਆ | ੨੨ ਅਪ੍ਰੈਲ |
| ਖੀਤੁ ਖਾਲਸਾ ਸੰਮਤ ੨੯੫ ਸ਼ੁਰੂ | ੧੩ ਅਪ੍ਰੈਲ |
